# ਵਿਗਿਆਨ ਜੋਤ

**ਸਾਲ 10, ਅੰਕ 6**

ਨਵੰਬਰ-ਦਸੰਬਰ, 2015

**PUNPUN/2006/17457**



ਮੁੱਖ ਸੰਪਾਦਕ: ਮੇਘ ਰਾਜ ਮਿੱਤਰ

ਸੰਪਾਦਕ: ਅਜਮੇਰ ਸਿੱਧੂ
ਰਣਜੀਤ ਝਨੇਰ

ਮੁੱਖ ਪ੍ਰਬੰਧਕ: ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ਵਿੱਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਕਿਸਮਤ ਕਿਸ ਦੇ ਹੱਥ ਹੈ ?



ਅਸੀਂ ਤਰਕਸ਼ੀਲ ਪਿਛਲੇ 31 ਵਰ੍ਹਿਆਂ ਤੋਂ ਪਿੰਡ-ਪਿੰਡ ਜਾ ਕੇ ਹੋਕਾ ਦੇ ਰਹੇ ਹਾਂ ਕਿ ਸਾਡੀ ਸਭ ਦੀ ਕਿਸਮਤ ਰਾਜਸੱਤਾ ਦੇ ਹੱਥ ਵਿਚ ਹੁੰਦੀ ਹੈ। ਸੱਤਾ ਕਿਸੇ ਵੀ ਦੇਸ਼ ਨੂੰ ਬਰਬਾਦ ਕਰ ਸਕਦੀ ਹੈ ਜਾਂ ਖ਼ੁਸ਼ਹਾਲ ਕਰ ਸਕਦੀ ਹੈ। ਇਸ ਸਮੇਂ ਪੰਜਾਬ ਦੀ ਅਕਾਲੀ-ਭਾਜਪਾ ਅਤੇ ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਲੋਕਾਂ ਨੂੰ ਕਿਵੇਂ ਤਬਾਹੀ ਦੇ ਕਿਨਾਰੇ ਪਹੁੰਚਾਇਆ ਹੈ, ਇਸ ਦੀਆਂ ਕੁੱਝ ਉਦਾਹਰਣਾਂ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ।

ਪੰਜਾਬ ਦੀ ਬਹੁਤੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਅਤੇ ਪਿੰਡਾਂ ਦੀ ਗਿਣਤੀ ਲਗਭਗ ਸਾਢੇ ਤੇਰਾਂ ਹਜ਼ਾਰ ਹੈ। ਹਰੇਕ ਪਿੰਡ ਵਿਚ ਤੀਹ ਤੋਂ ਚਾਲੀ ਤਕ ਪਰਿਵਾਰ ਅਜਿਹੇ ਹਨ, ਜਿਹੜੇ ਜ਼ਮੀਨਾਂ ਠੇਕੇ ਜਾਂ ਚੁਕੌਤੇ 'ਤੇ ਲੈ ਕੇ ਖੇਤੀ ਕਰਦੇ ਹਨ। ਅਕਾਲੀ-ਭਾਜਪਾ ਸਰਕਾਰ ਦੇ ਕੁੱਝ ਮੰਤਰੀਆਂ ਨੇ ਅਫ਼ਸਰਸ਼ਾਹੀ ਨਾਲ ਮਿਲ ਕੇ ਕਪਾਹ ਦੇ ਨਕਲੀ ਬੀਜ ਅਤੇ ਨਕਲੀ ਦਵਾਈਆਂ ਲੋਕਾਂ ਨੂੰ ਵੰਡੀਆਂ ਜਾਂ ਸੁਝਾਈਆਂ ਹਨ, ਜਿਸ ਕਾਰਨ ਨਰਮੇ ਦੀ ਫ਼ਸਲ ਨੂੰ ਚਿੱਟੇ ਮੱਛਰ ਨੇ ਖਾ ਲਿਆ। ਇਸ ਤਰ੍ਹਾਂ ਲਗਭਗ ਦੋ ਲੱਖ ਦੇ ਕਰੀਬ ਪਰਿਵਾਰਾਂ ਨੂੰ ਬਰਬਾਦੀ ਦੇ ਕੰਢੇ ਪਹੁੰਚਾ ਦਿੱਤਾ ਗਿਆ।

ਇਸ ਤਰ੍ਹਾਂ ਹੀ ਰੇਤ ਮਾਫ਼ੀਆ ਰਾਹੀਂ ਰੇਤ ਦੀ ਥੁੜ੍ਹ ਪੈਦਾ ਕਰ ਕੇ ਲਗਭਗ ਤਿੰਨ ਸਾਲ ਇੱਥੇ ਇਮਾਰਤ ਉਸਾਰੀ ਦਾ ਕੰਮ ਬੰਦ ਕਰ ਦਿੱਤਾ ਗਿਆ। ਇਸ ਨਾਲ ਇਮਾਰਤ ਉਸਾਰੀ ਵਿਚ ਜੁਟੇ ਮਿਸਤਰੀ ਅਤੇ ਮਜ਼ਦੂਰ ਲਗਭਗ ਤਿੰਨ ਸਾਲ ਵਿਹਲੇ ਬੈਠ ਕੇ ਖਾਂਦੇ ਰਹੇ। ਇਸ ਤਰ੍ਹਾਂ ਉਹ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਗਏ। ਇਹ ਆਰਥਿਕ ਮੰਦਵਾੜਾ ਸਰਕਾਰੀ ਜਾਂ ਸਿਆਸੀ ਵਿਅਕਤੀਆਂ ਨੇ ਆਪਣੇ ਨਿੱਜੀ ਮੁਫ਼ਾਦ ਲਈ ਪੈਦਾ ਕੀਤਾ ਸੀ।

ਪੰਜਾਬ ਵਿਚ ਸਰਕਾਰੀ ਸ਼ਹਿ 'ਤੇ ਨਸ਼ੇ ਦਾ ਵੱਡਾ ਕਾਰੋਬਾਰ ਚੱਲ ਰਿਹਾ ਹੈ। ਹਰੇਕ ਪਿੰਡ ਅਤੇ ਸ਼ਹਿਰ ਦੇ ਚਾਲੀ-ਪੰਜਾਹ ਨੌਜਵਾਨ ਨਸ਼ੇ ਦੇ ਆਦੀ ਬਣਾ ਦਿੱਤੇ ਗਏ ਹਨ। ਇਸ ਤਰ੍ਹਾਂ ਚਾਰ-ਪੰਜ ਲੱਖ ਪਰਿਵਾਰ ਇਨ੍ਹਾਂ ਨੌਜਵਾਨਾਂ ਨੂੰ ਬਚਾਉਣ ਅਤੇ ਸੁਧਾਰਨ ਲਈ ਯਤਨਸ਼ੀਲ ਹਨ, ਪਰ ਨਸ਼ੇ ਦੀ ਆਮਦ ਅਜੇ ਵੀ ਨਿਰਵਿਘਨ ਜਾਰੀ ਹੈ।

ਕੇਬਲ ਨੈੱਟਵਰਕ 'ਤੇ ਕਾਬਜ਼ ਹੋ ਕੇ ਲੋਕਾਂ ਨੂੰ ਘਟੀਆ ਦਵਾਈਆਂ ਅਤੇ ਘਟੀਆ ਵੈਦ-ਹਕੀਮਾਂ ਅਤੇ ਸਾਧਾਂ-ਸੰਤਾਂ ਦੇ ਲੜ ਲਾਇਆ ਜਾ ਰਿਹਾ ਹੈ। ਇਸ਼ਤਿਹਾਰਬਾਜ਼ੀ ਰਾਹੀਂ ਕਰੋੜਾਂ ਰੁਪਏ ਇਕੱਠੇ ਕੀਤੇ ਜਾ ਰਹੇ ਹਨ। ਲੋਕ ਅਜਿਹੀਆਂ ਦਵਾਈਆਂ ਖਾ-ਖਾ ਕੇ ਪੈਸੇ ਲੁਟਾ ਰਹੇ ਹਨ ਅਤੇ ਸਿਹਤਾਂ ਦਾ ਸਤਿਆਨਾਸ਼ ਕਰ ਰਹੇ ਹਨ। ਇਸ ਤਰ੍ਹਾਂ ਇਹ ਸਾਰਾ ਕੁੱਝ ਸਰਕਾਰੀ ਸ਼ਹਿ 'ਤੇ ਹੋ ਰਿਹਾ ਹੈ। ਇਹੀ ਹਾਲ ਵਿੱਦਿਅਕ ਸੰਸਥਾਵਾਂ ਦਾ ਹੈ। ਸਰਕਾਰ ਨੇ ਆਮ ਲੋਕਾਂ, ਖ਼ਾਸ ਕਰ ਕੇ ਦਲਿਤਾਂ ਲਈ ਤਾਂ ਸਿੱਖਿਆ ਦੇ ਬੂਹੇ ਭੇੜ ਲਏ ਹਨ। ਸਕੂਲਾਂ ਲਈ ਲੋੜੀਂਦਾ ਸਾਮਾਨ ਅਤੇ ਅਧਿਆਪਕ ਮੁਹੱਈਆ ਨਾ ਕਰਵਾ ਕੇ ਨਿੱਜੀ ਸੰਸਥਾਵਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਸ਼ਹਿਰਾਂ ਦੀ ਗੱਲ ਕੀਤੀ ਜਾਵੇ ਤਾਂ ਕਦੀ ਬਿਜਲੀ ਸੰਕਟ, ਕਦੇ ਕੋਇਲੇ ਦੀ ਕਮੀ ਨਾਲ ਲੋਹਾ ਮਿੱਲਾਂ, ਸਾਈਕਲ ਅਤੇ ਹੌਜ਼ਰੀ ਵਰਗੀਆਂ ਸਨਅੱਤਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ। ਇਸ ਦੇ ਸਿੱਟੇ ਵਜੋਂ ਦਰਮਿਆਨੇ ਕਾਰਖ਼ਾਨੇ ਤਾਂ ਬੰਦ ਹੋ ਚੁੱਕੇ ਹਨ ਅਤੇ ਇਨ੍ਹਾਂ ਸਨਅੱਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਘਰ ਭੁੱਖ ਪਸਰ ਰਹੀ ਹੈ। ਜਾਇਦਾਦ ਟੈਕਸ ਅਤੇ ਬਿਜਲੀ ਦੇ ਟੈਕਸਾਂ ਰਾਹੀਂ ਲੋਕਾਂ ਦਾ ਕਚੂੰਬਰ ਕੱਢਿਆ ਜਾ ਰਿਹਾ ਹੈ। ਪੰਜਾਬ ਦੇ ਲੋਕ ਗੁਆਂਢੀ ਸੂਬਿਆਂ ਨਾਲੋਂ ਸਭ ਤੋਂ ਵੱਧ ਟੈਕਸਾਂ ਦੀ ਮਾਰ ਝੱਲ ਰਹੇ ਹਨ। ਅੱਠ-ਅੱਠ, ਦਸ-ਦਸ ਵਰ੍ਹਿਆਂ ਤੋਂ ਚਿੱਟਫੰਡ ਕੰਪਨੀਆਂ ਲੋਕਾਂ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ, ਪਰ ਸਰਕਾਰ ਦੀ ਅੱਖ ਨਹੀਂ ਖੁੱਲ੍ਹਦੀ। ਕੀ ਸਰਕਾਰ ਜਦੋਂ ਅਜਿਹੀਆਂ ਕੰਪਨੀਆਂ ਪੈਦਾ ਹੁੰਦੀਆਂ ਹਨ, ਉਸੇ ਸਮੇਂ ਉਨ੍ਹਾਂ ਦੀ ਪੜਤਾਲ ਨਹੀਂ ਕਰਦੀ? ਇਸ ਤਰ੍ਹਾਂ ਪ੍ਰਾਪਰਟੀ ਕਾਰੋਬਾਰ ਵਿਚ ਕੀਤਾ ਜਾ ਰਿਹਾ ਹੈ। ਜਿਹੜੀਆਂ ਥਾਵਾਂ 'ਤੇ ਸਿਆਸਦਾਨਾਂ ਜਾਂ ਅਫ਼ਸਰਾਂ ਦੀਆਂ ਆਪਣੀਆਂ ਜ਼ਮੀਨਾਂ ਹਨ, ਉਹਨਾਂ ਦੇ ਆਲੇ-ਦੁਆਲੇ ਦੇ ਵਿਕਾਸ ਲਈ ਸਰਕਾਰੀ ਖ਼ਜ਼ਾਨਿਆਂ ਦੇ ਮੂੰਹ ਖੋਲ੍ਹ ਦਿੱਤੇ ਗਏ ਹਨ, ਪਰ ਹੋਰਾਂ ਲਈ ਸਰਕਾਰੀ ਖ਼ਜ਼ਾਨੇ ਖਾਲੀ। ਬਾਦਲ ਪਰਿਵਾਰ ਨੇ ਆਪਣੀ ਟਰਾਂਸਪੋਰਟ ਨੂੰ ਫ਼ਾਇਦਾ ਪਹੁੰਚਾਉਣ ਲਈ ਯੋਜਨਾਬੱਧ ਢੰਗ ਨਾਲ ਸਰਕਾਰੀ ਟਰਾਂਸਪੋਰਟ ਨੂੰ ਤਬਾਹੀ ਦੇ ਕਿਨਾਰੇ ਲਿਆ ਖੜ੍ਹਾ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਸਰਕਾਰੀ ਹਸਪਤਾਲਾਂ ਲਈ ਘਟੀਆ ਅਤੇ ਮਿਆਦ ਵਿਹਾ ਚੁੱਕੀਆਂ ਦਵਾਈਆਂ ਦੀ ਸਪਲਾਈ ਕਰ ਕੇ ਪ੍ਰਾਈਵੇਟ ਹਸਪਤਾਲਾਂ ਨੂੰ ਫ਼ਾਇਦਾ ਪਹੁੰਚਾਇਆ ਜਾ ਰਿਹਾ ਹੈ।

ਉਪਰੋਕਤ ਸਾਰੀਆਂ ਗੱਲਾਂ ਦਰਸਾ ਰਹੀਆਂ ਹਨ ਕਿ ਆਉਣ ਵਾਲੇ ਦਿਨਾਂ ਵਿਚ ਪਰਿਵਾਰਾਂ ਦੀ ਆਰਥਿਕ ਦਸ਼ਾ ਵਿਗੜ ਜਾਵੇਗੀ, ਜਿਸ ਨਾਲ ਘਰਾਂ ਵਿਚ ਜ਼ਿਆਦਾ ਪਿੱਟ-ਸਿਆਪੇ ਪੈਣਗੇ ਅਤੇ ਦੇਣਦਾਰਾਂ ਅਤੇ ਲੈਣਦਾਰਾਂ ਵਿਚ ਝਗੜੇ ਖੜ੍ਹੇ ਹੋਣਗੇ। ਕਤਲਾਂ ਅਤੇ ਖ਼ੁਦਕੁਸ਼ੀਆਂ ਦੀ ਗਿਣਤੀ ਵਧੇਗੀ। ਬਹੁਤ ਸਾਰੇ ਲੋਕ ਮਾਨਸਿਕ ਵਿਗਾੜਾਂ ਦਾ ਸ਼ਿਕਾਰ ਹੋਣਗੇ ਅਤੇ ਨਸ਼ਿਆਂ ਵੱਲ ਨੂੰ ਵਧਣਗੇ। ਇਸ ਲਈ ਲੋਕਾਂ ਨੂੰ ਆਪਣੀਆਂ ਕਿਸਮਤਾਂ ਦੇ ਖ਼ੁਦ ਰਚਨਹਾਰੇ ਹੋਣਾ ਹੀ ਪਵੇਗਾ। ਜਥੇਬੰਦਕ ਸੰਘਰਸ਼ਾਂ ਦੀ ਲੋੜ ਮਹਿਸੂਸ ਹੋਵੇਗੀ। ਇਹ ਹੀ ਇਸ ਸਮੱਸਿਆ ਦਾ ਹੱਲ ਹੋਵੇਗਾ।

**-ਮੇਘ ਰਾਜ ਮਿੱਤਰ**

# ਯਾਦਾਂ ਦੇ ਝਰੋਖੇ ’ਚੋਂ...



ਮੇਘ ਰਾਜ ਮਿੱਤਰ
ਫੋਨ ਨੰ: 98887-87440

## ✪ ਕਲਬੁਰਗੀ ਦੀ ਮੌਤ ਬਾਰੇ

ਕਰਨਾਟਕ ਵਿਚ ਬੋਲੀ ਜਾਂਦੀ ਕੰਨ੍ਹੜ ਭਾਸ਼ਾ ਦੇ ਬਹੁਤ ਹੀ ਪ੍ਰਸਿੱਧ ਲੇਖਕ ਐਮ.ਐਮ. ਕਲਬੁਰਗੀ ਨੂੰ 30 ਅਗਸਤ 2015 ਨੂੰ ਉਨ੍ਹਾਂ ਦੀ ਰਿਹਾਇਸ਼ ’ਤੇ ਗੋਲੀਆਂ ਮਾਰ ਦਿੱਤੀਆਂ ਗਈਆਂ। ਅੱਠ ਗਿਆਨਪੀਠ ਪੁਰਸਕਾਰ ਜਿੱਤਣ ਵਾਲੇ ਇਹ ਵਿਦਵਾਨ ਹੰਪੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਰਹੇ ਸਨ। ਵਿਦਿਆਰਥੀਆਂ ਅਤੇ ਲੋਕਾਂ ਵਿਚ ਇਨ੍ਹਾਂ ਦੀ ਸ਼ਖ਼ਸੀਅਤ ਲਈ ਬਹੁਤ ਪਿਆਰ ਸੀ। ਕਲਬੁਰਗੀ ਜੀ ਦੀ ਉਮਰ ਭਾਵੇਂ 77 ਸਾਲ ਸੀ, ਪਰ ਫਿਰ ਵੀ ਉਨ੍ਹਾਂ ਦੀ ਕਲਮ ਅੰਧ-ਵਿਸ਼ਵਾਸਾਂ ਖ਼ਿਲਾਫ਼ ਲਗਾਤਾਰ ਲਿਖ ਰਹੀ ਸੀ। ਹਿੰਦੂ ਕੱਟੜਵਾਦੀ ਖ਼ਾਸ ਕਰਕੇ ਸਨਾਤਨ ਸੰਸਥਾ ਉਨ੍ਹਾਂ ਦੀ ਵਿਚਾਰਧਾਰਾ ਦੀ ਕੱਟੜ ਵਿਰੋਧੀ ਸੀ। ਉਹ ਮੂਰਤੀ ਪੂਜਾ ਨੂੰ ਇਨਸਾਨੀਅਤ ਵਿਰੋਧੀ ਸਮਝਦੇ ਸਨ।




ਕਲਬੁਰਗੀ ਜੀ ਨੇ ਹਮੇਸ਼ਾ ਹੀ ਮੂਰਤੀਆਂ, ਮੰਦਿਰਾਂ ਅਤੇ ਗ੍ਰੰਥਾਂ ਦੀ ਬਜਾਏ ਇਨਸਾਨੀਅਤ ਨੂੰ ਸਤਿਕਾਰਨਾ ਸਿਖਾਇਆ ਹੈ। ਅੱਜ ਅਸੀਂ ਵੇਖਦੇ ਹਾਂ ਕਿ ਧਰਮਾਂ ਦੇ ਸਮਰਥਕ ਗ਼ਰੀਬ ਲੋਕਾਂ ਨਾਲ ਜਾਤ-ਪਾਤ ਦੇ ਨਾਂਅ ਦੇ ਉਪਰ ਘੋਰ ਨਫ਼ਰਤ ਪਾਲ ਰਹੇ ਹਨ। ਇਨ੍ਹਾਂ ਧਾਰਮਿਕ ਵਿਅਕਤੀਆਂ ਦਾ ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨਾਲ ਪਸ਼ੂਆਂ ਵਰਗਾ ਵਿਵਹਾਰ ਹੁੰਦਾ ਹੈ।

ਅਸੀਂ ਚੰਡੀਗੜ੍ਹ, ਲੁਧਿਆਣਾ, ਸੰਗਰੂਰ ਅਤੇ ਬਰਨਾਲਾ ਵਿਚ ਕਲਬੁਰਗੀ ਦੀ ਯਾਦ ਵਿਚ ਰੋਸ ਮੁਜ਼ਾਹਰੇ ਵੀ ਕਰ ਚੁੱਕੇ ਹਾਂ, ਪਰ ਇਹ ਗੱਲ ਸਾਨੂੰ ਪੂਰੀ ਤਰ੍ਹਾਂ ਸਾਫ਼ ਹੈ ਕਿ ਜਿਵੇਂ ਨਰਿੰਦਰ ਦਾਭੋਲਕਰ, ਪਨਸਾਰੇ, ਅਭਿਜੀਤ ਰਾਏ, ਫ਼ਰਜ਼ੰਦਾ, ਸ਼ਾਰਲੀ ਹੈਬਦੋ ਦੇ ਪੱਤਰਕਾਰ ਅਤੇ ਹੋਰ ਬਹੁਤ ਸਾਰੇ ਵਿਦਵਾਨ ਕੱਟੜਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਚੁੱਕੇ ਹਨ, ਇਸ ਤਰ੍ਹਾਂ ਇਹ ਜੰਗ ਅੰਧਵਿਸ਼ਵਾਸਾਂ ਦੇ ਖ਼ਾਤਮੇ ਤਕ ਚਲਦੀ ਹੀ ਰਹਿਣੀ ਹੈ। ਇਸ ਲਈ, ਕਲਬੁਰਗੀ ਜੀ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਬਣਦੀ ਹੈ ਕਿ ਜਾਤਾਂ-ਪਾਤਾਂ ਤੇ ਧਰਮਾਂ ਤੋਂ ਉਪਰ ਉਠਦੇ ਹੋਏ ਸਮੁੱਚੀ ਇਨਸਾਨੀਅਤ ਦੀ ਕਾਇਆਕਲਪ ਕਰਨ ਵਾਲੀ ਸਿਆਸਤ ਅਤੇ ਜਥੇਬੰਦੀਆਂ ਦੇ ਲੜ ਲਗਕੇ ਸੰਘਰਸ਼ ਕਰੀਏ।

## ਮਾਤਮ ਵਿਚ ਬਦਲੀ ਹੱਜ ਯਾਤਰਾ



ਸਤੰਬਰ 2015 ਦੇ ਅਖ਼ੀਰਲੇ ਹਫ਼ਤੇ ਧਰਤੀ ’ਤੇ ਬਹੁਤ ਵੱਡਾ ਦੁਖਾਂਤ ਵਾਪਰਨ ਦਾ ਸਾਨੂੰ ਅਫ਼ਸੋਸ ਹੈ। ਹੱਜ ’ਤੇ ਗਏ 717 ਵਿਅਕਤੀ ਭਾਜੜ ਮੱਚਣ ਕਾਰਨ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ। ਜਿਵੇਂ ਹਿੰਦੂਆਂ ਲਈ ਕੁੰਭ ਮੇਲਾ, ਸਿੱਖਾਂ ਲਈ ਹੋਲਾ-ਮਹੱਲਾ ਹੁੰਦਾ ਹੈ, ਉਸੇ ਤਰ੍ਹਾਂ ਮੁਸਲਮਾਨਾਂ ਲਈ ਇਕ ਵਾਰ ਹੱਜ ’ਤੇ ਜਾਣਾ ਅਤੇ ਸ਼ੈਤਾਨ ਨੂੰ ਪੱਥਰ ਮਾਰਨਾਂ ਬਹੁਤ ਹੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਦੋ-ਤਿੰਨ ਮਹੀਨੇ ਪਹਿਲਾਂ ਮੈਂ ਆਪਣੀ ਕਾਰ ਇਕ ਮਕੈਨਿਕ ਕੋਲੋਂ ਠੀਕ ਕਰਵਾ ਰਿਹਾ ਸੀ। ਮਕੈਨਿਕ ਦੇ ਬਜ਼ੁਰਗ ਪਿਤਾ ਜੀ ਨਾਲ ਮੈਨੂੰ ਕੁੱਝ ਸਮਾਂ ਗੱਲਾਂ ਮਾਰਨ ਦਾ ਮੌਕਾ ਮਿਲ ਗਿਆ। ਮੈਂ ਉਸ ਨਾਲ ਉਸ ਦੇ ਮੂੰਹੋਂ ਉਸ ਦੀ ਜ਼ਿੰਦਗੀ ਦੇ ਤਜਰਬੇ ਸੁਣਨਾ ਚਾਹੁੰਦਾ ਸਾਂ। ਮੈਂ ਉਸ ਨੂੰ ਪੁੱਛਿਆ, “ਤੁਸੀਂ ਸਾਰੀ ਜ਼ਿੰਦਗੀ ਕਾਰਾਂ ਦੀ ਮਕੈਨਿਕੀ ਕੀਤੀ ਹੈ। ਇਸ ਸਬੰਧੀ ਪ੍ਰਾਪਤੀਆਂ ’ਤੇ ਮੈਨੂੰ ਚਾਨਣਾ ਪਾਓ।” ਉਹ ਕਹਿਣ ਲੱਗਿਆ, “ਮੈਂ ਆਪਣੀ ਸਾਰੀ ਜ਼ਿੰਦਗੀ ਸਫ਼ਲ ਕਰ ਲਈ ਹੈ। ਮੈਂ ਅਤੇ ਮੇਰੀ ਪਤਨੀ ਦੋ ਲੱਖ ਰੁਪਏ ਖ਼ਰਚ ਕਰ ਕੇ ਹੱਜ ਦੀ ਯਾਤਰਾ ’ਤੇ ਜਾ ਆਏ ਹਾਂ। ਇਹ ਹੀ ਮੇਰੀ ਜ਼ਿੰਦਗੀ ਦੀ ਖੱਟੀ ਹੈ।” ਫਿਰ ਉਸ ਨੇ ਅਗਾਹਾਂ ਦੱਸਿਆ, “ਹੱਜ ’ਤੇ ਗਏ ਮੁਸਲਮਾਨ ਵੀਰਾਂ ਨੂੰ ਬਹੁਤ ਸਹੂਲਤਾਂ ਮਿਲਦੀਆਂ ਹਨ। ਉਹਨਾਂ ਲਈ ਪਹਿਲਾਂ ਹੀ 15-20 ਦਿਨ ਲਈ ਕਮਰੇ ਬੁੱਕ ਹੋ ਜਾਂਦੇ ਹਨ, ਜਿਨ੍ਹਾਂ ਵਿਚ ਖਾਣ-ਪੀਣ ਦਾ ਰਾਸ਼ਨ ਵੀ ਰੱਖਿਆ ਹੁੰਦਾ ਹੈ ਤਾਂ ਜੋ ਆਉਣ ਵਾਲੇ ਯਾਤਰੀ ਖੁਦ ਬਣਾ ਕੇ ਖਾ ਸਕਣ। ਭਾਵੇਂ ਇਨ੍ਹਾਂ ਸਾਰੀਆਂ ਸਹੂਲਤਾਂ ਦੇ ਪੈਸੇ ਉਹ ਪਹਿਲਾਂ ਹੀ ਵਸੂਲ ਲੈਂਦੇ ਹਨ।” ਮੇਰੇ ਕਹਿਣ ਦਾ ਮਤਲਬ ਹੈ ਕਿ ਉਸ ਭੋਲੇ-ਭਾਲੇ ਵਿਅਕਤੀ ਨੇ ਧਾਰਮਿਕ ਵਿਸ਼ਵਾਸ ਅਧੀਨ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਅਜਿਹੀ ਯਾਤਰਾ ’ਤੇ ਹੀ ਵਹਾ ਦਿੱਤੀ। ਇਸ ਕਮਾਈ ਨਾਲ ਭਾਵੇਂ ਉਹ ਆਪਣੇ ਰਹਿਣ ਲਈ ਇਕ ਕਮਰਾ ਬਣਾ ਸਕਦਾ ਸੀ। ਧਾਰਮਿਕ ਲੋਕ ਕਹਿੰਦੇ ਹਨ, ‘ਜਿਸ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ’। ਧਾਰਮਿਕ ਸਥਾਨਾਂ ’ਤੇ ਗਏ ਵਿਅਕਤੀਆਂ ਦਾ ਮਾਰੇ ਜਾਣਾ ਦਿਲ ਨੂੰ ਜ਼ਿਆਦਾ ਹੀ ਦੁਖੀ ਕਰਦਾ ਹੈ। ਕੋਈ ਧਾਰਮਿਕ ਵਿਅਕਤੀ ਅਜਿਹੇ ਸਮੇਂ ਇਹ ਨਹੀਂ ਕਹਿੰਦਾ ਕਿ ‘ਜਿਸ ਕੋ ਮਾਰੇ ਸਾਈਆਂ, ਰੱਖ ਸਕੇ ਨੇ ਕੋਇ’। ਅਜਿਹੇ ਸਮੇਂ ਜਿਹੜੇ ਬੱਚ ਜਾਂਦੇ ਹਨ, ਉਹ ਅਤੇ ਉਹਨਾਂ ਦੇ ਵਾਰਸ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦੇ ਹਨ, ‘ਉਸ ਨੇ ਹੱਥ ਦੇ ਕੇ ਰੱਖ ਲਿਆ ਹੈ।’ ਜੋ ਮਾਰੇ ਜਾਂਦੇ ਹਨ, ਉਨ੍ਹਾ ਦੇ ਵਾਰਸ ਇਹ ਨਹੀਂ ਕਹਿੰਦੇ ਕਿ ‘ਉਸ ਨੇ ਮਾਰ ਦਿੱਤਾ’। ਇਹ ਗੱਲਾਂ ਸਾਡੇ ਸੋਚਣ ਦਾ ਵਿਸ਼ਾ ਹੈ।


File Photo

ਕਹਾਣੀ

# ਇਕ ਰਾਜਾ ਸੀ

ਇੱਕ ਵਾਰ ਇੱਕ ਰਾਜੇ ਨੇ ਧਰਤੀ ਦੇ ਬਹੁਤ ਵੱਡੇ ਹਿੱਸੇ 'ਤੇ ਕਬਜ਼ਾ ਕੀਤਾ ਹੋਇਆ

ਸੀ। ਇੱਕ ਦਿਨ ਉਸ ਕੋਲ ਇੱਕ ਆਦਮੀ ਆਇਆ। ਉਸ ਨੇ ਰਾਜੇ ਨੂੰ ਕਿਹਾ, "ਰਾਜਾ

ਜੀ , ਤੁਸੀਂ ਤਾਂ ਬਹੁਤ ਮਹਾਨ ਹੋ....। ਤੁਸੀਂ ਇੰਨੇ ਯੁੱਧ ਜਿੱਤੇ ਹਨ....। ਤੁਹਾਨੂੰ ਤਾਂ ਇਨਸਾਨਾਂ ਵਾਲੇ ਕੱਪੜੇ ਨਹੀਂ ਪਾਉਣੇ ਚਾਹੀਦੇ...। ਤੁਹਾਨੂੰ ਤਾਂ ਦੇਵਤਿਆਂ ਵਾਲੇ ਵਸਤਰ ਪਹਿਨਣੇ ਚਾਹੀਦੇ ਹਨ।"

ਰਾਜੇ ਨੇ ਪੁੱਛਿਆ, "ਦੇਵਤਿਆਂ ਦੇ ਵੀ ਕੱਪੜੇ ਹੁੰਦੇ ਨੇ?"

ਆਦਮੀ ਬੋਲਿਆ, "ਹੋਰ ਮਹਾਰਾਜ! ਤੁਹਾਨੂੰ ਕੀ ਲੱਗਦਾ ਕਿ ਉਹ ਨੰਗੇ ਫਿਰਦੇ ਨੇ?"

ਰਾਜੇ ਨੇ ਪੁੱਛਿਆ, "ਕਿਥੋਂ ਮਿਲਣਗੇ ਦੇਵਤਿਆਂ ਦੇ ਕੱਪੜੇ?"

ਆਦਮੀ ਬੋਲਿਆ, "ਰਾਜਾ ਜੀ, ਮੈਂ ਤੁਹਾਨੂੰ ਲਿਆ ਕੇ ਦੇ ਸਕਦੈਂ, ਪਰ ਉਸ ਵਾਸਤੇ

ਪੈਸੇ ਬਹੁਤ ਖ਼ਰਚਣੇ ਪੈਣਗੇ ਅਤੇ ਪੰਜ ਮਹੀਨਿਆਂ ਦਾ ਸਮਾਂ ਚਾਹੀਦੈ।" ਰਾਜਾ ਨੇ ਆਗਿਆ ਦੇ ਦਿੱਤੀ।

ਆਦਮੀ ਨੇ ਕਿਹਾ, "ਮੈਨੂੰ ਇਕ ਕਮਰਾ ਬਣਾ ਕੇ ਦੇਵੋ.......। ਮੈਂ ਓਥੋਂ ਹੀ ਸਵਰਗ ਨੂੰ ਰਸਤਾ ਬਣਾਵਾਂਗਾ ਅਤੇ ਤੁਹਾਡੇ ਵਾਸਤੇ ਕੱਪੜੇ ਲੈ ਕੇ ਆਵਾਂਗਾ।"

ਪੰਜ ਮਹੀਨਿਆਂ ਬਾਅਦ ਉਹ ਕਮਰੇ ਵਿਚੋਂ ਬਾਹਰ ਆਇਆ ਅਤੇ ਸਿਪਾਹੀ ਨੂੰ ਕਿਹਾ, "ਆਹ ਸੰਦੂਕ ਚੁੱਕੋ। ਇਸ ਵਿਚ ਦੇਵਤਿਆਂ ਵਾਲੇ ਕੱਪੜੇ ਹਨ।"

ਉਹ ਰਾਜ ਦਰਬਾਰ ਵਿੱਚ ਚਲੇ ਜਾਂਦੇ ਹਨ। ਉਸ ਦਿਨ ਰਾਜੇ ਨੇ ਹੋਰ ਰਾਜੇ-ਮਹਾਰਾਜਿਆਂ ਨੂੰ ਵੀ ਬੁਲਾਇਆ ਹੁੰਦਾ ਹੈ।

ਦੇਵਤਿਆਂ ਦੇ ਕੱਪੜੇ ਵਿਖਾਉਣ ਲਈ ਰਾਜ ਦਰਬਾਰ ਵਿਚ ਹੋਰ ਵੀ ਬਹੁਤ ਵੱਡੇ-ਵੱਡੇ ਵਜ਼ੀਰ ਅਤੇ ਹਸਤੀਆਂ ਪਹੁੰਚੀਆਂ ਹੋਈਆਂ ਸਨ।

ਉਹ ਆਦਮੀ ਰਾਜ ਦਰਬਾਰ ਵਿਚ ਕਹਿੰਦਾ, "ਮੈਂ ਦੇਵਤਿਆਂ ਦੇ ਵਸਤਰ ਲੈ ਕੇ ਆਇਆਂ ਹਾਂ, ਪਰ ਇਹ ਵਸਤਰ ਬਹੁਤ ਦੁਰਲਭ ਹਨ। ਇਹ ਸਿਰਫ਼ ਉਹਨਾਂ ਲੋਕਾਂ ਨੂੰ ਹੀ ਵਿਖਾਈ ਦੇਣਗੇ, ਜਿਹੜੇ ਆਪਣੇ ਅਸਲੀ ਬਾਪ ਦੀ ਔਲਾਦ ਹੋਣਗੇ.."

ਫਿਰ ਆਦਮੀ ਉਹ ਸੰਦੂਕ ਖੋਲ੍ਹਦਾ ਹੈ, ਜੋ ਕਿ ਬਿਲਕੁਲ ਖ਼ਾਲੀ ਹੁੰਦਾ ਹੈ। ਉਸ

ਵਿਚ ਐਵੇਂ ਹੱਥ ਮਾਰ ਕੇ ਕਹਿੰਦਾ, "ਰਾਜਾ ਜੀ ਆਹ ਲਵੋ ..ਪਗੜੀ।"

ਰਾਜਾ ਬੌਂਦਲ ਜਾਂਦਾ ਹੈ, ਪਰ ਕੁੱਝ ਨਹੀਂ ਬੋਲਦਾ, ਕਿਉਂਕਿ ਉਸ ਨੂੰ ਡਰ ਹੁੰਦਾ

ਕਿ ਦੂਸਰੇ ਸੋਚਣਗੇ, "ਮੈਂ ਆਪਣੇ ਅਸਲੀ ਬਾਪ ਦਾ ਨਹੀਂ ਹਾਂ।" ਰਾਜਾ ਆਪਣਾ ਮੁਕਟ ਲਾਹ ਕੇ ਥੱਲੇ ਰੱਖ ਦਿੰਦਾ ਹੈ ਅਤੇ ਉਹ ਕਾਲਪਨਿਕ ਪੱਗੜੀ ਸਿਰ ਉਪਰ ਰੱਖ ਲੈਂਦਾ ਹੈ।

ਓਧਰ ਦਰਬਾਰ ਵਿਚ ਹਾਜ਼ਰ ਸਾਰੇ ਲੋਕ ਕਹਿਣ ਲੱਗ ਜਾਂਦੇ ਹਨ, "ਕਿਆ ਬਾਤ ਹੈ......ਕਿੰਨੀ ਸੋਹਣੀ ਪੱਗ ਹੈ।"

ਪਰ ਕੋਈ ਵੀ ਇਹ ਨਹੀ ਕਹਿਣਾ ਚਾਹੁੰਦਾ, ਕਿ ਉਹਨਾਂ ਨੂੰ ਤਾਂ ਕੋਈ ਪਗੜੀ ਵਿਖਾਈ ਹੀ ਨਹੀਂ ਦੇ ਰਹੀ, ਕਿਉਂਕਿ ਫਿਰ ਉਹਨਾਂ 'ਤੇ ਇਲਜ਼ਾਮ ਬਹੁਤ ਭੈੜਾ ਲੱਗਣਾ ਸੀ। ਇਸ ਤਰ੍ਹਾਂ ਉਸ ਆਦਮੀ ਨੇ ਕਾਲਪਨਿਕ ਕੱਪੜੇ ਰਾਜਾ ਨੂੰ ਪਹਿਨਾ ਦਿੱਤੇ ਅਤੇ ਉਸ ਨੂੰ ਅਲਫ਼ ਨੰਗਾ ਕਰ ਦਿੱਤਾ।

ਰਾਜਾ ਆਪਣੀ ਖ਼ੁਦ ਦੀ ਹਾਲਤ 'ਤੇ ਸ਼ਰਮ ਮਹਿਸੂਸ ਕਰ ਰਿਹਾ ਸੀ, ਪਰ ਇਹ ਵੀ ਸੋਚ ਰਿਹਾ ਸੀ, "ਯਾਰ ਮੈਨੂੰ ਇੱਕਲੇ ਨੂੰ ਹੀ ਕੱਪੜੇ ਨਹੀ ਵਿਖਾਈ ਦੇ ਰਹੇ, ਬਾਕੀ ਸਾਰਿਆਂ ਨੂੰ ਵਿਖਾਈ ਦੇ ਰਹੇ ਹਨ.......।"

ਦੂਜੇ ਪਾਸੇ, ਦਰਬਾਰ ਵਿਚ ਖੜ੍ਹਾ ਹਰ ਵਿਅਕਤੀ ਰਾਜੇ ਦੇ



ਦਰਬਾਰ ਵਿਚ ਮੌਜੂਦ ਹੋਰਾਂ ਲੋਕਾਂ ਨੂੰ ਵੇਖ ਕੇ ਇਹੀ ਸੋਚ ਰਿਹਾ ਸੀ, "ਮੇਰੀ ਹੀ ਦਾਲ ਵਿਚ ਕੁੱਝ ਕਾਲਾ .......ਬਾਕੀ ਸਾਰਿਆਂ ਨੂੰ ਕੱਪੜੇ ਵਿਖਾਈ ਦੇ ਰਹੇ ਹਨ।" ਪਰ ਰਾਜੇ ਦੇ ਗੁੱਸੇ ਤੋਂ ਡਰਦਾ ਦਿਲ ਦੀ ਗੱਲ ਕੋਈ ਜ਼ੁਬਾਨ 'ਤੇ ਨਹੀਂ ਲਿਆ ਰਿਹਾ ਸੀ। ਕਦੇ-ਕਦੇ ਉਨ੍ਹਾਂ ਨੂੰ ਇਹ ਗ਼ਲਤਫ਼ਹਿਮੀ ਲੱਗਦੀ ਸੀ।

ਫਿਰ ਆਦਮੀ ਨੇ ਕਿਹਾ, "ਮਹਾਰਾਜ! ਦੇਵਤਿਆਂ ਨੇ ਕਿਹਾ ਸੀ ਇਹ ਵਸਤਰ ਪਹਿਲੀ ਵਾਰ ਧਰਤੀ 'ਤੇ ਜਾ ਰਹੇ ਹਨ....ਸੋ ਇਹਨਾਂ ਦੀ ਚੰਗੀ ਤਰ੍ਹਾਂ ਨੁਮਾਇਸ਼ ਹੋਣੀ ਚਾਹੀਦੀ ਹੈ........ਰੱਥ ਤਿਆਰ ਹੈ, ਚਲੋ ਬਾਹਰ ਚੱਲੀਏ!!"

ਓਧਰ ਸਾਰੇ ਸ਼ਹਿਰ ਵਿੱਚ ਹੋਕਾ ਫੇਰ ਦਿੱਤਾ ਗਿਆ, "ਕੱਪੜੇ ਸਿਰਫ਼ ਉਸ ਨੂੰ ਵਿਖਾਈ ਦੇਣਗੇ, ਜੋ ਆਪਣੇ ਅਸਲੀ ਪਿਉ ਦਾ ਹੋਵੇਗਾ।"

ਸ਼ਰਮ ਦੇ ਮਾਰੇ ਪਾਣੀ-ਪਾਣੀ ਹੋਇਆ ਰਾਜਾ ਸੋਚ ਰਿਹਾ ਸੀ, "ਚਲੋ! ਹੁਣ ਤੱਕ ਤਾਂ ਮੈਂ ਬੱਸ ਆਪਣੇ ਦਰਬਾਰ ਵਿਚ ਹੀ ਸੀ...ਹੁਣ ਬਾਹਰ ਵੀ ਜਾਣਾ ਪੈਣਾ.....।" ਪਰ ਰਾਜਾ ਕੁੱਝ ਨਾ ਬੋਲਿਆ, ਕਹਿੰਦਾ, "ਚਲੋ ਚਲੀਏ!" ਡਰ ਵੀ ਰਿਹਾ ਸੀ ਕਿ ਜੇ ਮੈਂ ਕਿਹਾ, "..ਮੈਂ ਤਾਂ ਨੰਗਾ ਹਾਂ ਤਾਂ ਸਾਰੇ ਸੋਚਣਗੇ ਕਿ ਮੈਂ ਆਪਣੇ ਪਿਉ ਦਾ ਨਹੀਂ!"

ਦੁਬਿਧਾ ਦੇ ਚੱਕਰ ਵਿਚ ਫਸਿਆ ਰਾਜਾ ਰੱਥ 'ਤੇ ਬੈਠ ਕੇ ਸਾਰੇ ਸ਼ਹਿਰ ਵਿਚ ਗੇੜਾ ਦੇਣ ਲੱਗਦਾ ਹੈ।

ਸਾਰੇ ਲੋਕ ਕਹਿ ਰਹੇ ਹੁੰਦੇ ਹਨ, "... ਵਾਹ ਕਿੰਨੇ ਸੋਹਣੇ ਕੱਪੜੇ ਹਨ!"

ਉੱਥੇ ਇਕ ਪਰਿਵਾਰ ਨਾਲ ਬੱਚਾ ਵੀ ਖੜ੍ਹਾ ਸੀ। ਬੱਚੇ ਤਾਂ ਵਿਚਾਰੇ ਅਣਭੋਲ ਹੁੰਦੇ ਹਨ। ਉਨ੍ਹਾਂ ਨੂੰ ਕੀ ਪਤਾ ਇਸ ਦੁਨੀਆਦਾਰੀ ਦਾ।

ਬੱਚਾ ਅਲਫ਼ ਨੰਗੇ ਰਾਜੇ ਨੂੰ ਵੇਖ ਕੇ ਹੱਸ ਪਿਆ ਅਤੇ ਕਹਿੰਦਾ, "ਓਏਏਏਏਏਏ!..........ਰਾਜਾ ਨੰਗਾ ਓਏਏਏਏ........!!"

ਉਸ ਦੇ ਪਿਉ ਨੇ ਕੜਾਕ ਦੇਣੇ ਉਸ ਦੀ ਗੱਲ 'ਤੇ ਇਕ ਥੱਪੜ ਧਰ ਦਿੱਤਾ ਅਤੇ ਕਹਿੰਦਾ, "ਕਿਉਂ ਲੋਕਾਂ 'ਚ ਬੇ'ਜ਼ਤੀ ਕਰਵਾ ਰਿਹੈਂ ਮੇਰੀ...!"

*ਸਿੱਖਿਆ:- ਦੋਸਤੋ ...ਅਸੀਂ ਵੀ ਤਾਂ ਕਿਤੇ ਉਹਨਾਂ ਲੋਕਾਂ ਵਰਗੇ ਨਹੀਂ ....?, ਜਿਹੜੇ ਸੱਚ ਸਾਹਮਣੇ ਹੋਣ ਦੇ ਬਾਵਜੂਦ ਇੱਕ-ਦੂਜੇ ਦੀ 'ਹਾਂ' ਵਿਚ 'ਹਾਂ' ਮਿਲਾਈ ਜਾ ਰਹੇ?*

*ਕਿੰਨਾਂ ਗੱਲਾਂ ਵਿੱਚ ਆਪਣੇ ਯਕੀਨ ਨੂੰ ਬੰਨ ਰੱਖਿਆ ਹੈ, ਜੋ ਸੱਚਾਈ ਹੈ ਉਹ ਤਾਂ ਬਹੁਤ ਦੂਰ ਹੈ? ਪਰ ਜੇ ਨਵੀਂ ਪੀੜ੍ਹੀ ਕੋਈ ਢੰਗ ਦੀ ਗੱਲ ਦੱਸਣ ਲੱਗਦੀ ਹੈ ਤਾਂ ਉਸ ਦੇ ਥੱਪੜ ਮਾਰ ਕੇ ਚੁੱਪ ਕਰਵਾ ਦਿੱਤਾ ਜਾਂਦਾ ਕਿ 'ਓਸੇ ਤਰ੍ਹਾਂ ਸੋਚੋ, ...ਜਿਵੇਂ ਲੋਕ ਪਿਛਲੇ ਸਮੇਂ ਤੋਂ ਸੋਚਦੇ ਆ ਰਹੇ ਹਨ...।' ਪਰ ਹੁਣ ਦੇਖੋ ਕਿਸ-ਕਿਸ ਵਿਚ ਹਿੰਮਤ ਹੈ, ਜੋ ਸੱਚ ਨੂੰ ਮੂੰਹ 'ਤੇ ਕਹੈ ਤੇ ਜਰ ਸਕੇ..........?'*

ਆਪਣੇ ਆਪਣੇ ਰੱਬ ਬਾਰੇ ਸਭ ਦੇ ਵਿਚਾਰ ਅਜਿਹੇ ਹੀ ਹਨ ਤੇ ਇਸ ਤਰ੍ਹਾਂ ਹੀ ਬਣੇ ਹਨ।

## ਕਵਿਤਾ



ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ।
ਚਿੱਟੇ ਦੇ ਵਪਾਰੀਆਂ ਤੋਂ, ਮੌਸਮੀ ਲਲਾਰੀਆਂ ਤੋਂ
ਮੁੱਲ ਦੇ ਪੁਜਾਰੀਆਂ ਤੋਂ, ਫੌਕੀ ਸਰਦਾਰੀਆਂ ਤੋਂ
ਬਚ ਗਏ ਜੇ ਬੇ-ਰੁਜ਼ਗਾਰੀ ਖੜ੍ਹੀ ਲੈਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ ਪੋਤੇ ਜਿਉਂਦੇ ਰਹਿਣ।
ਪਾਣੀ ਵੀ ਪਲੀਤ ਹੋਏ ਪੌਣਾਂ 'ਚ ਵੀ ਜ਼ਹਿਰ ਏ
ਅਪਣੀ ਸੁਣਾ ਬੀਬਾ, ਸਾਡੇ ਸਭ ਖੈਰ ਏ
ਤੇਰੇ ਰਿਮ-ਝਿਮ ਹੋਵੇ, ਸਾਡੇ ਗੜ੍ਹੇ ਪੈਣ
ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ।
ਰੇਤੇ ਬਜਰੀ ਨਾਲ ਜੇ ਤੇਰਾ ਢਿੱਡ ਨਹੀਂਓਂ ਭਰਦਾ
ਲਾਲੂ ਦਿਆ ਸਾਢੂਆ ਵੇ, ਤੂੰ ਵੀ ਚਾਰਾ ਚਰਜਾ
ਸੱਪ ਵੀ ਨਾ ਲੜੇ ਤੈਨੂੰ ਕੀੜੇ ਵੀ ਨਾ ਪੈਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ।
ਸੂਬੇ ਦਿਆ ਵਾਰਸਾ, ਔਰੰਗੇ ਦਿਆ ਬਾਨੀਆ
ਦੇਂਦੇ ਆਏ ਸਾਡੇ ਸਾਹਿਬਜ਼ਾਦੇ ਕੁਰਬਾਨੀਆਂ
ਠੰਢੇ ਬੁਰਜਾਂ 'ਚ ਸਾਡੇ, ਤੇਰੇ ਪਲੰਘਾਂ 'ਤੇ ਪੈਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ।
ਆਂਚ ਵੀ ਨਾ ਆਵੇ ਕਦੇ ਤੇਰੀ ਨੰਨ੍ਹੀਂ ਛਾਂ ਨੂੰ
ਪੈਂਦੀਆਂ ਨੇ ਡਾਂਗਾਂ ਪਈ ਜਾਣ ਸਾਡੀਆਂ ਨੂੰ
ਸਾਡੇ ਵਾਂਗੂੰ ਤੇਰੇ ਘਰੇ ਕੀਰਨੇ ਨਾ ਪੈਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ-ਪੋਤੇ ਜਿਉਂਦੇ ਰਹਿਣ।
ਖਾ ਗਇਓਂ ਪੰਜਾਬ ਨੂੰ ਤੂੰ ਖਾ ਗਇਓਂ ਪੰਜਾਬ ਨੂੰ
ਉਜਾੜੇ ਵਾਲਾ ਜਾਗ ਵੇ ਤੂੰ ਲਾ ਗਇਓਂ ਪੰਜਾਬ ਨੂੰ
ਐਵੇਂ ਤੇ ਨਹੀਂ ਹੀਰੇ ਸਾਡੇ ਬਾਹਰ ਜਾਂਦੇ ਰਹਿਣ
ਸਾਡਾ ਕੀ ਏ ਸਾਡੇ ਢੱਠੇ ਖੂਹ ਵਿੱਚ ਪੈਣ
ਬਾਦਲਾ ਵੇ ਤੇਰੇ ਪੁੱਤ ਪੋਤੇ ਜਿਉਂਦੇ ਰਹਿਣ।

- ਸੁਰਜੀਤ ਗੱਗ (9463389628)

## ਅਦਾਲਤ

ਅਦਾਲਤ ਵਿੱਚ ਇੱਕ ਅਜੀਬ ਕੇਸ ਆਇਆ,
ਇੱਕ ਸਿਪਾਹੀ ਬੰਨ੍ਹ ਕੇ ਇੱਕ ਕੁੱਤੇ ਨੂੰ ਲੈ ਆਇਆ!
ਸਿਪਾਹੀ ਨੇ ਜਦ ਕਟਹਿਰੇ 'ਚ ਕੁੱਤਾ ਖੋਲ੍ਹਿਆ,
ਕੁੱਤਾ ਰਿਹਾ ਚੁੱਪਚਾਪ ਮੂੰਹੋਂ ਕੁੱਝ ਨਾ ਬੋਲਿਆ!
ਨੁਕੀਲੇ ਦੰਦਾਂ 'ਚੋਂ ਖ਼ੂਨ ਨਜ਼ਰ ਆ ਰਿਹਾ ਸੀ,
ਚੁੱਪਚਾਪ ਸੀ ਕੁੱਤਾ ਨਜ਼ਰ ਕਿਸੇ ਨਾਲ ਵੀ ਨਾ ਮਿਲਾ ਰਿਹਾ ਸੀ!
ਫਿਰ ਖੜਾ ਹੋਇਆ ਇੱਕ ਵਕੀਲ, ਦੇਣ ਲੱਗਾ ਦਲੀਲ !
ਕੁੱਤੇ ਨੇ ਇਥੇ ਬੜੀ ਮਚਾਈ ਤਬਾਹੀ ਹੈ ,
ਇਸ ਦੇ ਕੰਮਾਂ ਨੂੰ ਦੇਖ ਇਨਸਾਨੀਅਤ ਘਬਰਾਈ ਹੈ!
ਦੋ ਦਿਨ ਪਹਿਲਾਂ ਇੱਕ ਜੰਮੀ ਬੱਚੀ ਇਸਨੇ ਖਾਈ ਹੈ!
ਹੁਣ ਨਾ ਸੁਣੋ ਇਸ ਦੀ ਬਾਤ,
ਦੇ ਕੇ ਹੁਕਮ ਉਤਾਰੋ ਮੌਤ ਦੇ ਘਾਟ!
ਜੱਜ ਦੀਆਂ ਅੱਖਾਂ ਹੋ ਗਈਆਂ ਗੁੱਸੇ ਵਿਚ ਲਾਲ,
ਤੂੰ ਕਿਉਂ ਖਾਧੀ ਕੰਨਿਆਂ ਕਿਉਂ ਚੱਲੀ ਚਾਲ!
ਕੁੱਤੇ ਦਾ ਵਕੀਲ ਬੋਲਿਆ .....
ਜੱਜ ਸਾਹਿਬ ਭਾਵੇਂ ਇਹਨੂੰ ਜਿੰਦਾਂ ਨਾ ਰਹਿਣ ਦਿਉ,
ਪਰ ਕੁੱਤੇ ਨੂੰ ਵੀ ਤਾਂ ਕੁੱਝ ਕਹਿਣ ਦਿਉ!
ਫਿਰ ਕੁੱਤੇ ਨੇ ਮੂੰਹ ਖੋਲ੍ਹਿਆ, ਉਹ ਹੌਲੀ-ਹੌਲੀ ਬੋਲਿਆ!
ਹਾਂ ਮੈਂ ਉਹ ਕੰਨਿਆਂ ਖਾਈ ਹੈ, ਆਪਣੀ ਕੁੱਤੇਪਣੀ ਨਿਭਾਈ ਹੈ!
ਕੁੱਤੇ ਦਾ ਧਰਮ ਹੈ ਦਯਾ ਨਾ ਦਿਖਾਣਾ,
ਮਾਸ ਕਿਸੇ ਦਾ ਵੀ ਹੋ ਦੇਖਦੇ ਹੀ ਖਾ ਜਾਣਾ!
ਪਰ ਮੈਂ ਦਯਾ ਧਰਮ ਤੋਂ ਦੂਰ ਨਹੀਂ,
ਖਾਧੀ ਤਾਂ ਹੈ, ਪਰ ਇਸ ਦੇ ਵਿੱਚ ਮੇਰਾ ਕਸੂਰ ਨਹੀਂ !
ਮੈਨੂੰ ਯਾਦ ਹੈ ਉਹ ਕੰਨਿਆਂ ਕੂੜੇ ਦੇ ਢੇਰ ਵਿੱਚ ਪਾਈ ਸੀ,
ਕੋਈ ਹੋਰ ਨਹੀਂ ਉਸ ਦੀ ਮਾਂ ਹੀ ਸੁੱਟਣ ਆਈ ਸੀ!
ਜਦੋਂ ਮੈਂ ਉਸ ਕੰਨਿਆਂ ਦੇ ਗਿਆ ਕੋਲ ,
ਉਸ ਦਾ ਭੋਲਾ ਚਿਹਰਾ ਦੇਖਕੇ ਮੇਰਾ ਮਨ ਗਿਆ ਡੋਲ!
ਜਦੋਂ ਉਹ ਮੇਰੀ ਜੀਭ ਦੇਖ ਕੇ ਮੁਸਕੁਰਾਈ ਸੀ,
ਉਹਨੇ ਮੇਰੇ ਅੰਦਰ ਇਨਸਾਨੀਅਤ ਜਗਾਈ ਸੀ!
ਮੈਂ ਸੁੰਘ ਕੇ ਉਸ ਦੇ ਕੱਪੜੇ ਉਸਦਾ ਘਰ ਲੱਭਿਆ ਸੀ,
ਜਿਥੇ ਉਸਦੀ ਮਾਂ ਸੋਈ ਸੀ ਤੇ ਬਾਪ ਕੰਮ 'ਤੇ ਲੱਗਿਆ ਸੀ!
ਮੈਂ ਭੌਅ-ਭੌਅ ਕਰ ਕੇ ਉਸ ਦੀ ਮਾਂ ਜਗਾਈ ਸੀ,
ਪੁੱਛਿਆ ਤੂੰ ਇਸ ਕੰਨਿਆਂ ਨੂੰ ਕਿਉ ਕੂੜੇ ਵਿੱਚ ਸੁੱਟ ਕੇ ਆਈ ਸੀ!
ਚੱਲ ਮੇਰੇ ਨਾਲ ਉਸਨੂੰ ਲੈਕੇ ਆ,
ਭੁੱਖੀ ਹੈ ਉਸਨੂੰ, ਆਪਣਾ ਦੁੱਧ ਪਿਲਾ!
ਉਸ ਦੀ ਮਾਂ ਸੁਣਦੇ ਹੀ ਰੋਣ ਲੱਗ ਪਈ,
ਆਪਣੇ ਦੁੱਖ ਮੈਨੂੰ ਉਹ ਸਨਾਉਣ ਲੱਗ ਪਈ!
ਕਿੱਦਾਂ ਲੈਕੇ ਆਊਂ, ਆਪਣੇ ਕਲੇਜੇ ਦੇ ਟੁਕੜੇ ਨੂੰ,
ਤੈਨੂੰ ਮੈਂ ਸੁਣਾਉਂਦੀ ਹਾਂ ਆਪਣੇ ਦਿਲ ਦੇ ਦੁਖੜੇ ਨੂੰ!
ਸੱਸ ਮੇਰੀ ਮਾਰ ਦੀ ਰੋਜ਼ ਤਾਅਨੇ,
ਪਤੀ ਨੇ ਕੁੱਟ-ਕੁੱਟ ਮੇਰੇ ਕਰ 'ਤੇ ਛਾਲੇ!
ਬੋਲਿਆ ਹਰ ਵਾਰ ਮੁੰਡਾ ਜੰਮ ਕੇ ਦਿਖਾਈ,
ਕੁੜੀ ਜੰਮਣ ਦੀ ਹੈ ਇਥੇ ਮਨਾਹੀ!
ਬੋਲਿਆ ਖਾਨਦਾਨ ਦੀ ਇਸਨੇ ਪੁੱਟਤੀ ਵੇਲ,
ਜਾ-ਜਾ ਕੇ ਖ਼ਤਮ ਕਰਦੇ ਇਸਦਾ ਖੇਲ!
ਮੈਂ ਮਾਂ ਸੀ ਇਸਦੀ, ਇਹੀ ਮੇਰੀ ਸੀ ਲਾਚਾਰੀ,
ਇਸ ਲਈ ਸੁੱਟ ਆਈ ਆਪਣੀ ਧੀ ਪਿਆਰੀ!
ਸੁਣਾਉਂਦੇ ਸੁਣਾਉਂਦੇ ਕੁੱਤੇ ਦਾ ਗਲਾ ਭਰ ਗਿਆ,
ਫਿਰ ਵੀ ਜੱਜ ਸਾਹਮਣੇ ਆਪਣੇ ਬਿਆਨ ਪੂਰੇ ਕਰ ਗਿਆ!
ਕੁੱਤਾ ਬੋਲਿਆ, ਮੈਂ ਫਿਰ ਉਲਟਾ ਕੰਨਿਆਂ ਕੋਲ ਆ ਗਿਆ,
ਦਿਮਾਗ ਮੇਰੇ 'ਤੇ ਧੂਆਂ ਜਾ ਛਾ ਗਿਆ !
ਉਹ ਕੰਨਿਆਂ ਆਪਣਾ ਅੰਗੂਠਾ ਚੁੰਘ ਰਹੀ ਸੀ,
ਮੈਨੂੰ ਦੇਖਕੇ ਹੱਸੀ ਜਿੰਦਾ ਕੁਝ ਸੁੰਘ ਰਹੀ ਸੀ!
ਕਲੇਜੇ 'ਤੇ ਰੱਖਿਆ ਮੈਂ ਵੀ ਪੱਥਰ,
ਫਿਰ ਵੀ ਕੰਬ ਰਿਹਾ ਸੀ ਮੈਂ ਥਰ-ਥਰ!
ਮੈਂ ਬੋਲਿਆ, ਏ ਬਾਬਲੀ ਜੀਅ ਕੇ ਕੀ ਕਰੇਗੀ,
ਦੁੱਧ ਨੀ ਮਿਲਣਾ ਤੈਨੂੰ, ਹਰ ਜਗ੍ਹਾ ਜ਼ਹਿਰ ਹੈ ਪੀਕੇ ਕੀ ਕਰੇਗੀ!
ਜੇ ਅੱਜ ਮੈਂ ਤੈਨੂੰ ਜਿੰਦਾਂ ਛੱਡਤਾ, ਤਾਂ ਹੋਰ ਕੁੱਤੇ ਤੈਨੂੰ ਪਾੜ ਦੇਣਗੇ,
ਜੇ ਉਨ੍ਹਾਂ ਕੋਲੋ ਬਚ ਗਈ ਤਾਂ ਲੋਕੀ ਤੇਜਾਬ ਪਾਕੇ ਸਾੜ ਦੇਣਗੇ!
ਕੁੱਤਾ ਗੁੱਸੇ ਵਿੱਚ ਬੋਲਿਆ,
ਜੱਜ ਸਾਹਿਬ ਸਾਨੂੰ ਕੁਤਿਆਂ ਨੂੰ ਕਰਦੇ ਹੋ ਬਦਨਾਮ,
ਪਰ ਤੁਸੀਂ ਸਾਡੇ ਤੋਂ ਵੀ ਭੈੜੇ ਕਰਦੇ ਹੋ ਕਾਮ!
ਜਿੰਦਾਂ ਲੜਕੀ ਨੂੰ ਪੇਟ ਵਿੱਚ ਮਰਵਾਉਂਦੇ ਹੋ,
ਔਰ ਖ਼ੁਦ ਨੂੰ ਇਨਸਾਨ ਕਹਾਉਂਦੇ ਹੋ!
ਕੁੱਝ ਸਮਾਜ ਲੜਕੀ ਤੋਂ ਨਫ਼ਰਤ ਕਰਦਾ ਹੈ,
ਕੰਨਿਆਂ ਹੱਤਿਆ ਵਰਗਾ ਘਟੀਆਂ ਅਪਰਾਧ ਕਰਦਾ ਹੈ!
ਮੈਂ ਸਮਝਿਆ ਇਸ ਨੂੰ ਖਾਣਾ ਚੰਗਾ,
ਤੁਹਾਡੇ ਵਰਗੇ ਰਾਕਸ਼ਾਂ ਤੋਂ ਤਾਂ ਇਹਨੂੰ ਮਰ ਜਾਣਾ ਚੰਗਾ!
ਮੈਨੂੰ ਲਟਕਾਓ ਫ਼ਾਂਸੀ ਜਾਂ ਮਾਰੋ ਮੇਰੇ ਜੁੱਤੇ,
ਕੰਨਿਆਂ ਨੂੰ ਮਾਰਣ ਵਾਲੇ ਪਹਿਲਾ ਲੱਭ ਕੇ ਲਿਆਓ ਉਹ ਇਨਸਾਨੀ ਕੁੱਤੇ!
ਪਹਿਲਾਂ ਲੱਭ ਕੇ ਲਿਆਓ ਉਹ ਇਨਸਾਨੀ ਕੁੱਤੇ. .............................

✪

# ਅੰਤਰਜਾਤੀ ਵਿਆਹ ਹੋਏਗਾ ਇੰਜ ਸਫ਼ਲ



ਮੂਲ ਲੇਖਕ.ਡਾਕਟਰ ਪ੍ਰੇਮਪਾਲ ਸਿੰਘ
ਵਾਲਯਾਨ. ਅਨੁਵਾਦਕ : ਪਵਨ ਕੁਮਾਰ ਰੱਤੋਂ

*ਪਰੰਪਰਾਵਾਂ, ਪਖੰਡਾਂ ਅਤੇ ਧਾਰਮਿਕ ਰੀਤੀ-ਰਿਵਾਜਾਂ ਤੋਂ ਉੱਪਰ ਉੱਠ ਕੇ ਕੀਤੇ ਗਏ ਵਿਆਹ ਨੂੰ ਸਫ਼ਲ ਬਣਾਉਣਾ ਹੈ ਤਾਂ ਕੁੱਝ ਸੂਤਰਾਂ ਨੂੰ ਅਪਨਾਉਣਾ ਹੋਵੇਗਾ...।*

ਬੀਤੇ ਸਾਲਾਂ ਵਿੱਚ ਅਸੀਂ ਆਪਣੇ ਭਾਰਤੀ ਸਮਾਜ ਵਿੱਚ ਬਹੁਤ ਸਾਰੇ ਬਦਲਾਅ ਦੇਖੇ ਹਨ। ਪ੍ਰੰਤੂ ਵਿਆਹ ਸੰਸਥਾ ਅੱਜ ਵੀ ਠੋਸ ਅਤੇ ਮਜ਼ਬੂਤ ਧੱਧਰ 'ਤੇ ਟਿਕੀ ਹੋਈ ਹੈ। ਉਂਜ ਪਰੰਪਰਾਗਤ ਭਾਰਤ ਵਿੱਚ ਇਸ ਨੂੰ ਵਧੀਆ ਬਣਾਉਣ ਦੇ ਲਈ ਬਦਲਾਅ ਹੋਏ ਹਨ ਅਤੇ ਇਸੀ ਲੜੀ ਵਿੱਚ ਸਰਵਉੱਚ ਅਦਾਲਤ ਨੇ 'ਲਿਵ ਇਨ ਰਿਲੇਸ਼ਨਸ਼ਿਪ' ਨੂੰ ਮਾਨਤਾ ਦੇ ਕੇ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੱਜ ਦੇ ਗਭਰੂ ਭਿੰਨ ਸੰਸਕ੍ਰਿਤੀ ਅਤੇ ਧਰਮ ਦੇ ਹੋਣ ਦੇ ਬਾਵਜੂਦ ਵਿਆਹ ਬੰਧਨ ਵਿੱਚ ਬੰਨ੍ਹ ਰਹੇ ਹਨ ਅਤੇ ਵਿਆਹ ਸਫ਼ਲ ਵੀ ਹੋ ਰਹੇ ਹਨ।

ਵਿਆਹ ਸਲਾਹਕਾਰ ਡਾਕਟਰ ਗੀਤਾਂਜਲੀ ਜੀ ਦਾ ਅਜਿਹੇ ਕਦਮ ਚੁੱਕਣ ਵਾਲੀਆਂ ਅਜੋਕੀਆਂ ਮੁਟਿਆਰਾਂ ਨੂੰ ਕਹਿਣਾ ਹੈ, ਜੇਕਰ ਉਹ ਅੰਤਰਜਾਤੀ ਜਾਂ ਅੰਤਰਧਾਰਮਿਕ ਵਿਆਹ ਬੰਨ੍ਹਣ ਵਿੱਚ ਬੰਨ੍ਹਣ ਜਾ ਰਹੀਆਂ ਹਨ ਤਾਂ ਇਸ ਕਦਮ ਨਾਲ ਉਨ੍ਹਾਂ ਵਿੱਚ ਇੱਕ ਨਵਾਂ ਵਿਸ਼ਵਾਸ ਪੈਦਾ ਹੋਵੇਗਾ। ਪ੍ਰੰਤੂ ਇਸ ਤਰ੍ਹਾਂ ਦੇ ਬੰਧਨ ਵਿੱਚ ਬੰਨ੍ਹੇ ਜਾਣ ਤੋਂ ਪਹਿਲਾਂ ਉਹਨਾਂ ਨੂੰ ਜਾਤੀ ਅਤੇ ਧਰਮ ਨੂੰ ਕੀਲੇ ਉੱਤੇ ਟੰਗ ਦੇਣਾ ਹੋਵੇਗਾ। ਅਜਿਹਾ ਕਰ ਕੇ ਹੀ ਉਹ ਸੁਖੀ ਦੰਪਤੀ (ਪਤੀ-ਪਤਨੀ ਸਬੰਧੀ) ਜੀਵਨ ਜੀਅ ਸਕਣਗੀਆਂ।

**ਪਰਿਵਾਰ ਅਤੇ ਸਮਝੌਤੇ ਦਾ ਮੁੱਦਾ** : ਇੱਕ 24 ਸਾਲਾਂ ਦੀ ਮੁਸਲਿਮ ਮੁਟਿਆਰ ਰੁਖਸਾਨਾ ਨੇ ਇੱਕ ਹਿੰਦੂ ਨੌਜਵਾਨ ਨਾਲ ਵਿਆਹ ਕਰਵਾਇਆ ਹੈ ਅਤੇ ਉਹ ਇਸ ਸਮੇਂ ਇੱਕ ਸਾਲ ਦੀ ਪੁੱਤਰੀ ਦੀ ਮਾਂ ਵੀ ਹੈ। ਉਹ ਆਪਣੇ ਵਿਆਹੁਤਾ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਅਤੇ ਖੁਸ਼ ਨਜ਼ਰ ਆਉਂਦੀ ਹੈ। ਕੀ ਤੁਹਾਨੂੰ ਕੋਈ ਸਮੱਸਿਆ ਨਹੀਂ ਆਈ? ਸਾਡੇ ਪੁੱਛਣ ਉੱਤੇ ਰੁਖਸਾਨਾ ਨੇ ਦੱਸਿਆ, "ਮੇਰੇ ਪਤੀ ਦੇ ਪਰਿਵਾਰ ਵਾਲਿਆਂ ਵੱਲੋਂ ਕੋਈ ਸਮੱਸਿਆ ਨਹੀਂ ਸੀ, ਪ੍ਰੰਤੂ ਮੇਰਾ ਪਰਿਵਾਰ ਥੋੜ੍ਹਾ ਜਿਹਾ ਤੰਗਦਿਲ ਹੈ। ਅਸੀਂ ਇੱਕ ਦੂਜੇ ਨੂੰ ਦਸਵੀਂ ਜਮਾਤ ਤੋਂ ਜਾਣਦੇ ਸੀ। ਫੇਰ ਅਸੀਂ ਕੋਰਟ ਮੈਰਿਜ ਕਰ ਲਈ, ਤਾਂ ਮੇਰੇ ਪਰਿਵਾਰ ਨੇ ਮੇਰਾ ਵਿਆਹ ਪ੍ਰਵਾਨ ਕਰ ਲਿਆ।"

ਪ੍ਰੰਤੂ ਜੇਕਰ ਪਤੀ ਦਾ ਪਰਿਵਾਰ ਤੁਹਾਨੂੰ ਸਵੀਕਾਰ ਨਹੀਂ ਕਰਦਾ ਹੈ, ਤਾਂ ਤੁਸੀਂ ਸਥਿਤੀ ਨੂੰ ਕਿਵੇਂ ਸੰਭਾਲੋਗੇ? ਇਸ ਸਬੰਧ ਵਿੱਚ 38 ਸਾਲ ਦੀ ਬਿਊਟੀਸ਼ੀਅਨ ਰੇਸ਼ਮਾ ਦਾ ਅਨੁਭਵ ਸਮਝੋ, ਜੋ ਕਿ 20 ਸਾਲਾਂ ਤੋਂ ਸ਼ਾਦੀਸ਼ੁਦਾ ਹੈ। ਉਹ ਕਹਿੰਦੀ ਹੈ, "ਮੈਂ ਸਭ ਕੁੱਝ ਛੱਡ ਕੇ ਪੂਰੀ ਤਰ੍ਹਾਂ ਤੋਂ ਬਦਲ ਗਈ ਹਾਂ। ਮੇਰੇ ਪਤੀ ਦਾ ਪਰਿਵਾਰ ਸਾਡੇ ਵਿਆਹ ਦੇ ਖਿਲਾਫ ਸੀ। ਸਾਡੇ ਵਿਆਹ ਵਿੱਚ ਪਤੀ ਦੇ ਮਾਮਾ ਅਤੇ ਉਸ ਦੀ ਭੈਣ ਦੇ ਇਲਾਵਾ ਕੋਈ ਨਹੀਂ ਆਇਆ ਸੀ। ਅਸੀਂ ਨਿਕਾਹ ਕੀਤਾ ਅਤੇ ਉਸ ਦੇ ਬਾਅਦ ਮੈਂ ਆਪਣੇ ਪਤੀ ਨਾਲ ਆਪਣੇ ਮਾਤਾ ਪਿਤਾ ਦੇ ਘਰ ਵਿੱਚ ਹੀ ਰਹੀ। ਵਿਆਹ ਦੇ ਚਾਰ ਸਾਲ ਬਾਅਦ ਮੈਂ ਆਪਣੇ ਪਤੀ ਨਾਲ ਉਹਨਾਂ ਦੇ ਘਰ ਗਈ, ਪ੍ਰੰਤੂ ਅਸੀਂ ਉਥੇ ਸਿਰਫ਼ ਤਿੰਨ ਮਹੀਨੇ ਹੀ ਰਹਿ ਸਕੇ, ਕਿਉਂਕਿ ਸਾਨੂੰ ਉਥੇ ਬਹੁਤ ਸਾਰੀਆਂ ਸਮੱਸਿਆਵਾਂ ਝੱਲਣੀਆਂ ਪਈਆਂ। ਫੇਰ ਅੱਡ ਰਹਿਣ ਲੱਗੇ ਅਤੇ ਅੱਜ ਅਸੀਂ ਆਪਣਾ ਜੀਵਨ ਖੁਸ਼ੀ-ਖੁਸ਼ੀ ਬਿਤਾ ਰਹੇ ਹਾਂ।"

ਪ੍ਰੀਤੀ ਚੌਧਰੀ ਨੇ ਵੀ ਅੰਤਰਧਾਰਮਿਕ ਵਿਆਹ ਕਰਵਾਇਆ ਹੈ। ਉਹਨਾਂ ਦਾ ਕਹਿਣਾ ਹੈ, "ਜਿੱਥੇ ਤੱਕ ਸਮਝੌਤੇ ਦੀ ਗੱਲ ਹੈ ਤਾਂ ਮੈਨੂੰ ਜ਼ਿਆਦਾ ਸਮਝੌਤਾ ਨਹੀਂ ਕਰਨਾ ਪਿਆ, ਕਿਉਂਕਿ ਮੇਰਾ ਸਹੁਰਾ ਪਰਿਵਾਰ ਖੁੱਲ੍ਹੇ ਵਿਚਾਰਾਂ ਦੇ ਹਨ। ਅਸੀਂ ਸਾਰੇ ਤਿਉਹਾਰ ਮਨਾਉਂਦੇ ਹਾਂ। ਮੇਰੇ ਕੱਪੜਿਆਂ ਜਾਂ ਧਾਰਮਿਕ ਵਿਸ਼ਵਾਸ ਦੇ ਉੱਪਰ ਵੀ ਕੋਈ ਬੰਨ੍ਹਣ ਨਹੀਂ ਰਿਹਾ। ਮੈਂ ਆਪਣਾ ਧਾਰਮਿਕ ਵਿਸ਼ਵਾਸ ਜਾਰੀ ਰੱਖਿਆ ਹੋਇਆ ਹੈ।"

ਮਨੋਰੋਗ ਮਾਹਰ ਡਾਕਟਰ ਹੇਮੰਤ ਬਾਲਸਰੇ ਜੀ ਸੁਝਾਅ ਦਿੰਦੇ ਹਨ ਕਿ ਵਿਆਹ ਤੋਂ ਪਹਿਲਾਂ ਅੰਦਰ ਅਤੇ ਬਾਹਰ ਦੀਆਂ ਸਾਰੀਆਂ ਹਾਲਤਾਂ ਉੱਤੇ ਗੌਰ ਅਤੇ ਆਪਣੇ ਫੈਸਲੇ ਉੱਤੇ ਠੀਕ ਤਰ੍ਹਾਂ ਵਿਚਾਰ ਕਰ ਲੈਣਾ ਚਾਹੀਦਾ ਹੈ। ਆਪਣੇ ਹੋਣ ਵਾਲੇ ਜੀਵਨ ਸਾਥੀ ਨੂੰ ਵੀ ਚੰਗੀ ਤਰ੍ਹਾਂ ਜਾਂਚਪਰਖ ਲੈਣਾ ਚਾਹੀਦਾ ਹੈ ਕਿ ਉਹ ਹਰ ਹਾਲਤ ਵਿੱਚ ਤੁਹਾਡਾ ਸਾਥ ਦੇਵੇਗਾ ਜਾਂ ਨਹੀਂ? ਡਾਕਟਰ ਹੇਮੰਤ ਆਰਥਕ ਮੁੱਦੇ ਨੂੰ ਵਿਚਾਰ ਕਰਨ ਦੀ ਵੀ ਸਲਾਹ ਦੇਂਦੇ ਹਨ। ਉਹ ਕਹਿੰਦੇ ਹਨ ਕਿ ਪ੍ਰਸਿੱਧ ਹਸਤੀਆਂ ਦੁਆਰਾ ਕੀਤੇ ਗਏ ਫੈਸਲੇ ਸਭਨਾਂ ਉੱਤੇ ਲਾਗੂ ਨਹੀਂ ਹੁੰਦੇ। ਸਚਾਈ ਜ਼ਿਆਦਾ ਖ਼ਤਰਨਾਕ ਹੋ ਸਕਦੀ ਹੈ। ਜੇਕਰ ਤੁਸੀਂ ਦ੍ਰਿੜ ਹੋ ਅਤੇ ਵਿਆਹ ਵਿੱਚ ਬੰਨ੍ਹ ਹੋਣਾ ਚਾਹੁੰਦੇ ਹੋ ਤਾਂ ਖ਼ੁਸ਼ਨੁਮਾ ਮਾਹੌਲ ਤਿਆਰ ਕਰਨਾ ਜ਼ਰੂਰੀ ਹੈ। ਅਜਿਹਾ ਫੈਸਲਾ ਕਰਨ ਵਾਲੀਆਂ ਲੜਕੀਆਂ ਨੂੰ ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪਰੰਪਰਾਗਤ ਭਾਰਤ ਵਿੱਚ ਲੜਕਿਆਂ ਤੋਂ ਵੱਧ ਲੜਕੀਆਂ ਤੋਂ ਤਾਲਮੇਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਅਜਿਹੇ ਵਿੱਚ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਵਿਆਹ ਦੇ ਬਾਅਦ ਹਰੇਕ ਨਾਲ ਖੁਸ਼ ਰਹੇ। ਜੇਕਰ ਕਿਸੇ ਨੂੰ ਨਾਪਸੰਦ ਵੀ ਕਰਦੀ ਹੋ ਤਾਂ ਵੀ ਉਹਨਾਂ ਨੂੰ ਅਹਿਸਾਸ ਨਾ ਹੋਣ ਦਿਓ। ਜੇਕਰ ਕਿਸੀ ਚੀਜ਼ ਤੋਂ ਵਾਰ ਵਾਰ ਪ੍ਰੇਸ਼ਾਨ ਹੋ, ਤਾਂ ਇਸ ਬਾਰੇ ਵਿੱਚ ਆਪਣੇ ਪਤੀ ਨਾਲ ਗੱਲ ਕਰੋ। ਆਪਸੀ ਗੱਲਬਾਤ ਦੇ ਜ਼ਰੀਏ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕਰੋ। ਅੰਤਰਜਾਤੀ ਜਾਂ ਅੰਤਰਧਾਰਮਿਕ ਵਿਆਹ ਤਦੇ ਸਫ਼ਲ ਹੋਏਗਾ, ਜਦ ਇਸਤਰੀ ਪੁਰਸ਼ ਆਪਣੇ ਜਾਤੀਗਤ ਅਤੇ ਧਾਰਮਿਕ ਪਖੰਡਾਂ ਨੂੰ ਛੱਡ ਕੇ ਆਪਸੀ ਇੱਜ਼ਤ ਦੇਣ ਨੂੰ ਪਹਿਲ ਦਿਓਗੇ।

## ਤਰਕਸ਼ੀਲ

'ਡੇਰੇ ਵਾਲੇ ਬਾਬੇ ਨੇ ਤਾਂ ਰਾਤ ਕਥਾ ਸੁਣਾਕੇ ਸਾਰੀ ਸੰਗਤ ਨੂੰ ਨਿਹਾਲ ਕਰ ਦਿੱਤਾ'। ਪਿੰਡ ਦੀ ਸੱਥ ਵਿੱਚ ਬੈਠੇ ਪਿੰਡ ਵਾਸੀ ਬੜੇ ਜ਼ੋਰ ਸ਼ੋਰ ਨਾਲ ਬਾਬੇ ਦੀ ਵਡਿਆਈ ਕਰ ਰਹੇ ਸਨ। ਏਨੇ ਚਿਰ ਨੂੰ ਉਹਨਾਂ ਨੂੰ ਪਿੰਡ ਦਾ ਤਰਕਸ਼ੀਲ ਦਲੀਪ ਸਿੰਘ ਬਿੱਟੂ ਸਾਹਮਣੇ ਆਉਂਦਾ ਦਿਸਿਆ। ਸਾਰੇ ਆਖਣ ਲੱਗੇ, 'ਆਪਾਂ ਬਿੱਟੂ ਨੂੰ ਛੇੜੀਏ ਬਈ ਇਹ ਦੱਸ ਰਾਤੀਂ ਬਾਬੇ ਦੀ ਕਥਾ ਕਿਹੋ ਜਹੀ ਲੱਗੀ"? ਇਕ ਨੇ ਆਖਿਆ, "ਇਹ ਇਹੋ ਜਿਹੀ ਥਾਂ ਨਹੀਂ ਜਾਂਦੇ"? ਤਾਂ ਝੱਟ ਦੂਜੇ ਨੇ ਆਖਿਆ, "ਇਹ ਜਾਂਦੇ ਜ਼ਰੂਰ ਨੇ ਪਰ ਆਪਣੇ ਵਾਂਗ ਅੱਖਾਂ ਮੀਚ ਕੇ ਸੁਣਨ ਨਹੀਂ ਜਾਂਦੇ ਬਲਕਿ ਡੂੰਘਾਈ ਤੱਕ ਜਾ ਕੇ ਸੱਚ ਲੱਭਦੇ ਹਨ"। ਏਨੇ ਚਿਰ ਨੂੰ ਦਲੀਪ ਸਿੰਘ ਸੱਥ ਵਿੱਚ ਪਹੁੰਚ ਗਿਆ ਤਾਂ ਸਾਰੇ ਇਕੱਠੇ ਬੋਲੇ, "ਤਰਕਸ਼ੀਲਾ ਰਾਤ ਬਾਬੇ ਦੀ ਕਥਾ ਸੁਣੀ ਸੀ, ਜੇ ਸੁਣੀ ਸੀ ਤਾਂ ਸਾਨੂੰ ਵੀ ਕੁੱਝ ਦੱਸ"? "ਹਾਂ ਮੈਂ ਗਿਆ ਸੀ, ਪਰ ਸਾਰਿਆਂ ਦੇ ਪਿੱਛੇ ਬੈਠ ਕੇ ਸੁਣ ਕੇ ਆਇਆ ਹਾਂ"। ਬਾਬਾ ਜੀ ਕਹਿੰਦੇ ਸਨ ਮੌਤ ਅਟੱਲ ਹੈ, ਸਮਾਂ, ਸਥਾਨ ਅਤੇ ਕਾਰਨ ਨਿਸ਼ਚਤ ਹੈ ਤਾਂ ਮੈਂ ਪੁੱਛਦਾ ਹਾਂ ਜੇ ਮੌਤ ਅਟੱਲ ਹੈ, ਸਮਾਂ, ਸਥਾਨ ਅਤੇ ਕਾਰਨ ਨਿਸ਼ਚਤ ਹੈ ਤਾਂ ਬਾਬਾ ਐਨੇ ਬਾਡੀ ਗਾਰਡ ਨਾਲ ਕਿਉਂ ਲਈ ਫਿਰਦਾ ਹੈ, ਬਾਬਾ ਤਾਂ ਆਏਂ ਲੱਗ ਰਿਹਾ ਸੀ ਜਿਵੇਂ ਉਹ ਕਬਜ਼ਾ ਲੈਣ ਆਇਆ ਹੋਵੇ ਚੌਹੀਂ ਪਾਸੀਂ ਬੰਦੂਕਾਂ ਵਾਲੇ ਖੜ੍ਹੇ ਸਨ? ਸਾਰੇ ਇੱਕ ਦੂਜੇ ਵੱਲ ਇਸ਼ਾਰਾ ਕਰਕੇ ਕਹਿੰਦੇ, "ਕਿਉਂ ਲੱਗ ਗਿਆ ਪਤਾ, ਇਹਨਾਂ ਨੂੰ ਕਹਿੰਦੇ ਨੇ ਤਰਕਸ਼ੀਲ, ਖੋਲਤੀਆਂ ਨਾ ਅੱਖਾਂ"।

**ਅਮਰੀਕ ਸਿੰਘ ਤਲਵੰਡੀ, ਮੁਲਾਂਪੁਰ ਦਾਖਾ (ਲੁਧਿਆਣਾ) 9463542896**

ਕਹਾਣੀ

# ਉੱਲੂ ਅਤੇ ਹੰਸ

ਇਕ ਵਾਰ ਇਕ ਹੰਸ ਅਤੇ ਹੰਸਣੀ ਹਰਿਦੁਆਰ ਦੇ ਸੁਰਮਈ ਵਾਤਾਵਰਣ ਤੋਂ ਭਟਕਦੇ ਹੋਏ, ਉਜੜੇ ਵੀਰਾਨ ਅਤੇ ਰੇਗਿਸਤਾਨ ਦੇ ਇਲਾਕੇ ਵਿਚ ਆ ਗਏ। ਹੰਸਣੀ ਨੇ ਹੰਸ ਨੂੰ ਕਿਹਾ, "ਇਹ ਕਿਸ ਉਜੜੇ ਇਲਾਕੇ ਵਿਚ ਆ ਗਏ? ਇਥੇ ਨਾ ਤਾਂ ਪਾਣੀ ਹੈ, ਨਾ ਜੰਗਲ ਅਤੇ ਨਾ ਹੀ ਠੰਢੀਆਂ ਹਵਾਵਾਂ ਹਨ, ਇਥੇ ਤਾਂ ਸਾਡਾ ਜਿਉਣਾ ਮੁਸ਼ਕਲ ਹੋ ਜਾਵੇਗਾ।"

ਭਟਕਦੇ-ਭਟਕਦੇ ਸ਼ਾਮ ਹੋ ਗਈ ਤਾਂ ਹੰਸ ਨੇ ਹੰਸਣੀ ਨੂੰ ਕਿਹਾ, "ਭਾਗਵਾਨੇ! ਔਖੀ-ਸੌਖੀ ਅੱਜ ਦੀ ਰਾਤ ਲੰਘਾ ਲੈ, ਸਵੇਰੇ ਅਸੀਂ ਹਰਿਦੁਆਰ ਚਲੇ ਜਾਵਾਂਗੇ।"

ਰਾਤ ਹੋਈ ਤਾਂ ਜਿਸ ਦਰੱਖਤ ਹੇਠਾਂ ਹੰਸ ਅਤੇ ਹੰਸਣੀ ਆਰਾਮ ਕਰ ਰਹੇ ਸਨ, ਉਸ 'ਤੇ ਇਕ ਉੱਲੂ ਬੈਠਾ ਸੀ। ਉਹ ਜ਼ੋਰ ਨਾਲ ਚੀਖਾਂ ਮਾਰਨ ਲੱਗ ਗਿਆ।

ਹੰਸਣੀ ਨੇ ਹੰਸ ਨੂੰ ਕਿਹਾ, "ਦੇਖੋ, ਇੱਥੇ ਤਾਂ ਰਾਤ ਨੂੰ ਸੌਂ ਵੀ ਨਹੀਂ ਸਕਦੇ। ਇਹ ਉੱਲੂ ਰੌਲਾ ਪਾ ਰਿਹੈ।"

ਹੰਸ ਨੇ ਫਿਰ ਹੰਸਣੀ ਨੂੰ ਸਮਝਾਇਆ, "ਕਿਸੇ ਤਰ੍ਹਾਂ ਅੱਜ ਦੀ ਰਾਤ ਕੱਟ ਲੈ।"

ਹੰਸਣੀ ਨੇ ਕਿਹਾ, "ਮੈਨੂੰ ਸਮਝ ਆ ਗਿਆ ਕਿ ਇਹ ਇਲਾਕਾ ਵਿਰਾਨ ਕਿਉਂ ਹੈ? ਅਜਿਹੇ ਉੱਲੂ ਜਿਸ ਇਲਾਕੇ ਵਿਚ ਰਹਿਣਗੇ, ਉਹ ਤਾਂ ਵੀਰਾਨ ਤੇ ਉਜੜਿਆ ਰਹੇਗਾ ਹੀ।"

ਦਰੱਖਤ 'ਤੇ ਬੈਠਾ ਉੱਲੂ ਦੋਵਾਂ ਦੀਆਂ ਗੱਲਾਂ ਸੁਣ ਰਿਹਾ ਸੀ।

ਸਵੇਰ ਹੋਈ, ਉੱਲੂ ਹੇਠਾਂ ਆਇਆ ਅਤੇ ਉਸ ਨੇ ਕਿਹਾ, "ਹੰਸ ਭਾਈ, ਮੇਰੇ ਕਾਰਨ ਤੁਹਾਨੂੰ ਰਾਤ ਨੂੰ ਤਕਲੀਫ਼ ਹੋਈ, ਮੈਨੂੰ ਮਾਫ਼ ਕਰ ਦਿਓ।"

ਹੰਸ ਨੇ ਕਿਹਾ, "ਕੋਈ ਗੱਲ ਨਹੀਂ ਮਿੱਤਰ, ਤੁਹਾਡਾ ਧੰਨਵਾਦ।"

ਇਹ ਕਹਿ ਕੇ ਜਿਵੇਂ ਹੀ ਹੰਸ ਅਤੇ ਹੰਸਣੀ ਅੱਗੇ ਵਧੇ, ਪਿੱਛੇ ਤੋਂ ਉੱਲੂ ਚਿਲਾਇਆ, "ਓਏ ਹੰਸ! ਮੇਰੀ ਪਤਨੀ ਨੂੰ ਲੈ ਕੇ ਕਿੱਥੇ ਜਾ ਰਿਹੈਂ?"

ਹੰਸ ਹੱਕਾ-ਬੱਕਾ ਰਹਿ ਗਿਆ, ਉਸ ਨੇ ਕਿਹਾ, "ਤੁਹਾਡੀ ਪਤਨੀ??"

"ਓ ਭਾਈ, ਇਹ ਹੰਸਣੀ ਹੈ, ਮੇਰੀ ਪਤਨੀ, ਮੇਰੇ ਨਾਲ ਆਈ ਸੀ, ਮੇਰੇ ਨਾਲ ਜਾ ਰਹੀ ਹੈ!"

ਉੱਲੂ ਨੇ ਕਿਹਾ, "ਜ਼ਿਆਦਾ ਨਾ ਬੋਲ, ਇਹ ਮੇਰੀ ਪਤਨੀ ਹੈ!"

ਦੋਵਾਂ ਵਿਚਾਲੇ ਝਗੜਾ ਵਧ ਗਿਆ। ਪੂਰੇ ਇਲਾਕੇ ਦੇ ਲੋਕ ਇਕੱਠੇ ਹੋ ਗਏ। ਕਈ ਪਿੰਡਾਂ ਦੀ ਜਨਤਾ ਬੈਠੀ। ਪੰਚਾਇਤ ਬੁਲਾਈ ਗਈ। ਪੰਚਲੋਕ ਵੀ ਆ ਗਏ। ਬੋਲੇ, "ਹਾਂ, ਬਈ ਕਿਸ ਗੱਲ ਦਾ ਝਗੜਾ ਹੈ!??"

ਲੋਕਾਂ ਨੇ ਝਗੜੇ ਬਾਰੇ ਪੰਚਲੋਕ ਨੂੰ ਦੱਸਿਆ, "ਉੱਲੂ ਕਹਿ ਰਿਹੈ ਹੰਸਣੀ ਉਸ ਦੀ ਪਤਨੀ ਹੈ ਅਤੇ ਹੰਸ ਕਹਿ ਰਿਹਾ ਹੈ ਕਿ ਹੰਸਣੀ ਉਸ ਦੀ ਪਤਨੀ ਹੈ।"

ਲੰਬੀ ਗੱਲਬਾਤ ਅਤੇ ਪੰਚਾਇਤ ਮਗਰੋਂ ਪੰਚ ਕਿਸੇ ਸਿੱਟੇ 'ਤੇ ਪਹੁੰਚੇ ਅਤੇ ਕਿਹਾ, "ਭਾਈ ਗੱਲ ਤਾਂ ਸਹੀ ਹੈ ਕਿ ਹੰਸਣੀ, ਹੰਸ ਦੀ ਪਤਨੀ ਹੈ, ਪਰ ਇਹ ਹੰਸ ਅਤੇ ਹੰਸਣੀ ਤਾਂ ਅਜੇ ਥੋੜ੍ਹੀ ਦੇਰ ਵਿਚ ਇਸ ਪਿੰਡੋਂ ਚਲੇ ਜਾਣਗੇ। ਸਾਡੇ ਵਿਚਕਾਰ ਤਾਂ ਉੱਲੂ ਨੇ ਹੀ ਰਹਿਣਾ ਹੈ। ਇਸ ਲਈ ਫ਼ੈਸਲਾ ਉੱਲੂ ਦੇ ਹੀ ਹੱਕ ਵਿਚ ਸੁਣਾਉਣਾ ਚਾਹੀਦੇ।"

ਫਿਰ ਪੰਚਾਂ ਨੇ ਅਪਣਾ ਫ਼ੈਸਲਾ ਸੁਣਾਇਆ ਅਤੇ ਕਿਹਾ, "ਸਾਰੇ ਤੱਥਾਂ ਅਤੇ ਸਬੂਤਾਂ ਦੀ ਜਾਂਚ ਕਰਨ ਮਗਰੋਂ ਇਹ ਪੰਚਾਇਤ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਹੰਸਣੀ ਉੱਲੂ ਦੀ ਪਤਨੀ ਹੈ ਅਤੇ ਹੰਸ ਨੂੰ ਤੁਰੰਤ ਪਿੰਡ ਛੱਡਣ ਦਾ ਹੁਕਮ ਦਿੱਤਾ ਜਾਂਦਾ ਹੈ।"

ਇਹ ਸੁਣਦੇ ਹੀ ਹੰਸ ਹੈਰਾਨ ਹੋ ਗਿਆ ਅਤੇ ਰੋਣ, ਚੀਖਣ ਅਤੇ ਚਿਲਾਉਣ ਲੱਗਿਆ, "ਪੰਚਾਇਤ ਨੇ ਗ਼ਲਤ ਫ਼ੈਸਲਾ ਸੁਣਾਇਆ ਹੈ। ਉੱਲੂ ਨੇ ਮੇਰੀ ਪਤਨੀ ਖੋਹ ਲਈ।"

ਰੋਂਦੇ ਕੁਰਲਾਉਂਦੇ ਜਦੋਂ ਉਹ ਅੱਗੇ ਵਧਣ ਲੱਗਿਆ ਤਾਂ ਉੱਲੂ ਨੇ ਆਵਾਜ਼ ਮਾਰੀ, "ਦੋਸਤ ਹੰਸ, ਰੁਕ!"

ਹੰਸ ਨੇ ਰੋਂਦਿਆਂ ਕਿਹਾ, "ਬਾਈ, ਹੁਣ ਕੀ ਕਰੋਗੇ? ਪਤਨੀ ਤਾਂ ਤੁਸੀਂ ਲੈ ਹੀ ਲਈ, ਹੁਣ ਜਾਨ ਵੀ ਲਵੋਗੇ ਕੀ?"

ਉੱਲੂ ਨੇ ਕਿਹਾ, "ਨਹੀਂ ਦੋਸਤ, ਇਹ ਹੰਸਣੀ ਤੁਹਾਡੀ ਪਤਨੀ ਸੀ, ਹੈ ਅਤੇ ਰਹੇਗੀ!"

ਉੱਲੂ ਨੇ ਅੱਗੇ ਕਿਹਾ, "ਪਰ ਜਦੋਂ ਕੱਲ੍ਹ ਰਾਤ ਮੈਂ ਚੀਕਾਂ ਮਾਰ ਰਿਹਾ ਸੀ ਤਾਂ ਤੁਹਾਡੀ ਅਪਣੀ ਪਤਨੀ ਨੇ ਕਿਹਾ ਸੀ ਕਿ ਇਹ ਇਲਾਕਾ ਉਜੜਿਆ ਅਤੇ ਵੀਰਾਨ ਇਸ ਲਈ ਹੈ, ਕਿਉਂਕਿ ਇਥੇ ਉੱਲੂ ਰਹਿੰਦਾ ਹੈ।"

ਉੱਲੂ ਨੇ ਆਪਣਾ ਸਪਸ਼ਟੀਕਰਨ ਦਿੰਦਿਆਂ ਕਿਹਾ, "ਦੋਸਤ, ਇਹ ਇਲਾਕਾ ਉਜੜਿਆ ਅਤੇ ਵੀਰਾਨ ਇਸ ਲਈ ਨਹੀਂ ਹੈ ਕਿ ਇਥੇ ਉੱਲੂ ਰਹਿੰਦਾ ਹੈ। ਇਹ ਇਲਾਕਾ ਉਜੜਿਆ ਅਤੇ ਵੀਰਾਨ ਇਸ ਲਈ ਹੈ, ਕਿਉਂਕਿ ਇਥੇ ਅਜਿਹੇ ਪੰਚ ਰਹਿੰਦੇ ਹਨ, ਜਿਹੜੇ ਉੱਲੂਆਂ ਦੇ ਹੱਕ ਵਿਚ ਫ਼ੈਸਲਾ ਸੁਣਾਉਂਦੇ ਹਨ।"

ਉੱਲੂ ਨੇ ਕਿਹਾ, "ਸ਼ਾਇਦ 65 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਸਾਡੇ ਦੇਸ਼ ਦੀ ਦੁਰਦਸ਼ਾ ਦਾ ਮੂਲ ਕਾਰਨ ਇਹ ਹੀ ਹੈ ਕਿ ਅਸੀਂ ਉਮੀਦਵਾਰ ਦੀ ਯੋਗਤਾ ਨਾ ਵੇਖਦਿਆਂ, ਹਮੇਸ਼ਾ 'ਇਹ ਸਾਡੀ ਜਾਤੀ ਦਾ ਹੈ', 'ਇਹ ਸਾਡੀ ਪਾਰਟੀ ਦਾ ਹੈ', ਦੇ ਆਧਾਰ 'ਤੇ ਆਪਣਾ ਫ਼ੈਸਲਾ ਉੱਲੂਆਂ ਦੇ ਹੀ ਪੱਖ ਵਿਚ ਸੁਣਾਇਆ ਹੈ, ਦੇਸ਼ ਦੀ ਬਦਹਾਲੀ ਅਤੇ ਦੁਰਦਸ਼ਾ ਲਈ ਕਿਤੇ ਨਾ ਕਿਤੇ ਅਸੀਂ ਵੀ ਜ਼ਿੰਮੇਵਾਰ ਹਾਂ।"




ਸੂ ਚ ਨਾ

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ 400/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



ਲਘੂ ਵਿਗਿਆਨ ਨਾਟਕ

# ਕਹਤ ਕਬੀਰ ਸੁਨੋ ਭਾਈ ਸਾਧੋ, ਬਾਤ ਕਹੂੰ ਮੈਂ ਖਰੀ-ਖਰੀ

**ਦ੍ਰਿਸ਼ ਪਹਿਲਾ:**

ਕਚਰੇ ਦਾ ਡੱਬਾ : ਹਰ ਕਚਰੇ ਨੂੰ ਨਿਗਲ ਮੈਂ ਜਾਵਾਂ, ਕਚਰੇ ਦਾ ਡੱਬਾ ਮੈਂ ਅਖਵਾਵਾਂ।

ਪਹਿਲਾ ਆਦਮੀ : (ਆਕੇ ਕਚਰੇ ਦੀ ਟੋਕਰੀ ਵਿਚ ਕੂੜਾ-ਕਰਕਟ ਸੁੱਟਦਿਆਂ ਹੋਇਆਂ)

ਕੂੜਾਦਾਨ ਵਿਚ ਕੂੜਾ ਸੁੱਟੋ, ਹਰ ਜਗਾਹ ਫੇਰ ਸਫ਼ਾਈ ਵੇਖੋ।

ਦੂਜਾ ਆਦਮੀ : (ਆਉਂਦੇ-ਆਉਂਦੇ)

ਕੂੜਾਦਾਨ : ਇਹ ਗੱਲ ਤਾਂ ਤੂੰ ਹੈ ਵਧੀਆ ਆਖੀ, ਪਰ ਕੀ ਹੈ ਇਹ ਇਹਨਾਂ ਦੀ ਸਮਝ ਵਿਚ ਆਈ।

ਦੂਜਾ ਆਦਮੀ : (ਆ ਕੇ ਕੂੜਾਦਾਨ ਵਿਚ ਪੋਲੀਥੀਨ ਲਿਫ਼ਾਫੇ ਵਿਚ ਭਰਿਆ ਕੂੜਾ ਸੁੱਟਦੇ ਹੋਇਆਂ)

ਗੱਲ ਸਾਰੀ ਮੈਂ ਸਮਝ ਗਿਆ, ਕੂੜਾਦਾਨ ਵਿਚ ਕੂੜਾ ਜਾ ਪਾਇਆ।

(ਦੋਵੇਂ ਆਦਮੀ ਗਾਣਾ ਗਾਉਂਦੇ ਹੋਏ ਚਲੇ ਜਾਂਦੇ ਹਨ....)

ਹੈ ਰਾਮ ਚੰਦਰ ਕਹਿ ਗਏ ਸੀਆ ਸੇ, ਐਸਾ ਸਮਾਂ ਵੀ ਆਏਗਾ।

ਇਕ ਕੂੜਾਦਾਨ ਅਸਾਨੂੰ, ਗੱਲ ਪਤੇ ਦੀ ਬਤਾਏਗਾ।

**ਦ੍ਰਿਸ਼ ਦੂਜਾ:**

(ਇਕ ਜਾਨਵਰ ਆਕੇ ਪੋਲੀਥੀਨ ਲਿਫ਼ਾਫੇ ਵਾਲਾ ਕੂੜਾ ਖਾ ਕੇ ਮਰ ਜਾਂਦਾ ਹੈ। ਫੇਰ ਇਕ ਹੋਰ ਆਦਮੀ ਆ ਕੇ ਪੋਲੀਥੀਨ ਦਾ ਲਿਫ਼ਾਫਾ ਸੁੱਟ ਜਾਂਦਾ ਹੈ)

**ਦ੍ਰਿਸ਼ ਤੀਜਾ:**

ਪੋਲੀਥੀਨ ਦਾ ਲਿਫ਼ਾਫ਼ਾ : ਮੈਂ ਹਾਂ ਇੱਕ ਪੋਲੀਥੀਨ ਖਾਸ, ਆ ਗਈ ਫੇਰ ਆਪਣੇ ਦੋਸਤਾਂ ਦੇ ਪਾਸ।

ਸੁੱਕੇ ਪੱਤੇ : ਵੱਡੀ ਆਈ ਹੈ ਪੋਲੀਥੀਨ ਖਾਸ, ਪਹਿਲਾਂ ਵੇਖ ਮਰੇ ਹੋਏ ਜਾਨਵਰ ਨੂੰ ਪਾਸ।

ਛਿਲਕਾ : ਤੂੰ ਹੀ ਹੋ ਇਸਦੇ ਜ਼ਿੰਮੇਵਾਰ, ਤੂੰ ਹੀ ਤਾਂ ਦਿੱਤਾ ਹੈ ਇਸਨੂੰ ਮਾਰ।

ਪੋਲੀਥੀਨ ਦਾ ਲਿਫ਼ਾਫ਼ਾ : ਮੈਂ...? ਮੈਂ.... ਕਿਵੇਂ ਇਸਦੀ ਜ਼ਿੰਮੇਦਾਰ?

ਮੈਂ ਇਸਨੂੰ ਦਿੱਤਾ ਹੈ ਕਿਵੇਂ ਮਾਰ?

ਛਿਲਕਾ : ਸੰਗ ਮੇਰੇ ਤੈਨੂੰ ਵੀ ਖਾਧਾ, ਫੇਰ ਪਿੱਛੇ ਪਿਆ ਤੇਰਾ ਛਾਇਆ।

ਅੰਤੜੀਆਂ ਵਿੱਚੋਂ ਨਿਕਲ ਨਾ



ਪਾਈ ਅਤੇ ਇਸਨੇ ਵਿਅਰਥ ਜਾਨ ਗੰਵਾਈ।

ਪੋਲੀਥੀਨ : ਪਰ ਇਸ ਵਿੱਚ ਮੇਰਾ ਕੀ ਹੈ ਕਸੂਰ, ਤੁਸੀਂ ਵੀ ਤਾਂ ਸੀ ਮੇਰੇ ਅੰਦਰ ਹਜ਼ੂਰ। ਤੈਨੂੰ ਖਾਣ ਲਈ ਝਪਟ ਪਿਆ, ਨਾਲ ਹੀ ਮੈਨੂੰ ਵੀ ਨਿਗਲ ਗਿਆ।

ਕਾਗਜ਼ : ਹੁਣ ਇਸ ਝਗੜੇ ਨੂੰ ਤੁਸੀਂ ਖਤਮ ਕਰੋ, ਅਤੇ ਜ਼ਰਾ ਹਕੀਕਤ ਬਾਰੇ ਗੌਰ ਕਰੋ।

ਪਲਾਸਟਿਕ ਬੋਤਲ : ਸਾਡੇ ਸਭ ਦੇ ਕਈ ਪ੍ਰਕਾਰ, ਅਲੱਗ ਹਨ ਆਪਣੇ ਆਚਾਰ ਵਿਚਾਰ।

ਪੋਲੀਥੀਨ : ਸਾਡੇ ਵਿੱਚੋਂ ਹਨ ਕਈ ਬਾਇਉਡੀਗਰੇਡੇਬਲ (ਗਲ ਸੜ ਜਾਣ ਵਾਲੇ), ਹਾਂ ਅਤੇ ਕਈ ਹੋਰ ਹਨ ਨਾਨ-ਬਾਇਉਡੀਗਰੇਡੇਬਲ

ਸਰਜੀਤ ਤਲਵਾਰ

(ਭਾਵ ਜਿਹੜੇ ਗਲਦੇ ਸੜਦੇ ਨਹੀਂ)।

ਛਿਲਕਾ : ਕੁੱਝ ਦਾ ਤਾਂ ਰੀਸਾਈਕਲਿੰਗ ਵੀ ਹੁੰਦਾ ਹੈ, ਪਰ ਮਨੁੱਖ ਇਸ ਬਾਰੇ ਕਦੋਂ ਸੋਚਦਾ ਹੈ?

ਕਾਗਜ਼ : ਇੱਕ ਹੀ ਤਰਾਜੂ ਵਿੱਚ ਸਾਨੂੰ ਸਭ ਨੂੰ ਤੋਲੇ, ਇੱਕ ਹੀ ਕੂੜੇਦਾਨ ਵਿੱਚ ਸਾਨੂੰ ਸਭ ਨੂੰ ਸੁੱਟੇ।

ਪੋਲੀਥੀਨ : ਨਾ ਸੋਚੇ ਇਹ ਜਾਨਵਰਾਂ ਦਾ, ਨਾ ਸੋਚੇ ਇਹ ਪੇੜ-ਪੌਦਿਆਂ ਦਾ।

ਸੋਚਦਾ ਰਹਿੰਦਾ ਸਿਰਫ਼ ਆਪਣੇ ਬਾਰੇ, ਕਿਵੇਂ ਸੋਚੇਗਾ ਇਹ ਸਾਡੇ ਸਭ ਦੇ ਬਾਰੇ।

ਛਿਲਕਾ : ਜੇ ਚੱਲਦਾ ਰਿਹਾ ਇੰਝ ਹੀ ਇਹ ਸਿਲਸਿਲਾ, ਜਲਦੀ ਹੀ ਪ੍ਰਦੂਸ਼ਣ ਆਪਣਾ ਜਾਲ ਦੇਵੇਗਾ ਫੈਲਾਅ।

ਪਲਾਸਟਿਕ ਬੋਤਲ : ਨਹੀਂ, ਅਸੀਂ ਇਹ ਹੋਣ ਨਹੀਂ ਦੇਵਾਂਗੇ, ਸੁੱਤੇ ਇਨਸਾਨ ਨੂੰ ਜਗਾ ਅਸੀਂ ਦੇਵਾਂਗੇ।

ਜੇ ਅਸੀਂ ਮਜ਼ਬੂਰ ਉਹਨਾਂ ਨੂੰ ਕਰਾਂਗੇ, ਫੇਰ ਹੀ ਉਹ ਸਾਡੇ ਬਾਰੇ ਸੋਚਣਗੇ।

ਕਾਗਜ਼ : ਕੱਲ ਹੀ ਸੜਕਾਂ ਤੇ ਨਿਕਲੇਗੀ ਰੈਲੀ ਅਸਾਡੀ, ਜੁੜੇਗੀ ਇਸ ਨਾਲ ਬਾਕੀ ਪ੍ਰਾਣੀ ਸ੍ਰਿਸ਼ਟੀ ਵੀ ਸਾਰੀ।

ਪਲਾਸਟਿਕ ਬੋਤਲ : ਮਨੁੱਖਾਂ ਦੇ ਖਿਲਾਫ਼ ਇਹ ਲੜਾਈ ਅਸੀਂ ਲੜਾਂਗੇ, ਹੱਕ ਆਪਣੇ ਲੈਣ ਵਾਸਤੇ ਅਸੀਂ ਕੁੱਝ ਵੀ ਕਰ ਗੁਜਰਾਂਗੇ।

ਸਾਰੇ : ਇਨਸਾਨ ਪ੍ਰਜਾਤੀ ਹਾਏ... ਹਾਏ... ਹਾ...

ਦ੍ਰਿਸ਼ ਚੌਥਾ : (ਕੂੜੇ-ਕਰਕਟ ਦੀ ਰੈਲੀ)

ਸਾਰੇ : ਇਨਸਾਨ ਪ੍ਰਜਾਤੀ ਹਾਏ ਹਾਏ... ਹਾਏ ਹਾਏ...

ਮਨੁੱਖੀ ਨਸਲ ਮੁਰਦਾਬਾਦ... ਮੁਰਦਾਬਾਦ..

ਸਾਨੂੰ ਸਾਡਾ ਹੱਕ ਦਿਉ... ਹੱਕ ਦਿਉ... ਹੱਕ ਦਿਉ।

ਕਿਸਮ ਮੁਤਾਬਿਕ ਸਾਨੂੰ ਵੱਖ ਰੱਖੋ... ਵੱਖ ਰੱਖੋ... ਵੱਖ ਰੱਖੋ...

ਪਲਾਸਟਿਕ ਬੋਤਲ, ਕਾਗਜ਼ : ਰੀਸਾਈਕਲਿੰਗ ਸਾਡਾ ਹੁੰਦਾ ਹੈ, ਪਰ ਸਾਨੂੰ ਕੂੜੇ-ਕਰਕਟ ਤੋਂ ਧੋਖਾ ਹੈ।

ਸਾਨੂੰ ਸੁੱਕਾ ਅਤੇ ਅਲੱਗ ਰੱਖੋ, ਅਤੇ ਵਾਤਾਵਰਣ ਸੰਭਾਲ ਕਰੋ।

ਸੁੱਕੇ ਪੱਤੇ : ਸੁਣੋ ਸੁਣੋ ਉਏ ਇਨਸਾਨੋ, ਅੱਜ ਤੋਂ ਸਾਨੂੰ ਨਾ ਜਲਾਵੋ, ਅਲੱਗ ਅਸਾਨੂੰ ਰੱਖਕੇ ਕੰਪੋਜ਼ਟ ਬਣਾਵੋ ਅਤੇ ਫੇਰ ਵਾਤਾਵਰਣ ਹਿਤੈਸ਼ੀ ਖਾਦ ਬਣਾਵੋ।

ਪੋਲੀਥੀਨ : ਸਾਡੀ ਵਰਤੋਂ ਸੰਜਮ ਨਾਲ ਕਰੋ, ਵਾਤਾਵਰਣ ਨੂੰ ਬਚਾਵੋ, ਸਾਨੂੰ ਹੋਰਨਾਂ ਤੋਂ ਰੱਖਕੇ ਵੱਖ ਰੀਸਾਈਕਲਿੰਗ ਵੀ ਕਰਾਵੋ।

ਛਿਲਕਾ : ਕੂੜਾ ਸਮਝ ਤੁਸੀਂ ਸਾਨੂੰ ਸੁੱਟਦੇ, ਪਰ ਅਸੀਂ ਵੀ ਤਾਂ ਹਾਂ ਕੁਝ ਉਪਯੋਗੀ। ਹੋਰ ਜਾਨਵਰ ਸਾਨੂੰ ਖਾਂਦੇ ਅਤੇ ਬਣਦੇ ਵਾਤਾਵਰਣ ਪ੍ਰੇਮੀ।

ਕੰਪੋਜ਼ਟ ਸਾਡੀ ਜੇ ਬਣਾਉਂਦੇ ਤਾਂ ਬਣਦੀ ਧਰਤੀ ਵੀ ਹਰਿਆਲੀ।

ਸਾਨੂੰ ਅਲੱਗ ਰੱਖਕੇ ਕਰੋ ਭਲਾਈ ਜਾਨਵਰ ਸਾਨੂੰ ਖਾ ਕੇ ਕਰ ਦੇਣਗੇ ਸਫਾਈ।

ਪੇੜ, ਪੌਦੇ, ਜਾਨਵਰ : ਇਹਨਾਂ ਦੀ ਗੱਲ 'ਤੇ ਥੋੜ੍ਹਾ ਗੌਰ ਕਰੋ... ਗੌਰ ਕਰੋ... ਗੌਰ ਕਰੋ...

ਸਾਡੇ 'ਤੇ ਵੀ ਕੁਝ ਉਪਕਾਰ ਕਰੋ... ਉਪਕਾਰ ਕਰੋ... ਉਪਕਾਰ ਕਰੋ।

ਮਨੁੱਖ : ਸਾਰੀ ਗੱਲ ਅਸੀਂ ਸਮਝ ਗਏ ਹਾਂ, ਹਰ ਕੂੜੇ ਨੂੰ ਵੱਖ ਰੱਖਾਂਗੇ। ਕੁਦਰਤ ਦੀ ਰਾਖੀ ਕਰਕੇ, ਰਹਾਂਗੇ ਸਾਰੇ ਮਿਲਜੁਲ ਕੇ।

# ਡਾ. ਹੋਮੀ ਜਹਾਂਗੀਰ ਭਾਬਾ

ਉਸ ਵੇਲੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਇਕ ਨਿੱਕੜਾ ਜੇਹਾ ਪ੍ਰਮਾਣੂ, ਕਦੇ ਵੱਡੇ-ਵੱਡੇ ਬਿਜਲੀ ਘਰਾਂ ਨੂੰ ਚਲਾਉਣ ਦਾ ਸਬੱਬ ਬਣੇਗਾ। ਇਸੇ ਪ੍ਰਮਾਣੂ ਤੋਂ ਬਣਿਆਂ ਪ੍ਰਮਾਣੂ ਬੰਬ, ਹੱਸਦੇ ਵਸਦੇ ਲੋਕਾਂ ਲਈ ਜਾਨ ਦਾ ਖੌਅ ਬਣ ਜਾਵੇਗਾ। ਲੋਕਾਂ ਨੂੰ ਇਹ ਗੱਲ ਉਸ ਵੇਲੇ ਸਮਝ ਪਈ, ਜਦੋਂ ਦੂਜੇ ਵਿਸ਼ਵ ਯੁੱਧ ਦੇ ਅੰਤਲੇ ਦਿਨੀਂ ਅਮਰੀਕਾ ਨੇ ਜਾਪਾਨ ਦੇ ਦੋ ਸ਼ਹਿਰਾਂ, ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟੇ। ਪਲ ਭਰ ਵਿੱਚ ਘੁੱਗ ਵਸਦੇ ਹੋਏ ਸ਼ਹਿਰ ਸੜ ਗਏ ਅਤੇ ਰਾਖ਼ ਦੇ ਢੇਰ ਬਣ ਗਏ। ਪੀੜ੍ਹੀ ਦਰ ਪੀੜ੍ਹੀ ਅੱਜ ਵੀ ਜਾਪਾਨੀ ਇਸ ਪ੍ਰਮਾਣੂ ਨਿਊਕਲੀਅਰ ਤਬਾਹੀ ਦਾ ਸੰਤਾਪ ਭੋਗ ਰਹੇ ਹਨ।

ਭਾਰਤ ਵਿੱਚ ਨਿਊਕਲਈ ਖੋਜਾਂ ਅਤੇ ਪ੍ਰਮਾਣੂ ਸ਼ਕਤੀ ਦੇ ਉਤਪਾਦਨ ਦੀ ਖੋਜ ਦਾ ਪਿਤਾਮਾ ਡਾ. ਹੋਮੀ ਜਹਾਂਗੀਰ ਭਾਬਾ ਨੂੰ ਮੰਨਿਆ ਜਾਂਦਾ ਹੈ। ਭਾਰਤ ਅੱਜ, ਸੰਸਾਰ ਦੇ ਪ੍ਰਮਾਣੂ ਸ਼ਕਤੀ ਵਾਲੇ ਮੁਲਕਾਂ ਦੀ ਕਤਾਰ ਵਿੱਚ, ਬੜੀ ਸ਼ਾਨ ਨਾਲ ਖੜ੍ਹਾ ਹੈ। ਡਾ. ਹੋਮੀ ਜਹਾਂਗੀਰ ਭਾਬਾ ਦਾ ਜਨਮ 30 ਅਕਤੂਬਰ 1909 ਈ. 'ਚ, ਬੰਬਈ ਸ਼ਹਿਰ ਵਿੱਚ, ਇਕ ਧਨਾਢ ਪਾਰਸੀ ਪਰਿਵਾਰ ਵਿੱਚ ਹੋਇਆ। ਬਚਪਨ ਤੋਂ ਹੀ ਭਾਬਾ ਬੜਾ ਤੇਜ਼ ਤਰਾਰ, ਅਲੌਕਿਕ ਬੁੱਧੀ ਵਾਲਾ, ਦ੍ਰਿੜ੍ਹ ਇਰਾਦੇ ਵਾਲਾ ਬੱਚਾ ਸੀ। ਮੁੱਢ ਤੋਂ ਹੀ ਉਸ ਦਾ ਝੁਕਾਅ ਗਣਿਤ ਅਤੇ ਵਿਗਿਆਨ ਵੱਲ ਵਧੇਰੇ ਸੀ।

ਮੁੱਢਲੀ ਸਿੱਖਿਆ, ਉਸਨੇ ਕੈਥੀਡਰਲ ਅਤੇ ਜਾਨਕਾਨਨ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਫਿਰ ਉਹ ਐਲਫਿੰਸਟਨ ਕਾਲਜ ਵਿੱਚ ਪੜ੍ਹਿਆ। ਉਹ ਬੰਬਈ ਦੇ ਰਾਇਲਇੰਸਟੀਚੂਟ ਆਫ਼ ਸਇੰਸ ਵਿੱਚ ਵੀ ਪੜ੍ਹਦਾ ਰਿਹਾ। ਉਦੋਂ ਉਸ ਦੀ ਉਮਰ ਸਤਾਰਾਂ ਸਾਲਾਂ ਦੀ ਸੀ, ਜਦੋਂ ਉਹ ਕੈਂਬਰਿਜ਼ ਵਿਸ਼ਵ ਵਿਦਿਆਲੇ ਵਿੱਚ ਮਕੈਨੀਕਲ ਇੰਜਨੀਅਰਿੰਗ ਕਰਨ ਲਈ ਇੰਗਲੈਂਡ ਚਲਾ ਗਿਆ। ਉਸ ਦੇ ਪਿਤਾ ਅਤੇ ਨੇੜੇ ਦੇ ਰਿਸ਼ਤੇਦਾਰ ਚੋਰਬ ਟਾਟਾ ਦੀ ਸਲਾਹ ਸੀ ਕਿ ਭਾਬਾ ਜਦੋਂ ਇੰਜਨੀਅਰ ਬਣਕੇ ਮੁੜੇਗਾ ਤਾਂ ਉਸਨੂੰ ਜਮਸੇਦਪੁਰ ਵਿੱਚ 'ਟਾਟਾ ਸਟੀਲਜ਼' ਵਿੱਚ ਧਾਤ ਵਿਗਿਆਨੀ ਦਾ ਅਹੁਦਾ ਸੌਂਪ ਦੇਣਗੇ।

ਕੈਂਬਰਿਜ਼ ਵਿਸ਼ਵ ਵਿਦਿਆਲੇ ਵਿੱਚ ਭਾਬਾ ਉੱਘੇ ਵਿਗਿਆਨੀਆਂ ਦੇ ਸੰਪਰਕ ਵਿੱਚ ਆਇਆ। ਨਾਮਵਰ ਭੌਤਿਕ ਵਿਗਿਆਨੀਆਂ ਰਾਜੀਉਦੀਨ ਸਿੱਦੀਕੀ ਤਾਂ ਉਸ ਦੇ ਮਨ 'ਤੇ ਡੂੰਘੀ ਛਾਪ ਛੱਡ ਗਿਆ ਸੀ। ਉਸ ਦੀ ਰੁਚੀ ਸਿਧਾਂਤਕ ਭੌਤਿਕ ਵਿਗਿਆਨ ਵੱਲ ਵਧੇਰੇ ਹੋ ਗਈ। 1930 ਦੇ ਵਰ੍ਹੇ ਉਸ ਨੇ ਮਕੈਨੀਕਲ 'ਚ ਆਨਰਜ਼ ਸਮੇਤ ਗ੍ਰੈਜੂਏਸ਼ਨ ; ਪਹਿਲੇ ਦਰਜ਼ੇ 'ਚ ਪਾਸ ਕੀਤੀ। ਉਸ ਨੂੰ ਇਸੇ ਕਰਕੇ ਵਜੀਫ਼ਾ ਵੀ ਮਿਲਿਆ।

ਸੰਨ 1932 ਤੋਂ 1934 ਤੱਕ ਦੇ ਸਮੇਂ ਦੌਰਾਨ ਉਸ ਦਾ ਮੇਲੇ-ਜੋਲ ਯੂਰਪ ਦੇ ਸਿਰ ਕੱਢ ਖੋਜੀਆਂ ਨਾਲ ਹੋਇਆ। ਉਹ ਪਾਲੀ ਕੋਲ ਜਿਊਰਖ ਗਿਆ। ਇਟਲੀ ਦੇ ਵਿਗਿਆਨੀ ਫਰਮੀ ਨਾਲ, ਉਸਨੂੰ ਖੋਜ ਕੰਮ ਕਰਨ ਦਾ ਮੌਕਾ ਮਿਲਿਆ। 1933 'ਚ ਨਿਊਕਲੀਅਰ ਫਿਜ਼ਿਕਸ ਦੇ ਖੋਜ ਕਾਰਜ ਕਰਨ 'ਤੇ ਉਸ ਨੂੰ ਪੀ. ਐਚ ਡੀ ਦੀ ਡਿਗਰੀ ਪ੍ਰਦਾਨ ਕੀਤੀ ਗਈ। ਉਸ ਦੇ ਪਹਿਲੇ ਖੋਜ ਪੱਤਰ 'ਕਾਸਮਿਕ ਕਿਰਨਾਂ ਨੂੰ ਸੋਖ਼ਣ' ਵਿੱਚ ਇਨ੍ਹਾਂ ਵਿਕਰਣਾਂ ਨੂੰ ਸੋਖਣ ਵਾਲੇ ਤੱਤਾਂ ਦਾ ਜ਼ਿਕਰ ਸੀ ਅਤੇ ਇਲੈਕਟਰਾਨਾਂ ਦੇ ਫੁਆਰੇ ਦੇ ਸਿਰਜਣ ਦਾ ਵਿਸਥਾਰ ਦਿੱਤਾ ਗਿਆ ਸੀ। ਸੰਨ 1936 'ਚ ਉਸ ਦੇ ਹਰ ਰੋਜ਼ ਲੇਖ ਪ੍ਰਕਾਸ਼ਤ ਹੋਏ। ਉਸ ਨੇ ਵਿਸਥਾਰ ਦਿੱਤਾ ਕਿ ਕਿਵੇਂ ਮੁੱਢਲੀਆਂ ਕਾਸਮਿਕ ਵਿਕਰਨਾਂ, ਬਾਹਰੀ ਵਾਯੂਮੰਡਲ ਤੋਂ ਪ੍ਰਵੇਸ਼ ਕਰਦੀਆਂ ਸਨ ਅਤੇ ਧਰਤੀ ਉਪਰਲੇ ਵਾਯੂਮੰਡਲ ਦੇ ਸੰਪਰਕ ਵਿੱਚ ਆ ਕੇ ਆਵੇਸਤ ਕਣ ਪੈਦਾ ਕਰਦੀਆਂ ਸਨ। ਇਹ ਆਵੇਸ਼ ਵਾਲੇ ਕਣ ਧਰਤੀ ਉਤੋਂ ਅਤੇ ਡੂੰਘਾਣਾਂ ਵਿੱਚ ਵੀ ਪਾਏ ਗਏ ਸਨ। ਡਾ. ਭਾਬਾ ਅਤੇ ਵਿਗਿਆਨੀ ਹੀਟਰਲ ਨੇ ਇਸ ਦਾ ਵੱਖ-ਵੱਖ ਉਚਾਈਆਂ 'ਤੇ ਵੀ ਅਧਿਐਨ ਕੀਤਾ। ਸੰਨ 1939 ਤੀਕ ਡਾ. ਭਾਬਾ ਕੈਂਬਰਿਜ਼ ਵਿਸ਼ਵ ਵਿਦਿਆਲੇ 'ਚ ਖੋਜ ਕਾਰਜ ਕਰਦਾ ਰਿਹਾ।

ਸਤੰਬਰ 1939 'ਚ, ਜਦੋਂ ਦੂਜਾ

ਪ੍ਰਿੰ: ਹਰੀ ਕ੍ਰਿਸ਼ਨ ਮਾਇਰ

ਵਿਸ਼ਵ ਯੁੱਧ ਸ਼ੁਰੂ ਹੋਇਆ, ਡਾ. ਭਾਬਾ ਭਾਰਤ ਵਾਪਸ ਮੁੜ ਆਇਆ। ਉਸ ਨੂੰ ਇੰਡੀਅਨ ਇੰਸਟੀਚੂਟ ਆਫ਼ ਸਾਇੰਸ, ਬੰਗਲੌਰ, ਵਿੱਚ ਸਿਧਾਂਤਕ ਭੌਤਿਕ ਵਿਗਿਆਨ ਦਾ ਰੀਡਰ ਲਾਇਆ ਗਿਆ। ਉਸ ਨੂੰ ਕਾਸਮਿਕ ਵਿਕਿਰਨਾਂ ਦਾ ਖੋਜ ਕੰਮ ਸੰਭਾਲਿਆ ਗਿਆ। ਇਸ ਤੋਂ ਇਲਾਵਾ ਉਹ ਵੱਖਰੇ ਤੌਰ 'ਤੇ ਨਿੱਕੇ ਪ੍ਰਮਾਣੂ ਦੇ ਕਣਾਂ ਦੀਆਂ ਗਤੀਆਂ ਸੰਬੰਧੀ ਅਤੇ ਨਿਊਕਲੀ ਹਥਿਆਰਾਂ ਬਾਰੇ 1944 'ਚ ਖੋਜ ਵਿਉਂਤਾਂ ਘੜਦਾ ਰਿਹਾ ਸੀ।

ਸੰਨ 1945 'ਚ ਡਾ. ਭਾਬਾ ਦੀ ਪ੍ਰੇਰਨਾ ਸਦਕਾ, ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ ਬੰਬਈ (ਹੁਣ ਮੁੰਬਈ) ਵਿਖੇ ਸਥਾਪਤ ਹੋਇਆ। ਡਾ. ਭਾਬਾ ਇਸ ਦਾ ਪਹਿਲਾ ਨਿਰਦੇਸ਼ਕ ਬਣਿਆ। ਉਹ ਇੱਥੇ ਪ੍ਰਮਾਣੂ ਊਰਜਾ ਪ੍ਰੋਗਰਾਮ ਦੀ ਨਜ਼ਰਸਾਨੀ ਵੀ ਕਰਦਾ ਸੀ। ਬਾਅਦ ਵਿੱਚ ਪ੍ਰਮਾਣੂ ਊਰਜਾ ਪ੍ਰੋਗਰਾਮ ਦੇ ਤਕਨੀਕੀ ਵਿਕਾਸ 'ਚ ਆਉਂਦੀਆਂ ਔਕੜਾਂ ਕਰਕੇ, ਅਟਾਮਿਕ ਐਨਰਜੀ ਅਸ਼ਟੈਬਲਿਸ਼ਮੈਂਟ ਟਰਾਂਬੇ (ਏ. ਈ. ਈ. ਟੀ.) ਨੇ 1954 'ਚ ਕੰਮ ਕਰਨਾ ਆਰੰਭ ਕਰ ਦਿੱਤਾ ਸੀ।

ਦੇਸ਼ ਦੇ ਆਜ਼ਾਦ ਹੋਣ ਪਿੱਛੋਂ, 1948 'ਚ ਪ੍ਰਮਾਣੂ ਊਰਜਾ ਕਮਿਸ਼ਨ ਬਣਿਆਂ। ਡਾ.



ਭਾਬਾ ਨੂੰ ਉਸ ਦਾ ਚੇਅਰਮੈਨ ਬਣਾਇਆ ਗਿਆ। ਇਸ ਕਮਿਸ਼ਨ ਨੇ ਦੇਸ਼ ਵਿੱਚ ਉਦਯੋਗਿਕ ਤਰੱਕੀ ਲਈ ਚੋਖ਼ਾ ਕੰਮ ਕੀਤਾ। ਡਾ. ਭਾਬਾ ਦੀ ਸ਼ਖ਼ਸ਼ੀਅਤ ਦਾ ਇੱਕ ਵੱਡਾ ਗੁਣ ਇਹ ਵੀ ਸੀ ਕਿ ਉਹ ਹੋਰ ਵਿਗਿਆਨੀਆਂ ਵਾਂਗ ਐਨਾ ਰੁੱਝਦਾ ਨਹੀਂ ਸੀ ਕਿ ਆਲੇ-ਦੁਆਲੇ ਦੀ ਸੁੱਧ ਹੀ ਨਾ ਰਹੇ। ਉਸ ਨੂੰ ਪਤਾ ਸੀ ਕਿ ਭਾਰਤ ਵਿੱਚ ਅਣਗਿਣਤ ਕਾਬਲ ਵਿਦਿਆਰਥੀ ਸਨ। ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਸੇਧ ਦੇਕੇ, ਮੁਹਾਰਤ ਲਿਖਾਕੇ, ਮੁਲਕ ਦੀ ਭਲਾਈ ਲਈ ਅਨੇਕਾਂ ਖੋਜਾਂ ਕੀਤੀਆਂ ਜਾ ਸਕਦੀਆਂ ਸਨ। ਸੰਨ 1954 'ਚ ਪ੍ਰਮਾਣੂ ਊਰਜਾ ਵਿਭਾਗ ਬਣਿਆ। ਡਾ. ਭਾਬਾ ਇਸ ਦਾ ਇੰਚਾਰਜ ਸਕੱਤਰ ਬਣਿਆ। ਇਸੇ ਸਾਲ ਡਾ. ਭਾਬਾ ਨੂੰ 'ਪਦਮ ਭੂਸ਼ਣ' ਸਨਮਾਨ ਨਾਲ ਨਿਵਾਜ਼ਿਆ ਗਿਆ। ਬਾਅਦ ਵਿੱਚ ਡਾ. ਭਾਬਾ ਭਾਰਤ ਸਰਕਾਰ ਦੀ ਵਿਗਿਆਨ ਸਲਾਹਕਾਰ ਕਮੇਟੀ ਦਾ ਮੈਂਬਰ ਵੀ ਰਿਹਾ। 1955 'ਚ ਉਹ ਇੰਡੀਅਨ ਸਾਇੰਸ ਕਾਂਗਰਸ ਦਾ ਪ੍ਰਧਾਨ ਵੀ ਬਣਿਆ।

1955 ਦੇ ਵਰ੍ਹੇ ਦੌਰਾਨ, ਪ੍ਰਮਾਣੂ ਸ਼ਕਤੀ ਦੀ ਵਰਤੋਂ ਸੰਬੰਧੀ ਇਕ ਕਾਨਫਰੰਸ ਜਨੇਵਾ, ਸਵਿਟਜ਼ਰਲੈਂਡ ਵਿੱਚ ਜਥੇਬੰਦ ਕੀਤੀ ਗਈ। ਡਾ. ਹੋਮੀ ਜਹਾਂਗੀਰ ਭਾਬਾ ਨੇ, ਭਾਰਤ ਦੀ ਅਗਵਾਈ ਕਰਦਿਆਂ ਇਸ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ ਸੀ। ਇਸ ਕਾਨਫਰੰਸ ਵਿੱਚ ਵਿਸ਼ਵ ਭਰ ਤੋਂ ਉੱਘੇ ਵਿਗਿਆਨੀ ਪਹੁੰਚੇ ਹੋਏ ਸਨ। ਇਹ ਉਹ ਸਮਾਂ ਸੀ, ਜਦੋਂ ਦੁਨੀਆਂ ਦੇ ਬਹੁਤੇ ਮੁਲਕ ਵੱਖੋ-ਵੱਖਰੇ ਟੋਲਿਆਂ ਵਿੱਚ ਵੰਡੇ ਹੋਏ ਸਨ। ਇਕ ਨਿਰਪੱਖ ਵਿਗਿਆਨੀ ਹੋਣ ਕਰਕੇ ਡਾ. ਭਾਬਾ ਨੂੰ ਇਸ ਕਾਨਫਰੰਸ ਦਾ ਪ੍ਰਧਾਨ ਥਾਪਿਆ ਗਿਆ। ਡਾ. ਭਾਬਾ ਨੇ ਬੜੀ ਸੂਝ ਤੇ ਸਿਆਣਪ ਨਾਲ ਕਾਨਫਰੰਸ ਦੀ ਸਾਰੀ ਕਾਰਵਾਈ ਨੂੰ ਨੇਪਰੇ ਚੜ੍ਹਾਇਆ। ਸਭਨਾ ਦੇ ਮਨ ਜਿੱਤ ਲਏ ਸਨ। ਉਸ ਨੇ ਜਿਹੜਾ ਪ੍ਰਧਾਨਗੀ ਭਾਸ਼ਣ ਦਿੱਤਾ, ਉਹ ਇੱਕ ਇਤਿਹਾਸਕ ਦਸਤਾਵੇਜ਼ ਬਣ ਗਿਆ। ਵਿਸ਼ਵ ਭਰ ਦੇ ਅਖ਼ਬਾਰਾਂ ਨੇ, ਇਸ ਸੰਬੰਧੀ ਫੀਚਰ ਪ੍ਰਕਾਸ਼ਤ ਕੀਤੇ ਸਨ। ਡਾ. ਭਾਬਾ ਦੀ ਪ੍ਰਤਿਭਾ ਨੂੰ ਵਿਸ਼ਵਿਆਪੀ ਪਹਿਚਾਣ ਮਿਲੀ। ਡਾ. ਭਾਬਾ ਨੇ ਜ਼ੋਰ ਦੇ ਕੇ ਆਖਿਆ, "ਪੱਛੜੇ ਦੇਸ਼ਾਂ ਵਿੱਚ ਉਦਯੋਗਿਕ ਉਨਤੀ ਲਈ, ਉਨ੍ਹਾਂ ਦੀ ਸਭਿਅਤਾ ਨੂੰ ਜਿਉਂਦੇ ਰੱਖਣ ਖ਼ਾਤਰ, ਪ੍ਰਮਾਣੂ ਸ਼ਕਤੀ ਨਾ ਕੇਵਲ ਉਨ੍ਹਾਂ ਦੀ ਬਾਂਹ ਪਕੜੇਗੀ, ਸਗੋਂ ਇਸ

ਤੋਂ ਬਿਨਾਂ ਹੁਣ ਸਾਡੇ ਕੋਲ ਹੋਰ ਕੋਈ ਚਾਰਾ ਵੀ ਨਹੀਂ।"

ਉਦੋਂ ਭਾਰਤ ਵਰਗੇ ਗਰੀਬ ਦੇਸ਼ ਵਿੱਚ, ਪ੍ਰਮਾਣੂ ਊਰਜਾ ਪੈਦਾ ਕਰਨ ਦੀ ਗੱਲ ਕਰਨ ਕਰਨਾ, ਸੱਪ ਦੇ ਸਿਰ ਉੱਤੇ ਦੀਵਾ ਰੱਖਣ ਵਰਗਾ ਜੋਖਮ ਜਾਪਦਾ ਸੀ। ਪ੍ਰਮਾਣੂ ਸ਼ਕਤੀ ਉਪਜਾਣ ਵਿੱਚ, ਬਰਤਾਨੀਆ ਮੋਹਰੀ ਸੀ, ਉਹ ਮੁਲਕ ਦੌਲਤ, ਅਕਲ ਅਤੇ ਸਾਧਨਾ ਪੱਖੋ ਸ਼ਕਤੀਸ਼ਾਲੀ ਸੀ। ਉੱਥੇ ਵੀ ਪਹਿਲਾ ਪ੍ਰਮਾਣੂ ਸ਼ਕਤੀ ਸਟੇਸ਼ਨ ਦਸ ਵਰ੍ਹੇ ਦੀ ਘਾਲਣਾ ਪਿੱਛੋਂ ਸ਼ੁਰੂ ਹੋਇਆ ਸੀ। ਸਾਧਨਾਂ ਅਤੇ ਧਨ ਦੀ ਥੁੜ੍ਹ ਹੁੰਦੇ ਹੋਏ ਵੀ ਭਾਰਤ ਨੇ ਤਾਰਾਪੁਰ ਪ੍ਰਮਾਣੂ ਸ਼ਕਤੀ ਸਟੇਸ਼ਨ ਦੀ ਨੀਂਹ ਰੱਖੀ। ਫਿਰ ਕੈਨੇਡਾ ਦੀ ਮਦਦ ਨਾਲ ਕੋਟਾ ਵਿੱਚ ਅਤੇ ਬਾਹਰੀ ਮਦਦ ਤੋਂ ਬਗ਼ੈਰ ਕਲਪੱਕਮ (ਮਦਰਾਸ ਨੇੜੇ) ਵਿਖੇ ਪ੍ਰਮਾਣੂ ਸ਼ਕਤੀ ਘਰ ਬਣਕੇ ਆਰੰਭ ਹੋਏ।

ਡਾ. ਭਾਬਾ ਨੂੰ ਮਿਲੇ ਮਾਣ ਸਨਮਾਨਾਂ ਵਿੱਚ : 1941 ਦੇ ਵਰ੍ਹੇ ਦੌਰਾਨ ਉਹ ਰਾਇਲ ਸੁਸਾਇਟੀ ਲੰਡਨ ਦਾ ਮੈਂਬਰ ਬਣਿਆਂ। ਅਗਲੇ ਸਾਲ ਕੈਂਬਰਿਜ਼ ਵਿਸ਼ਵ ਵਿਦਿਆਲੇ ਤੋਂ ਐਡਨ ਪੁਰਸਕਾਰ ਪ੍ਰਾਪਤ ਕੀਤਾ। ਉਸ ਨੂੰ 'ਪਦਮ ਭੂਸ਼ਣ' ਦੇ ਕੇ ਨਿਵਾਜਿਆ ਗਿਆ। ਵੱਖ-ਵੱਖ ਮੁਲਕਾਂ ਨੇ ਉਸ ਨੂੰ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਭੇਂਟ ਕੀਤੀਆਂ। ਪ੍ਰਧਾਨ ਮੰਤਰੀ ਲਾਲ ਬਹਾਦਰ ਸਾਸ਼ਤਰੀ ਵੱਲੋਂ ਡਾ. ਭਾਬਾ ਨੂੰ ਮੰਤਰੀ ਬਣਨ ਦੀ ਪੇਸ਼ਕਸ ਕੀਤੀ ਗਈ। ਇਹ ਕੋਈ ਛੋਟੇ ਸਨਮਾਨ ਨਹੀਂ ਸਨ।

ਡਾ. ਭਾਬਾ ਨੇ ਕਿੰਨੀਆਂ ਹੀ ਖੋਜ ਪੁਸਤਕਾਂ ਲਿਖੀਆਂ। ਕੁਆਂਟਮ ਥਿਊਰੀ, ਐਲੀਮੈਂਟਰੀ ਫਿਜ਼ੀਕਲ ਪਾਰਟੀਕਲ ਅਤੇ ਕਾਸਮਿਕ ਵਿਕਿਰਨਾਂ ਉਸ ਦੀਆਂ ਪ੍ਰਚੱਲਤ ਖੋਜ ਪੁਸਤਕਾਂ ਹਨ। ਇਹੀ ਉਸਦੀ ਖੋਜ ਦੇ ਖੇਤਰ ਰਹੇ। ਪ੍ਰਮਾਣੂ ਸ਼ਕਤੀ ਉਪਜਾਣ ਲਈ ਪ੍ਰਮਾਣ ਵਿਖੰਡਨ (Nuclear Fission) ਅਤੇ ਨਿਊਕਲਈ ਸੰਯੋਜਨ (Nuclear Fusion) ਜੁਗਤਾਂ ਤੇ ਖੋਜ ਕੰਮ ਹੋਏ। ਜਦੋਂ ਯੂਰੇਨੀਅਮ ਦੇ ਪ੍ਰਮਾਣੂ ਉੱਤੇ ਨਿਊਟਰਾਨ (ਧੀਮੀ ਗਤੀ ਦੇ) ਗੋਲੀ ਵਾਂਗ ਟਕਰਾਣ ਤਾਂ ਦੋ ਨਿਊਕਲੀਅਸ ਉਪਜਦੇ ਹਨ। ਇਕ ਬੇਰੀਅਮ ਦੂਜਾ ਕ੍ਰਿਪਟਾਨ, ਨਾਲ ਹੀ ਢੇਰ ਸਾਰੀ ਪ੍ਰਮਾਣੂ ਊਰਜਾ ਪੈਦਾ ਹੁੰਦੀ ਹੈ। ਪ੍ਰਮਾਣੂ ਵਿਖੰਡਨ ਦੀ ਰਹਿੰਦ-ਖੂੰਹਦ ਬੜੀ ਖੌਫ਼ਨਾਕ ਹੁੰਦੀ ਹੈ, ਜ਼ਹਿਰਾਂ ਭਰੀ, ਦਮ ਘੁੱਟਣ ਵਾਲੀ ਅਤੇ ਮਾਰੂ। ਇਸ ਨੂੰ ਕਿੱਥੇ ਸੁੱਟੀਏ? ਕਿੱਥੇ ਸਮੇਟਿਆ ਜਾਵੇ? ਇਹ ਵਿਸ਼ਵ ਵਿਆਪੀ ਸਮੱਸਿਆ ਬਣ ਗਈ ਹੈ। ਪ੍ਰਮਾਣੂ ਤਾਕਤ ਪੈਦਾ ਕਰਨ ਦੀ ਦੂਜੀ ਜੁਗਤ ਖ਼ਾਤਰ ਦਸ ਲੱਖ ਦਰਜੇ ਸੈਂਟੀਗ੍ਰੇਡ ਦਾ ਤਾਪਮਾਨ ਇੱਥੇ ਕਿਵੇਂ ਪੈਦਾ ਕੀਤਾ ਜਾਵੇ? ਆਦਿ ਸਵਾਲਾਂ ਦੇ ਹੱਕ ਲਈ ਕੋਸ਼ਿਸ਼ਾਂ ਜ਼ਾਰੀ ਹਨ। ਹੋ ਸਕਦਾ ਪ੍ਰਮਾਣ ਸੰਯੋਜਨ ਵਿਗਿਆਨੀਆਂ ਦੇ ਵਸ ਵਿਚ ਆ ਜਾਵੇ।

ਪ੍ਰਮਾਣੂ ਸ਼ਕਤੀ ਪੈਦਾ ਕਰਨ ਦੇ ਰਾਹ ਬਣਾ ਕੇ, ਡਾ. ਹੋਮੀ ਜਹਾਂਗੀਰ ਭਾਬਾ 24 ਜਨਵਰੀ 1966 ਦੀ ਅਭਾਗੀ ਰਾਤ ਨੂੰ, ਮਾਊਂਟ ਬਲੈਕ ਚੋਟੀ ਨੇੜੇ, ਇੱਕ ਹਵਾਈ ਹਾਦਸੇ ਵਿੱਚ ਸਾਥੋਂ ਸਦਾ ਲਈ ਵਿੱਛੜ ਗਿਆ। ਉਹ ਏਅਰ ਇੰਡੀਆਂ ਦੇ ਇਕ ਹਵਾਈ ਜਹਾਜ਼ ਵਿੱਚ ਵਿਆਨਾ (ਆਸਟਰੀਆ) 'ਚ ਇਕ ਮੀਟਿੰਗ ਵਿੱਚ ਸ਼ਾਮਲ ਹੋਣ ਜਾ ਰਿਹਾ ਸੀ। ਧੁੰਦ ਵਿੱਚ ਫਸੇ ਇਸ ਜਹਾਜ ਦੇ ਸਾਰੇ ਦੇ ਸਾਰੇ ਯਾਤਰੀ ਮੌਤ ਦੇ ਮੂੰਹ ਵਿੱਚ ਜਾ ਪਏ ਸਨ। ਉਸ ਵੱਲੋਂ ਤਿਆਰ ਕੀਤੇ ਨੌਜਵਾਨ ਵਿਗਿਆਨੀਆਂ ਨੇ, ਉਸ ਦੀ ਮੌਤ ਤੋਂ ਬਾਅਦ, ਪ੍ਰਮਾਣੂ ਸ਼ਕਤੀ ਤੇ ਖੋਜ ਕੰਮ ਅਗਾਂਹ ਤੋਰ ਲਏ ਸਨ। ਸੰਨ 1974 'ਚ ਭਾਰਤ ਵੱਲੋਂ ਜ਼ਮੀਨ ਥੱਲੇ ਕੀਤੇ, ਪ੍ਰਮਾਣੂ ਧਮਾਕੇ ਦੀ ਸਫ਼ਲਤਾ ਦਾ ਅਸਲੀ ਸਿਹਰਾ ਡਾ. ਭਾਬਾ ਸਿਰ ਹੀ ਬੱਝਦਾ ਹੈ। ਉਸ ਦੀ ਮੌਤ ਇੱਕ ਰਹੱਸ ਬਣੀ ਰਹੀ। ਦੁਨੀਆਂ ਭਰ ਦੇ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਅੱਜ ਵੀ ਪ੍ਰਸ਼ਨ-ਚਿੰਨ੍ਹ ਬਣੇ ਪਏ ਹਨ।

ਉਸ ਦੀ ਮੌਤ ਤੋਂ ਪਿੱਛੋਂ ਐਟਾਮਿਕ ਐਨਰਜ਼ੀ ਅਸ਼ਟੈਬਲਿਸ਼ਮੈਂਟ ਟਰਾਂਬੇ ਦਾ ਨਾਂਅ ਬਦਲਕੇ ਡਾ. ਭਾਬਾ ਪ੍ਰਮਾਣੂ ਖੋਜ ਕੇਂਦਰ ਰੱਖਿਆ ਗਿਆ। ਉਸ 'ਤੇ ਡਾਕ ਟਿਕਟਾਂ ਵੀ ਜਾਰੀ ਕੀਤੀਆਂ ਗਈਆਂ। ਇੰਡੀਅਨ ਨੈਸ਼ਨਲ ਵਿਗਿਆਨ ਅਕਾਦਮੀ ਨੇ 'ਹੋਮੀ ਜਹਾਂਗੀਰ ਭਾਬਾ ਪੁਰਸਕਾਰ' ਦੇਣਾ ਆਰੰਭ ਕੀਤਾ। ਕਿੰਨਾ ਸੁੰਦਰ ਸੁਪਨਾ ਲਿਆ ਸੀ ਉਸਨੇ ਕਿ ਪ੍ਰਮਾਣੂ ਸ਼ਕਤੀ ਜੇ ਵਿਨਾਸ਼ ਦਾ ਰਾਹ ਛੱਡਕੇ, ਲੋਕਾਂ ਦੀ ਭਲਾਈ ਲਈ ਵਰਤੀ ਜਾਵੇ ਤਾਂ ਸਾਡੀ ਧਰਤੀ, ਇੱਕ ਸਵਰਗ ਬਣ ਜਾਵੇਗੀ। ਕਾਸ਼! ਹੈਂਕੜਬਾਜ਼ ਮੁਲਕ, ਉਸ ਦੀ ਸੋਚ ਨੂੰ ਅਪਣਾ ਲੈਣ।

# ਛੱਲੇ ਦਾ ਦੁਖਾਂਤ

ਕੌਣ ਸੀ ਛੱਲਾ ?.. ਕੀ ਕਹਾਣੀ ਸੀ ਛੱਲੇ ਦੀ..? 'ਛੱਲਾ', ਜਿਸ ਨੂੰ ਗੁਰਦਾਸ ਮਾਨ ਸਣੇ ਤਕਰੀਬਨ-ਤਕਰੀਬਨ ਸਾਰੇ ਕਲਾਕਾਰਾਂ ਨੇ ਗਾਇਆ ਹੈ, ਉਸ ਛੱਲੇ ਦੀ ਦੁੱਖ ਭਰੀ ਦਾਸਤਾਨ ਸ਼ਾਇਦ ਤੁਸੀਂ ਨਾ ਸੁਣੀ ਹੋਵੇ, ਪੰਜਾਬੀਆਂ ਦੀ ਛੱਲੇ ਨਾਲ ਦਿਲੀਂ ਸਾਂਝ ਹੈ, ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇ, ਜਿਸ ਨੇ ਆਪਣੀ ਜ਼ਿੰਦਗੀ 'ਚ ਕਦੇ ਛੱਲਾ ਨਾ ਗੁਣਗੁਣਾਇਆ ਹੋਵੇ? ਪਰ ਬਹੁਤ ਘੱਟ ਲੋਕ ਹੋਣਗੇ, ਜਿਨ੍ਹਾਂ ਨੂੰ ਛੱਲੇ ਦੇ ਪਿਛੋਕੜ ਬਾਰੇ ਪਤਾ ਹੋਵੇਗਾ। 'ਛੱਲਾ' ਇਕ

ਪਿਓ-ਪੁੱਤ ਦੀ ਦਾਸਤਾਨ ਹੈ?

ਜੱਲਾ ਨਾਂ ਦਾ ਇੱਕ ਮਲਾਹ ਹਰੀਕੇ ਪੱਤਣ ਦਾ ਰਹਿਣ ਵਾਲਾ ਸੀ, ਜਿਸ ਨੂੰ ਰੱਬ ਨੇ ਇੱਕ ਪੁੱਤਰ ਨਾਲ ਨਿਵਾਜਿਆ ਸੀ। ਜੱਲੇ ਮਲਾਹ ਨੇ ਉਸਦਾ ਨਾਮ ਛੱਲਾ ਰੱਖਿਆ ਸੀ। ਇੱਕੋ-ਇੱਕ ਪੁੱਤਰ ਹੋਣ ਕਰਕੇ ਜੱਲੇ ਨੇ ਉਸ ਨੂੰ ਬੜੇ ਲਾਡਾਂ ਨਾਲ

ਪਾਲਿਆ। ਜਦ ਛੱਲਾ ਛੋਟਾ ਸੀ ਤਾਂ ਉਸ ਦੀ ਮਾਂ ਮਰ ਗਈ। ਜੱਲਾ ਮਲਾਹ ਉਸ ਨੂੰ ਆਪਣੇ ਨਾਲ ਕੰਮ 'ਤੇ ਲੈ ਜਾਂਦਾ। ਇੱਕ ਦਿਨ ਛੱਲੇ ਨੂੰ ਨਾਲ ਲੈ ਕੇ ਜਦ ਜੱਲਾ ਮਲਾਹ ਕੰਮ 'ਤੇ ਗਿਆ ਤਾਂ ਜੱਲੇ ਮਲਾਹ ਦੀ ਸਿਹਤ ਖ਼ਰਾਬ ਹੋ ਗਈ ਅਤੇ ਉਸਨੇ ਸਵਾਰੀਆਂ ਨੂੰ ਬੇੜੀ 'ਚ ਬਿਠਾ ਕੇ ਪਾਰ ਲਿਜਾਣ ਤੋਂ ਇਨਕਾਰ ਕਰ ਦਿੱਤਾ। ਸਵਾਰੀਆਂ ਕਹਿਣ ਲੱਗੀਆਂ ਕੇ

ਆਪਣੇ ਪੁੱਤ ਨੂੰ ਕਹਿ ਦੇ, ਉਹ ਸਾਨੂੰ ਦੂਸਰੇ ਪਾਸੇ ਛੱਡ ਆਵੇਗਾ।

ਪਹਿਲਾਂ ਤਾਂ ਜੱਲਾ ਮੰਨਿਆ ਨਹੀਂ, ਪਰ ਸਾਰਿਆਂ ਦੇ ਜ਼ੋਰ ਪਾਉਣ 'ਤੇ ਜੱਲੇ ਮਲਾਹ ਨੇ ਛੱਲੇ ਨੂੰ ਬੇੜੀ ਲਿਜਾਣ ਲਈ ਕਹਿ ਦਿੱਤਾ, ਸਾਰੇ ਬੇੜੀ 'ਚ ਸਵਾਰ ਹੋ ਕੇ ਦਰਿਆ 'ਚ ਚਲੇ ਗਏ।

ਛੱਲਾ ਚਲਾ ਤਾਂ ਗਿਆ, ਪਰ ਕਦੇ ਵਾਪਿਸ ਨਹੀਂ ਮੁੜਿਆ ਸਤਲੁਜ ਤੇ ਬਿਆਸ 'ਚ ਪਾਣੀ ਬਹੁਤ ਚੜ੍ਹ ਗਿਆ ਸਾਰਿਆਂ ਨੂੰ ਰੋੜ ਕੇ ਆਪਣੇ ਨਾਲ ਲੈ ਗਿਆ? ਜੱਲੇ ਮਲਾਹ ਨੂੰ ਉਡੀਕਦੇ-ਉਡੀਕਦੇ ਨੂੰ ਦਿਨ ਢਲ ਗਿਆ। ਪਿੰਡ ਵਾਲੇ ਵੀ ਆ ਗਏ

ਅਤੇ ਛੱਲੇ ਨੂੰ ਲੱਭਣ ਲੱਗ ਗਏ। ਕਈ ਦਿਨਾਂ ਤੱਕ ਲੱਭਦੇ ਰਹੇ ਪਰਛੱਲਾ ਨਾ ਮਿਲਿਆ। ਪੁੱਤ ਦੇ ਵਿਛੋੜੇ ਵਿਚ ਜੱਲਾ ਮਲਾਹ ਪਾਗਲ ਹੋ ਗਿਆ।

ਓਹ ਨਦੀ ਕਿਨਾਰੇ ਗਾਉਂਦਾ ਫਿਰਦਾ ਰਹਿੰਦਾ,

".. ਛੱਲਾ ਮੁੜਕੇ ਨਹੀਂ ਆਇਆ, ਰੋਣਾ ਉਮਰਾਂ ਦਾ ਪਾਇਆ, ਛੱਲਿਆ ਮੁਲਕ ਪਰਾਇਆ..." ਜਦ ਜੱਲੇ

ਮਲਾਹ ਨੂੰ ਛੱਲੇ ਦੀ ਮਾਂ ਚੇਤੇ ਆਉਂਦੀ ਤਾਂ ਉਹ ਸੋਚਦਾ ਕਿ ਕਾਸ਼ ਉਹ ਜਿਉਂਦੀ ਹੁੰਦੀ ਤਾਂ ਮੈਂ ਆਪਣੇ ਛੱਲੇ ਨੂੰ ਨਾਲ ਨਹੀ ਸੀ ਲੈ ਕੇ ਆਉਣਾ ਅਤੇ ਮੇਰਾ ਪੁੱਤ ਅੱਜ ਜਿੰਦਾ ਹੋਣਾ ਸੀ ਤੇ ਉਹ ਰੋਂਦਾ-ਰੋਂਦਾ ਗਾਉਣ ਲੱਗ ਜਾਂਦਾ, "...ਗੱਲ

ਸੁਣ ਛੱਲਿਆ ਕਾਵਾਂ, ਮਾਵਾਂ ਠੰਢੀਆਂ ਛਾਵਾਂ.. ."

ਜੱਲਾ ਪਾਣੀ 'ਚ ਹੱਥ ਮਾਰਦਾ ਤੇ ਲੋਕ ਪੁੱਛਦੇ ਕਿ ਜੱਲਿਆ ਕੀ ਲੱਭਦਾ ਏਂ?

ਤਾਂ ਜੱਲਾ ਕਹਿੰਦਾ,".. ਛੱਲਾ ਨੌ-ਨੌ ਖੇਵੇ, ਪੁੱਤਰ ਮਿੱਠੜੇ ਮੇਵੇ, ਅੱਲ੍ਹਾ ਸਭ ਨੂੰ ਦੇਵੇ..."

ਰਾਤ ਹੋ ਜਾਂਦੀ ਤਾਂ ਲੋਕ ਕਹਿੰਦੇ ਜੱਲਿਆ ਘਰ ਨੂੰ ਚਲਾ ਜਾ ਤਾਂ ਜੱਲਾ ਕਹਿੰਦਾ ਹੈ, ".. ਛੱਲਾ ਬੇੜੀ ਦਾ ਪੂਰ ਏ, ਵਤਨ ਮਾਹੀਏ ਦਾ ਦੂਰ ਏ, ਜਾਣਾ ਪਹਿਲੇ ਪੂਰ ਏ.. ।"

ਇਸ ਤਰਾਂ ਜੱਲਾ ਮਲਾਹ ਆਪਣੇ ਪੁੱਤ ਦੀ ਯਾਦ 'ਚ ਆਪਣੀ ਜ਼ਿੰਦਗੀ ਗੁਜ਼ਾਰਦਾ ਰਿਹਾ। ਫਿਰ ਉਹ

ਹਰੀਕੇ ਤੋਂ ਗੁਜਰਾਤ (ਪਾਕਿਸਤਾਨ) ਚਲਾ ਗਿਆ? ਅਪਣੀ ਜ਼ਿੰਦਗੀ ਦੇ ਕੁੱਝ ਸਾਲ ਜੱਲੇ ਨੇ ਗੁਜਰਾਤ 'ਚ

ਬਿਤਾਉਣ ਤੋਂ ਬਾਅਦ ਉਸ ਦੀ ਮੌਤ ਹੋ ਗਈ? ਅੱਜ ਵੀ ਗੁਜਰਾਤ (ਪਾਕਿਸਤਾਨ) 'ਚ ਉਸ ਦੀ ਸਮਾਧੀ ਬਣੀ ਹੋਈ ਹੈ।

# ਜਾਦੂ ਦੇ ਟਰਿੱਕ

ਸਰਜੀਤ ਤਲਵਾਰ



## ਰੰਗੀਨ ਰਿਬਨ ਅਤੇ ਸੇਫਟੀਪਿੰਨਾਂ ਦਾ ਜਾਦੂ

ਜਾਦੂਗਰ ਦੀਆਂ ਅੱਖਾਂ ’ਤੇ ਪੱਟੀ ਬੰਨ੍ਹੀ ਹੁੰਦੀ ਹੈ। ਕੋਈ ਦਰਸ਼ਕ ਸੇਫਟੀਪਿੰਨਾਂ ਤੇ ਰੰਗੀਨ ਰਿਬਨ ਬੰਨ੍ਹ ਦਿੰਦਾ ਹੈ। ਪਰ ਜਾਦੂਗਰ ਬਿਨਾਂ ਦੇਖੇ ਇਕ-ਇਕ ਸੇਫਟੀਪਿੰਨ ਨੂੰ ਸਪਰਸ਼ ਕਰਕੇ ਹੀ ਰਿਬਨ ਦੇ ਰੰਗ ਦੱਸਦਾ ਜਾਂਦਾ ਹੈ।



ਜਾਦੂ ਦਾ ਸਾਮਾਨ : ਸਭ ਤੋਂ ਪਹਿਲਾਂ ਤਿੰਨ ਸੇਫਟੀਪਿੰਨ ਲਵੋ। ਪਹਿਲੇ ਸੇਫਟੀਪਿੰਨ ਦੀ ਨੋਕ ਨੂੰ ਘਸਾ ਦੇਵੋ, ਦੂਸਰੇ ਸੇਫਟੀਪਿੰਨ ਦੀ ਨੋਕ ਨੂੰ ਉਸੇ ਤਰ੍ਹਾਂ ਹੀ ਰਹਿਣ ਦਿਓ ਅਤੇ ਤੀਸਰੇ ਸੇਫਟੀਪਿੰਨ ਦੀ ਨੋਕ ਨੂੰ ਕਿਸੇ ਚੀਜ਼ ਦੀ ਸਹਾਇਤਾ ਦੇ ਨਾਲ ਮੋੜ ਦਿਓ। ਅਜਿਹਾ ਇਸ ਲਈ ਹੈ ਤਾਂ ਕਿ ਤੁਹਾਨੂੰ ਵੱਖ-ਵੱਖ ਸੇਫਟੀਪਿੰਨਾਂ ਦੀ ਪਹਿਚਾਣ ਰਹੇ। ਦੂਸਰੀ ਗੱਲ ਇਹ ਹੈ ਕਿ ਤੁਸੀਂ ਅੱਖਾਂ ਤੇ ਪੱਟੀ ਸੇਫਟੀਪਿੰਨਾਂ ਦੇ ਉੱਪਰ ਦਰਸ਼ਕ ਦੁਆਰਾ ਰਿਬਨ ਬੰਨ ਦੇਣ ਦੇ ਬਾਅਦ ਹੀ ਬੰਨ੍ਹਣੀ ਹੈ ਅਤੇ ਤੁਹਾਨੂੰ ਇਹ ਯਾਦ ਰੱਖਣਾ ਹੈ ਕਿ ਕਿਸ ਕਿਸਮ ਦੇ (ਅਰਥਾਤ ਤਿੱਖੇ, ਘੱਟ ਤਿੱਖੇ ਜਾਂ ਮੁੜੇ ਹੋਏ) ਪਿੰਨ ਉੱਪਰ ਕਿਸ ਕਿਸਮ ਦਾ ਜਾਂ ਰੰਗ ਦਾ ਰਿਬਨ ਬੰਨ੍ਹਿਆ ਹੈ। ਇਹ ਤੁਹਾਡੀ ਯਾਦ ਸ਼ਕਤੀ ਉੱਪਰ ਨਿਰਭਰ ਕਰਦਾ ਹੈ ਅਤੇ ਤੁਹਾਡੀ ਛੂਹਣ ਸ਼ਕਤੀ ਉੱਪਰ ਵੀ।

ਜਾਦੂ ਦਾ ਪ੍ਰਦਰਸ਼ਨ : ਮੰਚ ਦੇ ਉੱਪਰ ਇਕ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਵੇਸ਼ ਕਰੋ। ਇਕ ਦਰਸ਼ਕ ਨੂੰ ਸਟੇਜ ਦੇ ਉੱਪਰ ਬੁਲਾਓ ਅਤੇ ਉਸਨੂੰ ਤਿੰਨ ਰਿਬਨ ਜੋ ਅਲੱਗ-ਅਲੱਗ ਰੰਗ ਦੇ ਹਨ ਨੂੰ ਸੇਫਟੀਪਿੰਨ ਦੇ ਉੱਪਰ ਬੰਨ੍ਹ ਦੇਣ ਲਈ ਆਖੋ। ਜਦੋਂ ਉਹ ਰਿਬਨ ਬੰਨ੍ਹ ਰਿਹਾ ਹੋਵੇਗਾ ਤਾਂ ਤੁਸੀਂ ਇਹ ਧਿਆਨ ਨਾਲ ਦੇਖਣਾ ਹੈ ਕਿ ਉਹ ਕਿਸ ਕਿਸਮ ਦੇ ਪਿੰਨ ਉੱਪਰ ਕਿਹੜੇ ਰੰਗ ਦਾ ਰਿਬਨ ਬੰਨ੍ਹ ਰਿਹਾ ਹੈ ਅਤੇ ਇਹ ਤੁਸੀਂ ਯਾਦ ਰੱਖਣਾ ਹੈ, ਜਦੋਂ ਦਰਸ਼ਕ ਰਿਬਨ ਨੂੰ ਸੇਫਟੀਪਿੰਨਾਂ ਦੇ ਉੱਪਰ ਬੰਨ੍ਹ ਦੇਵੇ ਤਾਂ ਤੁਸੀਂ ਆਪਣੀਆਂ ਅੱਖਾਂ ’ਤੇ ਪੱਟੀ ਬੰਨ੍ਹ ਲਵੋ। ਹੁਣ ਤੁਸੀਂ ਦਰਸ਼ਕ ਨੂੰ ਇਕ-ਇਕ ਕਰਕੇ ਸੇਫਟੀਪਿੰਨ ਤੁਹਾਨੂੰ ਪਕੜਾਉਣ ਦੇ ਲਈ ਆਖੋ।

ਜਦੋਂ ਦਰਸ਼ਕ ਤੁਹਾਨੂੰ ਸੇਫਟੀਪਿੰਨ ਪਕੜਾਉਂਦਾ ਹੈ ਤਾਂ ਤੁਸੀਂ ਉਸਨੂੰ ਖੋਲ੍ਹੋ ਅਤੇ ਉਸ ਦੀ ਨੋਕ ਨੂੰ ਸਪਰਸ਼ ਕਰੋ ਅਤੇ ਮਹਿਸੂਸ ਕਰੋ ਕਿ ਇਹ ਤਿੱਖੀ ਹੈ, ਘੱਟ ਤਿੱਖੀ ਹੈ ਜਾਂ ਮੁੜੀ ਹੋਈ ਹੈ। ਜੇਕਰ ਮੁੜੀ ਹੋਈ ਹੈ ਤਾਂ ਫਿਰ ਇਹ ਯਾਦ ਕਰੋ ਕਿ ਉਸ ਦਰਸ਼ਕ ਨੇ ਮੁੜੀ ਹੋਈ ਸੇਫਟੀਪਿੰਨ ਦੇ ਉੱਪਰ ਕਿਸ ਰੰਗ ਦਾ ਰਿਬਨ ਬੰਨ੍ਹਿਆ ਸੀ। ਜਦੋਂ ਤੁਸੀਂ ਇਹ ਯਾਦ ਕਰ ਲਵੋ ਅਤੇ ਤੁਹਾਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਤੁਸੀਂ ਠੀਕ ਹੋ ਤਾਂ ਤੁਸੀਂ ਉਸ ਰਿਬਨ ਦਾ ਰੰਗ ਦੱਸ ਕਰ ਸਕਦੇ ਹੋ। ਇਸੇ ਤਰ੍ਹਾਂ ਦੂਸਰੇ ਸੇਫਟੀਪਿੰਨਾਂ ਦੇ ਉੱਪਰ ਬੰਨ੍ਹੇ ਰਿਬਨਾਂ ਦਾ ਰੰਗ ਵੀ ਦੱਸਿਆ ਜਾ ਸਕਦਾ ਹੈ। ਇਹ ਸਭ ਕੁਝ ਤੁਹਾਡੀ ਯਾਦ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਉੱਪਰ ਹੀ ਨਿਰਭਰ ਕਰਦਾ ਹੈ।

ਇਸ ਟਰਿੱਕ ਦਾ ਪ੍ਰਭਾਵ ਤੁਸੀਂ ਖ਼ੁਦ ਹੀ ਦੇਖੋਗੇ।

## ਅੱਖਾਂ ’ਤੇ ਪੱਟੀ ਬੰਨ੍ਹ ਕੇ ਪੈਨਸਿਲਾਂ ਦੇ ਰੰਗ ਦੱਸਣੇ

ਜਾਦੂਗਰ ਦੀਆਂ ਅੱਖਾਂ ਉੱਪਰ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ। ਉਸ ਦੇ ਸਾਹਮਣੇ ਮੇਜ਼ ਤੇ ਇਕ ਹੈਟ ਪਿਆ ਹੁੰਦਾ ਹੈ। ਹੈਟ ਦੇ ਅੰਦਰ ਕਈ ਰੰਗਾਂ ਦੀਆਂ ਪੈਨਸਿਲਾਂ ਹੁੰਦੀਆਂ ਹਨ। ਕੋਈ ਦਰਸ਼ਕ ਉਸਨੂੰ ਹਰੇ ਰੰਗ ਦੀ ਪੈਨਸਿਲ ਹੈਟ ਦੇ ਅੰਦਰੋਂ ਬਾਹਰ ਕੱਢਣ ਦੇ ਲਈ ਆਖਦਾ ਹੈ। ਜਾਦੂਗਰ ਹੈਟ ਦੇ ਅੰਦਰ ਹੱਥ ਪਾਉਂਦਾ ਹੈ ਅਤੇ ਹਰੇ ਰੰਗ ਦੀ ਪੈਨਸਿਲ ਦਰਸ਼ਕਾਂ ਦੇ ਸਪੁਰਦ ਕਰ ਦਿੰਦਾ ਹੈ। ਦਰਸ਼ਕਾਂ ਦੀ ਹੈਰਾਨੀ ਦਾ ਟਿਕਾਣਾ ਨਹੀਂ ਰਹਿੰਦਾ।

ਜਾਦੂ ਦਾ ਸਾਮਾਨ : ਦਸ-ਬਾਰਾਂ ਅਲੱਗ-ਅਲੱਗ ਰੰਗ ਦੀਆਂ ਪੈਨਸਿਲਾਂ, ਇਕ ਚੌੜੀ ਪੱਟੀ ਅਤੇ ਇਕ ਹੈਟ, ਇਕ ਸਹਿਯੋਗੀ।

ਜਾਦੂ ਦੀ ਤਿਆਰੀ : ਇਕ ਹੈਟ ਨੂੰ ਮੇਜ਼ ਦੇ ਉੱਪਰ ਰੱਖੋ ਅਤੇ ਆਪਣੇ ਸਹਿਯੋਗੀ ਨੂੰ ਦਰਸ਼ਕਾਂ ਦੇ ਵਿਚ ਬੈਠਾ ਦਿਓ। ਇਸ ਰਹੱਸ਼ ਦਾ ਕਿਸੇ ਨੂੰ ਪਤਾ ਨਹੀਂ ਚੱਲਣਾ ਚਾਹੀਦਾ ਕਿ ਤੁਹਾਡਾ ਸਹਿਯੋਗੀ ਦਰਸ਼ਕਾਂ ਵਿਚ ਬੈਠਾ ਹੈ।

ਜਾਦੂ ਦਾ ਪ੍ਰਦਰਸ਼ਨ : ਸਟੇਜ ਦੇ ਉੱਪਰ ਆ ਕੇ ਕਹੋ, “ਮੈਂ ਅੱਜ ਹੈਰਾਨ ਕਰ ਦੇਣ ਵਾਲਾ ਜਾਦੂ ਕਰਨ ਲੱਗਾ ਹਾਂ।” ਇਸ ਤੋਂ ਬਾਅਦ ਤੁਸੀਂ ਸਟੇਜ਼ ਦੇ ਉੱਪਰ 12-13 ਦਰਸ਼ਕਾਂ ਨੂੰ ਆਉਣ ਦੇ ਲਈ ਆਖੋ। ਇਨ੍ਹਾਂ ਦਰਸ਼ਕਾਂ ਦੇ ਵਿਚ ਤੁਹਾਡਾ ਸਹਿਯੋਗੀ ਵੀ ਹੋਵੇਗਾ। ਜੋ ਦਰਸ਼ਕ ਬਣ ਕੇ ਪਹਿਲਾਂ ਤੋਂ ਤੁਹਾਡੀ ਸਹਾਇਤਾ ਲਈ ਦਰਸ਼ਕਾਂ ਵਿਚ ਬੈਠਾ ਹੈ। ਤੁਸੀਂ ਹਰੇਕ ਦਰਸ਼ਕ ਨੂੰ ਅਲੱਗ-ਅਲੱਗ ਰੰਗ ਦੀਆਂ ਪੈਨਸਿਲਾਂ ਦਿਓ ਅਤੇ ਕਹੋ ਕਿ ਉਹ ਇਨ੍ਹਾਂ ਪੈਨਸਿਲਾਂ ਨੂੰ ਚੈਕ ਕਰ ਲੈਣ। ਆਪਣੇ ਸਹਿਯੋਗੀ ਨੂੰ ਦਿੱਤੀ ਗਈ ਪੈਨਸਿਲ ਚੈਕ ਕਰ ਲੈਣ ਤਾਂ ਤੁਸੀਂ ਉਨ੍ਹਾਂ ਦੇ ਵਿਚੋਂ ਕਿਸੇ ਇਕ ਦਰਸ਼ਕ ਨੂੰ ਤੁਹਾਡੀਆਂ ਅੱਖਾਂ ਤੇ ਪੱਟੀ ਬੰਨ੍ਹ ਦੇਣ ਲਈ ਆਖੋ। ਅੱਖਾਂ ਤੇ ਪੱਟੀ ਬੰਨ੍ਹਣ ਤੋਂ ਬਾਅਦ ਤੁਸੀਂ ਦਰਸ਼ਕਾਂ ਨੂੰ ਕਹੋ ਕਿ ਉਹ ਆਪਣੀਆਂ-ਆਪਣੀਆਂ ਪੈਨਸਿਲਾਂ ਨੂੰ ਮੇਜ਼ ਉੱਪਰ ਪਏ ਹੈਟ ਦੇ ਅੰਦਰ ਰੱਖ ਦੇਣ ਅਤੇ ਆਪਣੇ-ਆਪਣੇ ਸਥਾਨ ਤੇ ਬੈਠ ਜਾਣ। ਜਦੋਂ ਦਰਸ਼ਕ ਆਪਣੀਆਂ-ਆਪਣੀਆਂ ਪੈਸਿਲਾਂ ਹੈਟ ਦੇ ਅੰਦਰ ਪਾਉਣਗੇ ਤਾਂ ਤੁਸੀਂ ਉਨ੍ਹਾਂ ਨੂੰ ਆਖੋਗੇ ਕਿ ਉਹ ਸਾਰੇ ਜਣੇ ਆਪਣੀ-ਆਪਣੀ ਪੈਨਸਿਲ ਦਾ ਰੰਗ ਯਾਦ ਰੱਖਣ। ਜਦੋਂ ਦਰਸ਼ਕ ਆਪਣੀਆਂ-ਆਪਣੀਆਂ ਪੈਨਸਿਲਾਂ ਹੈਟ ਦੇ ਅੰਦਰ ਪਾ ਰਹੇ ਹੋਣਗੇ ਤਾਂ ਤੁਹਾਡਾ ਸਹਿਯੋਗੀ ਆਪਣੀ ਪੈਨਸਿਲ ਦੇ ਪਿੱਛੇ ਰਬੜ ਰਿੰਗ (ਵਾਲਾਂ ਵਿਚ ਪਾਉਣ ਵਾਲੀ ਰਬੜ) ਨੂੰ ਚੜ੍ਹਾ ਦੇਵੇਗਾ। ਇਸ ਤਰ੍ਹਾਂ ਕਰਨ ਦੇ ਨਾਲ ਤੁਹਾਡੇ ਸਹਿਯੋਗੀ ਦੀ ਪੈਨਸਿਲ ਦੀ ਅਲੱਗ ਪਹਿਚਾਣ ਬਣ ਜਾਵੇਗੀ। ਹੁਣ ਤੁਸੀਂ ਸਾਰੇ ਸਟੇਜ ’ਤੇ ਆਏ ਦਰਸ਼ਕਾਂ ਨੂੰ ਆਪਣੀ-ਆਪਣੀ ਸੀਟ ਤੇ ਬੈਠਣ ਦੀ ਬੇਨਤੀ ਕਰੋ ਅਤੇ ਕਹੋ “ਮੈਂ ਜਾਦੂ ਸਟਾਰਟ ਕਰਨ ਜਾ ਰਿਹਾ ਹਾਂ।” ਤੁਸੀਂ ਕਹੋ ਕਿ ਇਸ ਹੈਟ ਦੇ ਵਿਚ ਪਈਆਂ ਪੈਨਸਿਲਾਂ ਦੇ ਰੰਗ ਤੁਸੀਂ ਬਿਨਾਂ ਦੇਖੇ ਦੱਸ ਸਕਦੇ ਹੋ ਅਤੇ ਲਗਾਤਾਰ ਕਹਿਣ ਲੱਗ ਜਾਓ ਕਿ ਇਸ ਹੈਟ ਦੇ ਅੰਦਰ ਲਾਲ, ਪੀਲੀ, ਨੀਲੀ, ਸੰਗਤਰੀ, ਆਸਮਾਨੀ, ਕਾਲੀ, ਚਿੱਟੀ ਆਦਿ ਪੈਨਸਿਲਾਂ ਹਨ। ਸਾਰੇ ਦਰਸ਼ਕ ਹੱਸਦੇ ਹੋਏ ਕਹਿਣਗੇ ਕਿ ਇਹ ਤਾਂ ਇਕ ਆਮ ਆਦਮੀ ਜਾਂ ਛੋਟਾ ਬੱਚਾ ਵੀ ਕਰ ਸਕਦਾ ਹੈ। ਫਿਰ ਤੁਸੀਂ ਕਹੋ ਕਿ ਠੀਕ ਹੈ ਫਿਰ ਮੈਂ ਤੁਹਾਨੂੰ ਜਾਦੂਗਰਾਂ ਦੀ ਤਰ੍ਹਾਂ ਹੀ ਇਨ੍ਹਾਂ ਪੈਨਸਿਲਾਂ ਦੇ ਰੰਗ ਦੱਸਦਾ ਹਾਂ। ਤੁਸੀਂ ਕਹੋ ਤੁਹਾਡੇ ਵਿਚੋਂ ਇਕ ਦਰਸ਼ਕ ਖੜ੍ਹਾ ਹੋ ਜਾਵੇ ਤੁਹਾਡੇ ਕਹਿਣ ’ਤੇ ਹੀ ਤੁਹਾਡਾ ਸਹਿਯੋਗੀ ਫੌਰਨ ਖੜ੍ਹਾ ਹੋ

ਜਾਵੇਗਾ। ਤਾਂ ਤੁਸੀਂ ਕਹੋ ਕਿ ਦੱਸ ਦੋਸਤ ਕਿਸ ਰੰਗ ਦੀ ਪੈਨਸਿਲ ਮੈਂ ਇਸ ਹੈਟ ਦੇ ਅੰਦਰੋਂ ਬਾਹਰ ਕੱਢਾਂ। ਤਾਂ ਤੁਹਾਡਾ ਦੋਸਤ ਆਪਣੇ ਵਾਲੀ ਪੈਨਸਿਲ ਦੇ ਰੰਗ ਦਾ ਨਾਮ ਦੱਸੇਗਾ। ਜਿਸ ਦੇ ਉੱਪਰ ਉਸਨੇ ਰਬੜ ਰਿੰਗ ਚੜ੍ਹਾਈ ਹੋਈ ਹੈ। ਤੁਸੀਂ ਉਹ ਪੈਨਸਿਲ ਅਸਾਨੀ ਨਾਲ ਲੱਭ ਲਵੋਗੇ। ਇਥੇ ਇਕ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਜਦੋਂ ਤੁਸੀਂ ਉਹ ਪੈਨਸਿਲ ਬਾਹਰ ਕੱਢੋਗੇ ਤਾਂ ਉਸ ਪੈਨਸਿਲ ਦੇ ਪਿੱਛੇ ਚੜ੍ਹੀ ਰਬੜ ਨੂੰ ਹੈਟ ਦੇ ਅੰਦਰ ਹੀ ਉਤਾਰ ਦੇਵੋਗੇ। ਪੈਨਸਿਲ ਬਾਹਰ ਕੱਢਣ ਤੋਂ ਬਾਅਦ ਉਸਨੂੰ ਦਰਸ਼ਕਾਂ ਦੇ ਸਪੁਰਦ ਕਰ ਦੇਵੋ ਅਤੇ ਕਹੋ ਕਿ ਇਹ ਤਾਂ ਸ਼ਾਇਦ ਕੋਈ ਆਮ ਆਦਮੀ ਜਾਂ ਬੱਚਾ ਨਹੀਂ ਕਰ ਸਕਦਾ। ਸਾਰੇ ਦਰਸ਼ਕ ਤੁਹਾਡੀ ਇਸ ਪਾਰਦਰਸ਼ੀ ਨਜ਼ਰ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਣਗੇ।

## ਦੋ ਮਿੰਟ ਦੇ ਅੰਦਰ ਪੌਦਾ ਉਗਾਉਣਾ

ਜਾਦੂਗਰ ਟੀਨ ਦੇ ਡੱਬੇ ਦੇ ਵਿਚ ਪਾਣੀ ਛਿੜਕਦਾ ਹੈ ਅਤੇ ਕੁੱਝ ਹੀ ਮਿੰਟਾਂ ਦੇ ਅੰਦਰ ਟੀਨ ਡੱਬੇ ਦੇ ਅੰਦਰ ਇਕ ਸੁੰਦਰ ਫੁੱਲ ਸਮੇਤ ਇਕ ਪੌਦਾ ਉਗ ਜਾਂਦਾ ਹੈ ਅਤੇ ਹੌਲੀ-ਹੌਲੀ ਟੀਨ ਦੇ ਡੱਬੇ ਤੋਂ ਦੋ-ਤਿੰਨ ਇੰਚ ਉੱਚਾ ਹੋ ਜਾਂਦਾ ਹੈ। ਸਾਰੇ ਲੋਕ ਹੈਰਾਨ ਰਹਿ ਜਾਂਦੇ ਹਨ।



ਜਾਦੂ ਦਾ ਸਾਮਾਨ : ਟੀਨ ਦਾ ਡੱਬਾ, ਪਾਣੀ, ਮਿੱਟੀ, ਕਾਗਜ਼, ਪੌਦਾ ਅਤੇ ਕਾਰਕ।

ਜਾਦੂ ਦੀ ਤਿਆਰੀ : ਟੀਨ ਦਾ ਇਕ ਲੰਬਾ ਡੱਬਾ ਲਵੋ ਉਸ ਦੇ ਵਿਆਸ ਤੋਂ ਛੋਟੀ ਇਕ ਕਾਰਕ ਲੈ ਲਵੋ। ਇਸ ਕਾਰਕ ਦੇ ਵਿਚਕਾਰ ਇਕ ਸੁੰਦਰ ਫੁੱਲ ਵਾਲਾ ਪੌਦਾ ਲਾ ਦੇਵੋ। ਇਸ ਕਾਰਕ ਨੂੰ ਟੀਨ ਦੇ ਡੱਬੇ ਦੇ ਅੰਦਰ ਪਾ ਦਿਓ। ਇਸ ਪੌਦੇ ਦੇ ਚਾਰੇ ਪਾਸੇ ਥੋੜ੍ਹੀ-ਥੋੜ੍ਹੀ ਮਿੱਟੀ ਖਿਲਾਰ ਦਿਓ। ਫਿਰ ਟੀਨ ਦੇ ਡੱਬੇ ਦੇ ਮੂੰਹ ਤੋਂ ਕੁਝ ਨੀਵਾਂ ਕਰ ਕੇ ਕੋਈ ਕਾਗਜ਼ ਚਿਪਕਾ ਦਿਓ ਅਤੇ ਇਸ ਕਾਗਜ਼ ਦੇ ਉੱਪਰ ਵੀ ਟੀਨ ਦੇ ਡੱਬੇ ਦੇ ਮੂੰਹ ਤੱਕ ਮਿੱਟੀ ਪਾ ਦਿਓ। ਤਾਂ ਜੋ ਸਾਰਾ ਡੱਬਾ ਮਿੱਟੀ ਦਾ ਭਰਿਆ ਹੋਇਆ ਲੱਗੇ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਦਰਸ਼ਕਾਂ ਨੂੰ ਕਹੋ ਕਿ ਉਹ ਇਹ ਤਾਂ ਜਾਣਦੇ ਹੀ ਹਨ ਕਿ ਪੌਦਾ ਵੱਧਦਾ ਹੈ, ਪਰ ਇਹ ਨਹੀਂ ਦੇਖਿਆ ਕਿ ਕਿਵੇਂ ਵੱਧਦਾ ਹੈ। ਤੁਸੀਂ ਕਹੋ, "ਮੈਂ ਅੱਜ ਤੁਹਾਨੂੰ ਇਕ ਕੁਦਰਤੀ ਨਜ਼ਾਰਾ ਦਿਖਾਉਣ ਜਾ ਰਿਹਾ ਹਾਂ।" ਤੁਸੀਂ ਟੀਨ ਦਾ ਡੱਬਾ ਚੁੱਕੋ ਅਤੇ ਉਸ ਨੂੰ ਟੇਢਾ ਕਰਕੇ ਦਿਖਾਓ ਕਿ ਇਹ ਮਿੱਟੀ ਦਾ ਭਰਿਆ ਹੋਇਆ ਹੈ ਅਤੇ ਹੁਣ ਮੈਂ ਇਸ ਦੇ ਅੰਦਰ ਇਕ ਬੀਜ ਬੀਜ ਰਿਹਾ ਹਾਂ। ਇਸ ਤੋਂ ਬਾਅਦ ਤੁਸੀਂ ਪਾਣੀ ਲਓ ਅਤੇ ਪਾਉਣਾ ਸ਼ੁਰੂ ਕਰ ਦੇਵੋ ਅਤੇ ਨਾਲ ਹੀ ਇਕ ਛੁਰੀ ਲੈ ਲਵੋ। ਅਤੇ ਉਸ ਦੇ ਨਾਲ ਟੀਨ ਦੇ ਡੱਬੇ ਦੇ ਅੰਦਰ ਲੱਗਾ ਕਾਗਜ਼ ਹੌਲੀ-ਹੌਲੀ ਮਾਰ ਕੇ ਪਾੜ ਦਿਓ, ਜਿਸ ਨਾਲ ਸਾਰੀ ਮਿੱਟੀ ਪਾਣੀ ਨਾਲ ਵਹਿ ਕਿ ਥੱਲੇ ਚਲੀ ਜਾਵੇਗੀ ਅਤੇ ਪਾਣੀ ਵੀ। ਪਾਣੀ ਤੋਂ ਕਾਰਕ ਹਲਕਾ ਹੋਣ ਦੇ ਕਾਰਨ ਪੌਦੇ ਸਮੇਤ ਹੌਲੀ-ਹੌਲੀ ਉੱਪਰ ਆਉਣਾ ਸ਼ੁਰੂ ਕਰ ਦੇਵੇਗਾ। ਦਰਸ਼ਕ ਇਸ ਅਦਭੁਤ ਨਜ਼ਾਰੇ ਨੂੰ ਦੇਖ ਕੇ ਹੈਰਾਨ ਹੋ ਜਾਣਗੇ ਅਤੇ ਤੁਹਾਡੀ ਪ੍ਰਸ਼ੰਸਾ ਦੇ ਵਿਚ ਤਾੜੀਆਂ ਦਾ ਮੀਂਹ ਵਰਸਾ ਦੇਣਗੇ।



## ਸਿੱਕੇ ਦਾ ਅਦ੍ਰਿਸ਼ ਹੋ ਜਾਣਾ

ਜਾਦੂਗਰ ਇਕ ਸਿੱਕੇ ਉੱਪਰ ਰੁਮਾਲ ਪਾ ਦਿੰਦਾ ਹੈ ਫਿਰ ਉਹ ਰੁਮਾਲ ਨੂੰ ਹਵਾ ਦੇ ਵਿਚ ਲਹਿਰਾਉਂਦਾ ਹੈ ਅਤੇ ਸਿੱਕਾ ਗਾਇਬ ਹੋ ਜਾਂਦਾ ਹੈ।

ਜਾਦੂ ਦਾ ਸਾਮਾਨ : ਦੋ ਸਿੱਕੇ, ਇਕ ਰੁਮਾਲ।

ਜਾਦੂ ਦੀ ਤਿਆਰੀ :

ਸਭ ਤੋਂ ਪਹਿਲਾਂ ਅਜਿਹਾ ਰੁਮਾਲ ਤਿਆਰ ਕਰੋ, ਜੋ ਚਾਰੇ ਪਾਸਿਓ ਇਕ ਤੋਂ 2 ਇੰਚ ਤਕ ਚੌੜਾ ਹੋਵੇ ਅਤੇ ਚਾਰੇ ਪਾਸਿਓਂ ਸਿਉਂਤਾ ਹੋਵੇ। ਇਸ ਰੁਮਾਲ ਦੇ ਇਕ ਕੋਨੇ ਦੀ ਥੋੜ੍ਹੀ ਜਿਹੀ ਸਿਉਣ ਉਦੇੜ ਕੇ ਅੰਦਰ ਸਿੱਕਾ ਪਾ ਦਿਓ ਅਤੇ ਫਿਰ ਸਿਉਣ ਮਾਰ ਦਿਓ ਤਾਂ ਜੋ ਸਿੱਕਾ ਉਸੇ ਵਿਚ ਹੀ ਫਿਕਸ ਹੋ ਜਾਵੇ ਅਤੇ ਬਾਹਰ ਨਾ ਨਿਕਲੇ।

ਜਾਦੂ ਦਾ ਪ੍ਰਦਰਸ਼ਨ : ਸਟੇਜ ਉੱਪਰ ਆ ਕੇ ਦਰਸ਼ਕਾਂ ਨੂੰ ਸੰਬੋਧਿਤ ਕਰੋ ਕਿ ਤੁਸੀਂ ਉਨ੍ਹਾਂ ਨੂੰ ਕਿਸ ਕਿਸਮ ਦਾ ਜਾਦੂ ਦਿਖਾਉਣ ਜਾ ਰਹੇ ਹੋ। ਫਿਰ ਜੇਬ ਦੇ ਅੰਦਰੋਂ ਇਕ ਸਿੱਕਾ ਕੱਢੋ ਅਤੇ ਕਿਸੇ ਦਰਸ਼ਕ ਨੂੰ ਸਟੇਜ ਉੱਪਰ ਬੁਲਾਓ ਅਤੇ ਸਿੱਕਾ ਉਸ ਦੇ ਹੱਥ ਵਿਚ ਪਕੜਾ ਦਿਓ। ਇਸ ਦੇ ਬਾਅਦ ਤੁਸੀਂ ਕਹੋ, "ਪਿਆਰੇ ਦਰਸ਼ਕੋ ਹੁਣ ਤੁਸੀਂ ਦੇਖੋਗੇ ਕਿ ਮੈਂ ਕਿਸ ਤਰ੍ਹਾਂ ਇਸ ਸੱਜਣ ਦੇ ਹੱਥ ਵਿਚ ਪਕੜਿਆ ਸਿੱਕਾ ਗਾਇਬ ਕਰ ਦੇਵਾਂਗਾ।"

ਫਿਰ ਤੁਸੀਂ ਦਰਸ਼ਕ ਨੂੰ ਕਹੋ ਕਿ ਰੁਪਈਆ ਚੰਗੀ ਤਰ੍ਹਾਂ ਦੇਖ ਪਰਖ ਲਵੇ। ਫਿਰ ਤੁਸੀਂ ਉਸ ਦਰਸ਼ਕ ਤੋਂ ਰੁਪਏ ਦਾ ਸਿੱਕਾ ਆਪਣੇ ਹੱਥ ਵਿਚ ਲਵੋ। ਆਪਣੀ ਜੇਬ ਦੇ ਵਿਚੋਂ ਵਿਸ਼ੇਸ਼ ਰੁਮਾਲ ਕੱਢੋ। ਹੁਣ ਤੁਸੀਂ ਦਰਸ਼ਕ ਨੂੰ ਰੁਮਾਲ ਵਿਚ ਫਿਟ ਰੁਪਈਆ ਰੁਮਾਲ ਦੇ ਥੱਲੇ ਦੀ ਪਕੜਾ ਦਿਓ। ਦਰਸ਼ਕ ਸਮਝੇਗਾ ਕਿ ਤੁਸੀਂ ਉਸ ਨੂੰ ਉਹੀ ਰੁਪਈਆ ਪਕੜਾਇਆ ਹੈ, ਜੋ ਉਸ ਨੇ ਤੁਹਾਨੂੰ ਦਿੱਤਾ ਹੈ। ਤੁਸੀਂ ਡੰਡਾ ਚੁੱਕਣ ਦੇ ਬਹਾਨੇ ਰੁਪਈਆ ਉਥੇ ਹੀ ਮੇਜ਼ ਉੱਪਰ ਰੱਖ ਦੇਵੋ ਅਤੇ ਡੰਡੇ ਨੂੰ ਰੁਮਾਲ ਨੂੰ ਝਟਕੇ ਦੇ ਨਾਲ ਉੱਪਰ ਹਵਾ ਵਿਚ ਲਹਿਰਾ ਦਿਓ। ਸਟੇਜ 'ਤੇ ਆਇਆ ਦਰਸ਼ਕ ਰੁਪਈਆ ਲੱਭਦਾ ਰਹਿ ਜਾਵੇਗਾ। ਫਿਰ ਤੁਸੀਂ ਇਸ ਵਿਸ਼ੇਸ਼ ਰੁਮਾਲ ਨੂੰ ਬਹੁਤ ਹੀ ਸਾਵਧਾਨੀ ਦੇ ਨਾਲ ਮੇਜ 'ਤੇ ਰੱਖ ਦਿਓ ਅਤੇ ਨਾਲ ਹੀ ਜੋ ਤੁਸੀਂ ਸਿੱਕਾ ਪਹਿਲਾਂ ਮੇਜ਼ 'ਤੇ ਰੱਖਿਆ ਸੀ ਆਪਣੀ ਜੇਬ ਦੇ ਅੰਦਰ ਪਾ ਲਓ ਅਤੇ ਦਰਸ਼ਕ ਦੇ ਕੋਲ ਆ ਕੇ ਕਹੋ "ਉਹ ਰੁਪਈਆ ਕਿਥੇ ਗਿਆ?" ਤਾਂ ਦਰਸ਼ਕ ਕਹੇਗਾ, "ਮੈਨੂੰ ਕੁਝ ਨਹੀਂ ਪਤਾ।" ਤਾਂ ਤੁਸੀਂ ਉਸ ਦਰਸ਼ਕ ਨੂੰ ਕਹੋ, "ਘਬਰਾਉਣ ਦੀ ਗੱਲ ਨਹੀਂ। ਉਹ ਜਾਦੂ ਦਾ ਰੁਪਈਆ ਹੈ, ਉਹ ਤੁਹਾਡੇ ਹੱਥ ਵਿਚੋਂ ਉੱਡ ਕੇ ਮੇਰੀ ਜੇਬ ਦੇ ਅੰਦਰ ਆ ਗਿਆ ਹੈ।" ਅਤੇ ਤੁਸੀਂ ਆਪਣੀ ਜੇਬ ਦੇ ਵਿਚੋਂ ਰੁਪਈਆਂ ਕੱਢ ਕੇ ਉਸ ਦਰਸ਼ਕ ਦੇ ਹੱਥ ਵਿਚ ਪਕੜਾ ਦੇਵੋ। ਜਿਸ ਨੂੰ ਦੇਖ ਕੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ।

# ਸ਼ੰਕਾ ਨਵਿਰਤੀ

**1. ਸਵਾਲ : ਸੁਪਰਮੂਨ ਕੀ ਹੁੰਦਾ ਹੈ?**

ਜਵਾਬ : ਜਿਵੇਂ ਅਸੀਂ ਜਾਣਦੇ ਹਾਂ ਕਿ ਚੰਦਰਮਾ ਧਰਤੀ ਤੋਂ 4,06,696 ਕਿਲੋਮੀਟਰ ਦੂਰ ਹੈ। ਇਹ ਧਰਤੀ ਦੁਆਲੇ ਚੱਕਰ ਲਾਉਂਦਾ ਹੈ, ਪਰ ਧਰਤੀ ਦੁਆਲੇ ਇਸ ਦਾ ਚੱਕਰ ਪੂਰੀ ਗੋਲਾਈ ਵਿਚ ਨਹੀਂ ਹੈ, ਸਗੋਂ ਮੁਰਗੀ ਦੇ ਅੰਡੇ ਦੀ ਤਰ੍ਹਾਂ ਇਸ ਦੀ ਲੰਬਾਈ ਦਾ ਘੇਰਾ ਵੱਧ ਹੈ ਅਤੇ ਚੌੜਾਈ ਦਾ ਘੇਰਾ ਘੱਟ ਹੈ। ਇਸ ਨੂੰ ਅਸੀਂ ਵਿਗਿਆਨ ਦੀ ਭਾਸ਼ਾ ਵਿਚ 'ਅੰਡਾਕਾਰ ਪੱਥ' ਕਹਿੰਦੇ ਹਾਂ। ਇਸ ਲਈ ਇਸ ਦੀ ਦੂਰੀ ਧਰਤੀ ਤੋਂ ਹਮੇਸ਼ਾ ਇਕੋ ਜਿੰਨ੍ਹੀ ਨਹੀਂ ਰਹਿੰਦੀ। ਇਹ ਵਧਦੀ ਘਟਦੀ ਰਹਿੰਦੀ ਹੈ, ਜਦੋਂ ਚੰਦਰਮਾ ਧਰਤੀ ਦੇ ਸਭ ਤੋਂ ਵੱਧ ਨੇੜੇ ਹੁੰਦਾ ਹੈ, ਉਸ ਸਮੇਂ ਇਸ ਦੀ ਦੂਰੀ 363104 ਕਿਲੋਮੀਟਰ ਰਹਿ ਜਾਂਦੀ ਹੈ। ਇਸ ਸਮੇਂ ਚੰਦਰਮਾ ਧਰਤੀ ਦੇ ਲੋਕਾਂ ਨੂੰ ਆਮ ਆਕਾਰ ਤੋਂ 14 ਗੁਣਾ ਵੱਡਾ ਨਜ਼ਰ ਆਉਂਦਾ ਹੈ ਅਤੇ ਇਸ ਦੀ ਚਮਕ ਵੀ ਤੀਹ ਗੁਣਾ ਵਧ ਜਾਂਦੀ ਹੈ। ਚੰਦਰਮਾ ਦੀ ਅਜਿਹੀ ਸਥਿਤੀ ਨੂੰ ਸੁਪਰਮੂਨ ਕਿਹਾ ਜਾਂਦਾ ਹੈ।

**2. ਸਵਾਲ : ਸੰਗਠਿਤ ਧਰਮ ਤੇ ਰਾਜਨੀਤੀ ਵਿਚ ਕੀ ਫ਼ਰਕ ਹੈ?**

ਜਵਾਬ : ਸੁਖਾਲੀ ਭਾਸ਼ਾ ਵਿਚ ਕਹਿ ਲਈਏ, ਜਿਵੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਵਿਚ ਜਾਂ ਜਿਵੇਂ ਆਰ. ਐਸ. ਐਸ. ਅਤੇ ਭਾਜਪਾ ਵਿਚਕਾਰ ਹੈ। ਅਸਲ ਵਿਚ ਇਹ ਦੋਵੇਂ ਸੰਸਥਾਵਾਂ ਜਾਂ ਪਾਰਟੀਆਂ ਸਾਨੂੰ ਅਲੱਗ-ਅਲੱਗ ਵਿਖਾਈ ਦਿੰਦੀਆਂ ਹਨ, ਪਰ ਅਸਲ ਵਿਚ ਹੁੰਦੀਆਂ ਨਹੀਂ। ਇਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਯਤਨ ਹੁੰਦਾ ਹੈ। ਅਸਲ ਵਿਚ ਅਜਿਹੀ ਕਮੇਟੀ ਜਾਂ ਪਾਰਟੀ ਦਿਖਾਵੇ ਦੇ ਤੌਰ 'ਤੇ ਤਾਂ ਧਾਰਮਿਕ ਕਾਰਜ ਕਰਦੇ ਹਨ, ਪਰ ਅਸਲ ਵਿਚ ਇਸ ਦੀ ਵਾਂਗਡੋਰ ਪਾਰਟੀ ਦੇ ਹੱਥ ਹੁੰਦੀ ਹੈ। ਲੋੜ ਪੈਣ 'ਤੇ ਪਾਰਟੀ ਧਰਮ ਨੂੰ ਵਰਤ ਲੈਂਦੀ ਹੈ ਅਤੇ ਜਦੋਂ ਧਰਮ ਕਿਸੇ ਔਖਿਆਈ ਵਿਚੋਂ ਗੁਜ਼ਰਦਾ ਹੈ ਤਾਂ ਪਾਰਟੀ ਉਸ ਨੂੰ ਬਚਾਉਂਦੀ ਹੈ। ਸਿਰਸਾ ਵਾਲੇ ਡੇਰੇ ਨਾਲ ਵਾਦ-ਵਿਵਾਦ ਇਸ ਦੀ ਸਪਸ਼ਟ ਉਦਾਹਰਣ ਹੈ। 2007 ਦੀਆਂ ਵੋਟਾਂ ਵੇਲੇ ਡੇਰੇ ਦੇ ਰਾਜਸੀ ਵਿੰਗ ਨੇ ਸੰਤ ਦੇ ਕਹਿਣ 'ਤੇ ਕਾਂਗਰਸ ਦੀ ਹਮਾਇਤ ਕਰ ਦਿੱਤੀ, ਪਰ ਇਸ ਦੇ ਬਾਵਜੂਦ ਅਕਾਲੀ ਦਲ ਸੱਤਾ ਵਿਚ ਆ ਗਿਆ। ਅਕਾਲੀ ਦਲ ਨੇ ਬਦਲਾ ਲੈਣ ਲਈ ਇਕ ਬਹਾਨਾ ਘੜਿਆ ਕਿ ਸਿਰਸੇ ਵਾਲੇ ਸੰਤ ਨੇ ਸਲਾਬਤਪੁਰਾ ਦੇ ਡੇਰੇ ਵਿਚ ਲੋਕਾਂ ਦੀ ਵੱਡੀ ਭੀੜ ਇਕੱਠੀ ਕਰ ਕੇ ਉਨ੍ਹਾਂ ਨੂੰ ਮਿੱਠਾ ਪਾਣੀ ਪਿਲਾਉਣ ਦੀ ਰਸਮ ਵੇਲੇ ਇਕ ਜੋੜਾ ਪਹਿਨਿਆ ਹੋਇਆ ਸੀ ਅਤੇ ਕਲਗ਼ੀ ਲਗਾਈ ਹੋਈ ਸੀ। ਇਸ ਚੋਲੇ ਤੇ ਕਲਗ਼ੀ ਦਾ ਸਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਸੀ ਕਿਉਂਕਿ ਉਸ ਵੇਲੇ ਤਾਂ ਅਜਿਹੀਆਂ ਪੁਸ਼ਾਕਾਂ ਉਪਲੱਬਧ ਹੀ ਨਹੀਂ ਸਨ। ਇਸ ਦਾ ਬਹਾਨਾ ਬਣਾ ਕੇ ਅਕਾਲੀ ਦਲ ਦੇ ਕਹਿਣ 'ਤੇ ਅਕਾਲ ਤਖ਼ਤ ਨੇ ਲੋਕਾਂ ਨੂੰ ਸਿਰਸੇ ਵਾਲਿਆਂ ਦੇ ਚੇਲਿਆਂ ਦਾ ਬਾਈਕਾਟ ਕਰਨ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਡੇਰਾ ਪ੍ਰੇਮੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਆਪਣੇ ਵਿਆਹਾਂ ਦੀਆਂ ਰਸਮਾਂ ਨਿਭਾਉਣ ਅਤੇ ਸਾਂਝੇ ਸਮਸਾਨਘਾਟਾਂ ਵਿਚ ਸੰਸਕਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ। ਲੋਕਾਂ ਨੂੰ ਰੱਜ ਕੇ ਲੜਾਇਆ ਗਿਆ। ਇਸ ਦੌਰਾਨ ਦਸ-ਵੀਹ ਵਿਅਕਤੀ ਮਾਰੇ ਵੀ ਗਏ। ਹੁਣ ਜਦੋਂ ਸਿਰਸੇ ਵਾਲੇ ਨੇ ਹਰਿਆਣਾ ਤੇ ਦਿੱਲੀ ਵਿਚ ਭਾਜਪਾ ਨੂੰ ਅਤੇ ਬਠਿੰਡਾ ਤੋਂ ਅਕਾਲੀ ਦਲ ਨੂੰ ਹਮਾਇਤ ਜਾਰੀ ਕਰ ਦਿੱਤੀ ਤਾਂ ਪਰਕਾਸ਼ ਸਿੰਘ ਬਾਦਲ ਨੇ 2017 ਦੀਆਂ ਚੋਣਾਂ ਦੇ ਮੱਦੇਨਜ਼ਰ ਸਿਰਸੇ ਵਾਲੇ ਸਾਧ ਦੀ ਹਮਾਇਤ ਹਾਸਿਲ ਕਰਨ ਲਈ ਅੱਜ ਅਕਾਲ ਤਖ਼ਤ ਵਲੋਂ ਉਸ ਨੂੰ ਮਾਫ਼ੀਨਾਮਾ ਦਿਵਾ ਦਿੱਤਾ ਗਿਆ। ਇਸ ਤਰ੍ਹਾਂ ਧਰਮ ਅਤੇ ਰਾਜਨੀਤੀ ਦੀ ਮਿਲੀਭੁਗਤ ਆਪਣੇ ਹਿੱਤਾਂ ਲਈ ਦੰਗੇ ਵੀ ਕਰਵਾਉਂਦੀ ਹੈ।

**3. ਸਵਾਲ : ਧਿਆਨ ਕੀ ਹੈ? ਇਸ ਦੇ ਕੀ ਫ਼ਾਇਦੇ ਹਨ?**

ਜਵਾਬ : ਆਪਣੇ ਆਪ ਨੂੰ ਕੇਂਦਰਿਤ ਕਰਨ ਦੀ ਵਿਧੀ ਨੂੰ ਧਿਆਨ ਕਹਿੰਦੇ ਹਨ। ਜਿਵੇਂ ਕੋਈ ਧਾਰਮਿਕ ਵਿਅਕਤੀ ਆਪਣੇ ਗੁਰੂ, ਆਪਣੇ ਇਸ਼ਟ ਜਾਂ ਆਪਣੇ ਦੇਵਤਾ ਵੱਲ ਆਪਣਾ ਸਾਰਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਸਮਾਧੀ ਵਿੱਚ ਚਲਾ ਗਿਆ ਹੈ ਜਾਂ ਇਸ ਨੂੰ ਪੀਨਕ ਲੱਗ ਗਈ ਹੈ। ਮੈਂ ਰਾਧਾ ਸੁਆਮੀ ਸਤਿਸੰਗ ਵਿਚ ਵਿਸ਼ਵਾਸ ਕਰਨ ਵਾਲੇ ਕਈ ਵਿਅਕਤੀਆਂ ਨੂੰ ਵੇਖਿਆ ਹੈ, ਜਿਹੜੇ ਸਵੇਰੇ ਹੀ ਆਪਣੇ ਸਤਿਗੁਰੂ ਵਿਚ ਲੀਨ ਹੋ ਜਾਂਦੇ ਹਨ। ਉਹਨਾਂ ਨੂੰ ਆਸੇ-ਪਾਸੇ ਦੀ ਸੁਰਤ ਨਹੀਂ ਰਹਿੰਦੀ। ਬਹੁਤ ਸਾਰੇ ਨਸ਼ਈ ਲੋਕਾਂ ਵਿਚ ਵੀ ਇਹ ਵਰਤਾਰਾ ਵਾਪਰਦਾ ਹੈ। ਨਸ਼ੇ ਦੀ ਲੋਰ ਵਿਚ ਉਹ ਵੀ ਆਪਣੇ ਆਪ ਨੂੰ ਆਲੇ-ਦੁਆਲੇ ਨਾਲੋਂ ਅਲੱਗ ਕਰ ਲੈਂਦੇ ਹਨ। ਆਪਣੇ ਆਪ ਨੂੰ ਜ਼ਿਆਦਾ ਧਿਆਨ ਵਿਚ ਕੇਂਦਰਿਤ ਕਰਨ ਵਾਲੇ ਵਿਅਕਤੀਆਂ ਲਈ ਘਰ ਦੀਆਂ ਸਮੱਸਿਆਵਾਂ ਵਾਸਤੇ ਕੋਈ ਸਮਾਂ ਨਹੀਂ ਹੁੰਦਾ। ਅਸੀਂ ਤਰਕਸ਼ੀਲ ਇਸ ਨੂੰ ਨੁਕਸਾਨਦਾਇਕ ਹੀ ਮੰਨਦੇ ਹਾਂ। ਜਿਥੇ ਇਹ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਥੇ ਘਰੇਲੂ ਜ਼ਿੰਮੇਵਾਰੀਆਂ ਤੋਂ ਖਹਿੜਾ ਛੁਡਾਉਣਾ ਵੀ ਸਮਾਜਿਕ ਤੌਰ 'ਤੇ ਗਲਤ ਹੈ। ਹਰੇਕ ਵਿਅਕਤੀ ਨੂੰ ਆਪਣੀ ਵਿੱਤ ਅਨੁਸਾਰ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਘਰ ਦੇ ਮੈਂਬਰਾਂ ਨਾਲ ਵੰਡਾਉਣੀਆਂ ਚਾਹੀਦੀਆਂ ਹਨ।

**4. ਸਵਾਲ : ਨੀਂਦ ਅਤੇ ਮੌਤ ਵਿਚ ਕੀ ਫ਼ਰਕ ਹੈ?**

ਜਵਾਬ : ਨੀਂਦ ਅਤੇ ਮੌਤ ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਸਮਾਨਤਾ ਸਿਰਫ਼ ਇੰਨ੍ਹੀ ਕੁ ਹੈ ਕਿ ਨੀਂਦ ਕਾਰਨ ਵਿਅਕਤੀ ਦਾ ਸਬੰਧ ਆਲੇ-ਦੁਆਲੇ ਤੋਂ ਵਕਤੀ ਤੌਰ 'ਤੇ ਕੁੱਝ ਸਮੇਂ ਲਈ ਟੁੱਟ ਜਾਂਦਾ ਹੈ। ਪਰ ਮੌਤ ਨਾਲ ਤਾਂ ਇਹ ਸਬੰਧ ਸਦਾ ਲਈ ਟੁੱਟ ਜਾਂਦਾ ਹੈ। ਨੀਂਦ ਵਿਚ ਬਹੁਤ ਸਾਰੀਆਂ ਕਿਰਿਆਵਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਚਲਦੀਆਂ ਰਹਿੰਦੀਆਂ ਹਨ। ਜਿਵੇਂ ਸਾਹ ਕਿਰਿਆ, ਸੋਚਣ ਕਿਰਿਆ, ਭੋਜਨ ਪਾਚਣ ਕਿਰਿਆ, ਖ਼ੂਨ ਸੰਚਾਰ ਆਦਿ ਚੱਲਦੀਆਂ ਰਹਿੰਦੀਆਂ ਹਨ, ਪਰ ਮੌਤ ਤੋਂ ਪੰਜ ਮਿੰਟ ਬਾਅਦ ਸਰੀਰ ਵਿਚੋਂ ਇਹ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ।

**5. ਸਵਾਲ : ਜਿਸ ਸ਼ਕਲ ਵਾਲਾ ਫਲ ਖਾਓ, ਸਰੀਰ ਦਾ ਉਸੇ ਸ਼ਕਲ ਵਾਲਾ ਅੰਗ ਵੱਧ ਵਿਕਸਤ ਤੇ ਮਜ਼ਬੂਤ ਹੋਣਾ ਸ਼ੁਰੂ ਹੋ ਜਾਂਦਾ ਹੈ। ਕੀ ਇਹ ਠੀਕ ਹੈ?**

ਜਵਾਬ : ਅਜਿਹਾ ਨਹੀਂ ਹੁੰਦਾ। ਧਾਰਮਿਕ ਵਿਅਕਤੀਆਂ ਦੀ ਇਹ ਧਾਰਨਾ ਹੈ ਕਿ ਅਖਰੋਟ ਖਾਣ ਨਾਲ ਦਿਮਾਗ਼ ਵਧਦਾ-ਫੁਲਦਾ ਹੈ ਅਤੇ ਸੇਬ ਖਾਣ ਨਾਲ ਦਿਲ। ਪਰ ਬਹੁਤ ਸਾਰੇ ਲੋਕ ਆਪਣੀ ਖ਼ੁਰਾਕ ਵਿਚ ਤਰਲ ਪਦਾਰਥ ਜ਼ਿਆਦਾ ਲੈਂਦੇ ਹਨ। ਕੀ ਅਜਿਹਾ ਹੋਣ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਖ਼ੂਨ ਦੀ ਸਪਲਾਈ ਜ਼ਿਆਦਾ ਵੱਧ ਜਾਂਦੀ ਹੈ। ਅਸਲ ਵਿਚ, ਖ਼ੁਰਾਕ ਵਿਚ ਖਾਧੇ ਬਹੁਤੇ ਪਦਾਰਥ ਰਲ-ਮਿਲ ਕੇ ਸਰੀਰ ਦੇ ਵਿਕਾਸ ਵਿਚ ਬਹੁਤ ਸਾਰਾ ਯੋਗਦਾਨ ਪਾਉਂਦੇ ਹਨ। ਸਾਡੇ ਸਰੀਰ ਨੂੰ ਬਹੁਤ ਸਾਰੇ ਵਿਟਾਮਿਨਾਂ ਅਤੇ ਖਣਿਜਾਂ ਦੀ ਲੋੜ ਹੁੰਦੀ ਹੈ। ਇਹ ਵੱਖ-ਵੱਖ ਖਾਦ ਪਦਾਰਥਾਂ ਤੋਂ ਪ੍ਰਾਪਤ ਹੁੰਦੇ ਹਨ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਅਖਰੋਟ ਦੀ ਵਰਤੋਂ ਸਾਡੇ ਦਿਮਾਗ਼ ਦੇ ਵਿਕਾਸ ਲਈ ਲਾਭਦਾਇਕ ਨਹੀਂ ਹੁੰਦੀ, ਸਗੋਂ ਹੁੰਦੀ ਹੈ। ਪਰ ਸਾਰੇ ਫਲਾਂ ਵਿਚ ਅਜਿਹਾ ਨਹੀਂ ਹੁੰਦਾ।

**6. ਸਵਾਲ : ਮੋਦੀ, ਭਿੰਡਰਾਂਵਾਲੇ ਅਤੇ ਉਸਾਮਾ ਬਿਨ ਲਾਦੇਨ ਵਿਚ ਵਿਚਾਰਧਾਰਕ ਤੌਰ 'ਤੇ ਕੀ ਫ਼ਰਕ ਹੈ?**

ਜਵਾਬ : ਜਰਨੈਲ ਸਿੰਘ ਭਿੰਡਰਾਂਵਾਲਾ ਸਿੱਖ ਵਿਚਾਰਧਾਰਕ ਸੀ, ਨਰਿੰਦਰ ਮੋਦੀ ਹਿੰਦੂ ਅਤੇ ਓਸਾਮਾ ਬਿਨ ਲਾਦੇਨ ਇਸਲਾਮੀ ਵਿਚਾਰਧਾਰਕ ਸੀ। ਤਿੰਨੋਂ ਆਪਣੇ-ਆਪਣੇ ਧਰਮਾਂ ਦੇ ਕੱਟੜ ਸਮਰਥਕ ਹਨ ਜਾਂ ਸਨ। ਭਿੰਡਰਾਂਵਾਲਾ ਅਤੇ ਉਸਾਮਾ ਬਿਨ ਲਾਦੇਨ ਕਦੇ ਵੀ ਰਾਜਸੱਤਾ 'ਤੇ ਕਾਬਜ਼ ਨਹੀਂ ਹੋ ਸਕੇ। ਮੈਂ ਸਮਝਦਾ ਹਾਂ ਕਿ ਕਿਸੇ ਧਰਮ ਨਿਰਪੱਖ ਦੇਸ਼ ਵਿਚ ਸੱਤਾ ਧਰਮ ਨਿਰਪੱਖ ਵਿਅਕਤੀਆਂ ਦੇ ਹੱਥ ਵਿਚ ਹੀ ਹੋਣੀ ਚਾਹੀਦੀ ਹੈ। ਜਦੋਂ ਵੀ ਕੋਈ

ਧਰਮ ਪੱਖੀ ਪਾਰਟੀ ਜਾਂ ਵਿਅਕਤੀ ਰਾਜਸੱਤਾ ਵਿਚ ਹੋਵੇਗਾ ਤਾਂ ਉਹ ਸਿਰਫ਼ ਆਪਣੇ ਧਰਮ ਨੂੰ ਵੱਧ ਸਥਾਪਤ ਕਰਨ ਲਈ, ਵੱਧ ਧਿਆਨ ਕੇਂਦਰਤ ਕਰੇਗਾ। ਇਸ ਨਾਲ ਦੂਸਰੇ ਧਰਮਾਂ ਵਾਲੇ ਵਿਅਕਤੀ ਅੱਖੋਂ-ਪਰੋਖੇ ਹੁੰਦੇ ਜਾਣਗੇ। ਭਾਰਤੀ ਸੰਵਿਧਾਨ ਅਜਿਹਾ ਨਹੀਂ ਕਹਿੰਦਾ, ਪਰ ਸੰਵਿਧਾਨ ਅਨੁਸਾਰ, ਚੱਲਣ ਵਾਲੇ ਵਿਅਕਤੀ ਬਹੁਤ ਘੱਟ ਹੁੰਦੇ ਹਨ। ਦੇਸ਼ ਦੀ ਏਕਤਾ ਅਤੇ ਅਖੰਡਤਾ ਸਿਰਫ਼ ਤੇ ਸਿਰਫ਼ ਧਰਮ ਨਿਰਪੱਖ ਵਿਅਕਤੀ ਜਾਂ ਨਾਸਤਿਕ ਵਿਅਕਤੀ ਹੀ ਕਰ ਸਕਦੇ ਹਨ। ਪੰਜਾਬ ਦੀ ਧਰਤੀ ’ਤੇ ਕਤਲੋਗਾਰਤ ਕਰਨ ਲਈ ਭਿੰਡਰਾਂਵਾਲਾ ਜ਼ਿੰਮੇਵਾਰ ਸੀ, ਪਰ ਉਹ ਸਿਰਫ਼ ਘੜਿਆਂ ਵਿਚੋਂ ਪਰਚੀਆਂ ਹੀ ਕੱਢਦਾ ਸੀ ਤੇ ਸਿੱਧੇ ਰੂਪ ਵਿਚ ਉਸ ਨੇ ਇਕ ਵੀ ਵਿਅਕਤੀ ਦਾ ਕਤਲ ਨਹੀਂ ਸੀ ਕੀਤਾ। ਮੋਦੀ ਦੇ ਤਾਂ ਇਸ਼ਾਰੇ ਹੀ ਚੱਲਦੇ ਹਨ।

**7. ਸਵਾਲ : ਕੀ ਗਊ ਦਾ ਗੋਹਾ ਪ੍ਰਮਾਣੂ ਕਿਰਨਾਂ ਨੂੰ ਬੇਅਸਰ ਕਰਦਾ ਹੈ?**

ਜਵਾਬ : ਭਾਰਤ ਵਿਚ ਬਹੁਤ ਸਾਰੇ ਲੋਕ ਗਊਆਂ ਨੂੰ ਗਊ ਮਾਤਾ ਕਹਿੰਦੇ ਹਨ। ਉਹਨਾਂ ਲਈ ਗਊ ਮੂਤਰ, ਗਊ ਦਾ ਦੁੱਧ, ਗਊ ਦਾ ਗੋਹਾ ਸਭ ਕੁੱਝ ਪਵਿੱਤਰ ਹੈ, ਪਰ ਵਿਸ਼ਵਾਸ ਅਤੇ ਹਕੀਕਤ ਦੋਵੇਂ ਵੱਖ-ਵੱਖ ਹਨ। ਅਫ਼ਰੀਕੀ ਲੋਕ ਬੋਤੀ ਦੇ ਪੇਸ਼ਾਬ ਨੂੰ ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਵਰਤਦੇ ਹਨ। ਕਿਸੇ ਸਮੇਂ ਬੋਧੀਆਂ ਲਈ ਦਲਾਈਲਾਮਾ ਦੀ ਲੈਟਰੀਨ ਨੂੰ ਬਹੁਤ ਸਾਰੀਆਂ ਬਿਮਾਰੀਆਂ ਲਈ ‘ਰਾਮਬਾਣ’ ਸਮਝਿਆ ਜਾਂਦਾ ਸੀ। ਉਸ ਦੀਆਂ ਗੋਲੀਆਂ ਬਣਾ ਲਈਆਂ ਜਾਂਦੀਆਂ ਸਨ ਤੇ ਹਰ ਬਿਮਾਰੀ ਸਮੇਂ ਦੋ ਗੋਲੀਆਂ ਹੀ ਕਾਫ਼ੀ ਸਮਝੀਆਂ ਜਾਂਦੀਆਂ ਸਨ। ਧੰਦੇਬਾਜ਼ ਗੋਲੀਆਂ ਦਾ ਵਪਾਰ ਵੀ ਕਰਦੇ ਸਨ। ਜਿਵੇਂ ਅੱਜ ਭਾਰਤ ਵਿਚ ਵੀ ਗੰਗਾਜਲ, ਗਊ ਦਾ ਪੇਸ਼ਾਬ, ਬਹੁਤ ਸਾਰੇ ਸਾਧ-ਸੰਤਾਂ ਅਤੇ ਧਾਰਮਿਕ ਵਿਅਕਤੀਆਂ ਵਲੋਂ ਵੇਚਿਆ ਜਾ ਰਿਹਾ ਹੈ। ਅਸੀਂ ਸਮਝਦੇ ਹਾਂ ਕਿ ਵਧੀਆ ਗੱਲ ਹੋਵੇਗੀ ਕਿ ਗਊ ਦਾ ਗੋਹਾ ਪ੍ਰਮਾਣੂ ਬੰਬ ਦੀਆਂ ਕਿਰਨਾਂ ਨੂੰ ਬੇਅਸਰ ਕਰਦਾ ਹੋਵੇ। ਫਿਰ ਤਾਂ ਦਿੱਲੀ ਅਤੇ ਬਾਕੀ ਰਾਜਾਂ ਦੀਆਂ ਸਾਰੀਆਂ ਰਾਜਧਾਨੀਆਂ ਦੇ ਆਲੇ-ਦੁਆਲੇ ਅਤੇ ਕੇਂਦਰੀ ਸਥਾਨਾਂ ’ਤੇ ਗਊ ਦੇ ਗੋਹੇ ਦੇ ਵੱਡੇ-ਵੱਡੇ ਭੰਡਾਰ ਜਮ੍ਹਾਂ ਕਰ ਕੇ ਰੱਖ ਲੈਣੇ ਚਾਹੀਦੇ ਹਨ, ਕਿਉਂਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਲੜਾਈ ਲਈ ਕਮਰ ਕਸ ਰਹੀਆਂ ਹਨ। ਹੋ ਸਕਦਾ ਹੈ ਕਿ ਇਸ ਲੜਾਈ ਵਿਚ ਪ੍ਰਮਾਣੂ ਹਥਿਆਰ ਵੀ ਵਰਤੇ ਜਾਣ, ਇਸ ਲਈ ਗਊ ਦਾ ਗੋਹਾ ਉਸ ਸਮੇਂ ਬਹੁਤ ਲਾਭਦਾਇਕ ਹੋਵੇਗਾ ਅਤੇ ਗਊ ਦੇ ਗੋਹੇ ਦੀ ਪ੍ਰਮਾਣੂ ਕਿਰਨਾਂ ਨੂੰ ਬੇਅਸਰ ਕਰਨ ਵਾਲੇ ਗੁਣ ਦੀ ਖੋਜ ਕਰਨ ਵਾਲੇ ਵਿਅਕਤੀ ਨੂੰ ਨੋਬੇਲ ਪੁਰਸਕਾਰ ਵੀ ਦਿੱਤਾ ਜਾਣਾ ਚਾਹੀਦਾ ਹੈ।

**8. ਸਵਾਲ : ਸਮੁੰਦਰੀ ਘੋੜਾ ਕਿਸ ਜੀਵ ਨੂੰ ਕਹਿੰਦੇ ਹਨ?**

ਜਵਾਬ : ਇਕ ਮੱਛੀ ਦੀ ਸ਼ਕਲ ਘੋੜੇ ਦੀ ਸ਼ਕਲ ਵਰਗੀ ਹੁੰਦੀ ਹੈ, ਜਿਸ ਦੇ ਕੋਈ ਵੀ ਦੰਦ ਜਾਂ ਮਿਹਦਾ ਨਹੀਂ ਹੁੰਦਾ। ਭੋਜਨ ਤੇਜ਼ੀ ਨਾਲ ਇਸ ਦੀ ਪਾਚਣ ਪ੍ਰਣਾਲੀ ਵਿਚੋਂ ਦੀ ਨਿਕਲ ਜਾਂਦਾ ਹੈ। ਇਸ ਲਈ ਇਸ ਨੂੰ ਲਗਾਤਾਰ ਭੋਜਨ ਦੀ ਲੋੜ ਪੈਂਦੀ ਹੈ। ਇਸ ਦਾ ਗੁਣ ਇਹ ਹੈ ਕਿ ਇਸ ਵਿਚ ਨਰ ਆਪਣੇ ਪੇਟ ਦੀ ਥੈਲੀ ਵਿਚ ਅਣਜਨਮੇ ਬੱਚਿਆਂ ਨੂੰ ਰੱਖਦਾ ਹੈ।

**9. ਸਵਾਲ : ਕੁੱਝ ਜੀਵ ਜਾਂ ਪਸ਼ੂ ਦਰੱਖਤਾਂ ਦੀ ਛਿੱਲ ਨੂੰ ਖਾਂਦੇ ਹਨ? ਕੀ ਇਹ ਛਿੱਲ ਲਾਭਦਾਇਕ ਹੁੰਦੀ ਹੈ?**

ਜਵਾਬ : ਦਰੱਖਤਾਂ ਦੀ ਛਿੱਲ ਆਮ ਤੌਰ ’ਤੇ ਦਰੱਖਤਾਂ ਦੇ ਤਣਿਆਂ ਤੋਂ ਲਾਹੀ ਜਾਂਦੀ ਹੈ। ਹਾਥੀ ਅਤੇ ਹੋਰ ਬਹੁਤ ਸਾਰੇ ਕੀਟ-ਪਤੰਗੇ ਛਿੱਲ ਖਾਂਦੇ ਹਨ। ਪਰ ਛਿੱਲ ਵਿਚ ਲੋੜੀਂਦੇ ਵਿਟਾਮਿਨ ਅਤੇ ਖਣਿਜ ਪਦਾਰਥਾਂ ਦੀ ਘਾਟ ਹੁੰਦੀ ਹੈ। ਹਾਥੀ ਉਸ ਹਾਲਤ ਵਿਚ ਇਸ ਨੂੰ ਖਾਂਦੇ ਹਨ, ਜਦੋਂ ਭੋਜਨ ਦੀ ਕਮੀ ਹੋਵੇ।

**10. ਸਵਾਲ ਸਾਧਨਾ ਕੀ ਹੈ?**

ਜਵਾਬ : ਸਾਧਨਾ ਇਕ ਅਜਿਹਾ ਸ਼ਬਦ ਹੈ, ਜਿਸ ਨੂੰ ਧਾਰਮਿਕ ਲੋਕ ਜ਼ਿਆਦਾ ਵਰਤਦੇ ਹਨ। ਉਨ੍ਹਾਂ ਦਾ ਇਸ ਤੋਂ ਮਤਲਬ ਤਾਂ ਸਿਰਫ਼ ਪ੍ਰਮਾਤਮਾ ਦੀ ਭਗਤੀ ਕਰਨਾ ਹੁੰਦਾ ਹੈ। ਪਰ ਅਸੀਂ ਸਮਝਦੇ ਹਾਂ ਕਿ ਸਾਧਨਾ ਮਨੁੱਖੀ ਸੰਘਰਸ਼ ਦਾ ਦੂਜਾ ਨਾਮ ਹੈ। ਜਿਵੇਂ ਇਕ ਬੱਚਾ ਪਹਿਲਾਂ ਪੁੱਠਾ ਲੇਟਣਾ ਸਿਖਦਾ ਹੈ, ਉਸ ਤੋਂ ਬਾਅਦ ਉਹ ਲੇਟ ਕੇ ਖਿਸਕਣਾ ਸਿਖਦਾ ਹੈ। ਹੌਲੀ-ਹੌਲੀ ਉਸ ਨੂੰ ਬੈਠਣਾ ਆ ਜਾਂਦਾ ਹੈ। ਫਿਰ ਉਹ ਰਿੜਨਾ, ਖੜ੍ਹੇ ਹੋਣਾ, ਤੁਰਨਾ ਸਿਖਦਾ ਹੈ। ਇਸੇ ਤਰ੍ਹਾਂ ਜਦੋਂ ਬੱਚਾ ਪਹਿਲੀ ਵਾਰ ਇਕ ਜਾਂ ਦੋ ਸ਼ਬਦ ਬੋਲਦਾ ਹੈ ਤਾਂ ਮਾਂ-ਪਿਉ ਬਹੁਤ ਖ਼ੁਸ਼ ਹੁੰਦੇ ਹਨ। ਉਸ ਤੋਂ ਬਾਅਦ ਉਹ ਵਾਕ ਬਣਾਉਣੇ ਸਿਖਦਾ ਹੈ ਅਤੇ ਹੌਲੀ-ਹੌਲੀ ਬੋਲਣਾ ਸਿੱਖ ਜਾਂਦਾ ਹੈ। ਇਹ ਸਾਰੀਆਂ ਕਿਰਿਆਵਾਂ ਸਾਧਨਾ ਦਾ ਹੀ ਇਕ ਅੰਗ ਹਨ। ਸਾਡਾ ਸਮਾਜ ਜੇ ਸਾਧਨਾ ਦਾ ਮਤਲਬ ਸਮਝ ਜਾਵੇ ਤਾਂ ਚੰਗੇ ਮਨੁੱਖ ਪੈਦਾ ਕਰਨ ਵਿਚ ਵੀ ਅਸੀਂ ਅੱਗੇ ਨਿਕਲ ਸਕਦੇ ਹਾਂ। ਮਨੁੱਖ ਦੇ ਚੰਗੇ ਗੁਣ ਸਾਧਨਾ ਵਿਚੋਂ ਹੀ ਪੈਦਾ ਹੁੰਦੇ ਹਨ ਤੇ ਜ਼ਿੰਦਗੀ ਦੇ ਵਿਚ ਢਾਲਣੇ ਪੈਂਦੇ ਹਨ।




## ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

‘ਵਿਗਿਆਨ ਜੋਤ’ ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

ਪੰਜ ਪਾਠਕ ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਦਸ ਪਾਠਕ ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਵੀਹ ਪਾਠਕ ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਪੰਜਾਹ ਪਾਠਕ ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ’ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ ‘ਵਿਗਿਆਨ ਜੋਤ’ ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

**11. ਸਵਾਲ : ਭਾਰਤੀ ਧਰਤੀ ਉਪਰ ਕੁੱਝ ਅਜਿਹੇ ਸਤੰਭ ਖੜ੍ਹੇ ਹਨ, ਜਿਨ੍ਹਾਂ ਨੂੰ ਹਜ਼ਾਰ ਤੋਂ ਦੋ ਹਜ਼ਾਰ ਸਾਲ ਦਾ ਸਮਾਂ ਹੋ ਚੁੱਕਿਆ ਹੈ, ਪਰ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਅਜੇ ਤਕ ਜੰਗਾਲ ਨਹੀਂ ਲੱਗਿਆ। ਅਜਿਹਾ ਕਿਉਂ?**

ਜਵਾਬ : ਧਰਤੀ ਉਪਰ ਬਹੁਤ ਸਾਰੀਆਂ ਚੱਟਾਨਾਂ ਅਜਿਹੀਆਂ ਮਿਲ ਜਾਂਦੀਆਂ ਹਨ, ਜਿਹੜੀਆਂ ਦੋ-ਤਿੰਨ ਅਰਬ ਸਾਲ ਪੁਰਾਣੀਆਂ ਹਨ, ਪਰ ਇਨ੍ਹਾਂ ਨੂੰ ਅਜੇ ਤਕ ਜੰਗਾਲ ਨਹੀਂ ਲੱਗਿਆ। ਸਪੱਸ਼ਟ ਜਿਹਾ ਕਾਰਨ ਹੈ ਕਿ ਜੰਗਾਲ ਸਿਰਫ਼ ਉਸ ਥਾਂ 'ਤੇ ਹੀ ਲੱਗ ਸਕਦਾ ਹੈ, ਜਿਥੇ ਅਕਸੀਜਨ ਪਹੁੰਚ ਸਕਦੀ ਹੋਵੇ, ਕਿਉਂਕਿ ਲੋਹੇ ਨੂੰ ਜੰਗਾਲ ਆਕਸੀਜਨ ਦੀ ਉਪਲੱਬਧੀ ਤੋਂ ਬਗ਼ੈਰ ਨਹੀਂ ਲੱਗ ਸਕਦਾ। ਇਸ ਲਈ ਕਿਸੇ ਸਮੇਂ ਧਰਤੀ ਉਪਰ ਆਕਸੀਜਨ ਦੀ ਹੋਂਦ ਨਹੀਂ, ਉਸ ਸਮੇਂ ਜਿਹੜੀਆਂ ਚੱਟਾਨਾਂ ਹੋਂਦ ਵਿਚ ਆਈਆਂ, ਉਹ ਜੰਗਾਲ ਰਹਿਤ ਹਨ। ਜਿਹੜੇ ਸਤੰਭ ਮਹਾਤਮਾ ਬੁੱਧ ਨੇ ਜਾਂ ਉਸ ਤੋਂ ਬਾਅਦ ਵਾਲੇ ਰਾਜਿਆਂ ਨੇ ਲਗਵਾਏ ਸਨ, ਉਨ੍ਹਾਂ ਦੇ ਅੰਦਰ ਤਾਂ ਜੰਗਾਲ ਲੱਗ ਹੀ ਨਹੀਂ ਸਕਦੀ, ਕਿਉਂਕਿ ਅਕਸੀਜਨ ਉਥੇ ਉਪਲੱਬਧ ਨਹੀਂ ਹੁੰਦੀ। ਉਪਰਲੀ ਸਤ੍ਹਾ ਦੇ ਅਜਿਹੀਆਂ ਧਾਤਾਂ ਜਾਂ ਅਧਾਤਾਂ ਦਾ ਲੇਪ ਚਾੜ੍ਹਿਆ ਹੁੰਦਾ ਹੈ। ਜਿਹੜਾ ਅਜਿਹੇ ਸਤੰਭਾ ਨੂੰ ਜੰਗਾਲ ਰਹਿਤ ਕਰ ਦਿੰਦਾ ਹੈ। ਅੱਜ ਕੱਲ੍ਹ ਆਮ ਤੌਰ 'ਤੇ ਲੋਹੇ ਦੀਆਂ ਚੀਜ਼ਾਂ ਉਪਰ ਰੰਗ ਜਾਂ ਪਾਲਿਸ਼ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਜੰਗਾਲ ਨਹੀਂ ਲੱਗਦਾ।



**12. ਸਵਾਲ : ਦੱਖਣੀ ਭਾਰਤ ਵਿਚ ਕੁੱਝ ਮੰਦਰਾਂ ਦੇ ਅਜਿਹੇ ਥਮਲੇ ਹਨ, ਜਿਹੜੇ ਹਵਾ ਵਿਚ ਲਟਕ ਰਹੇ ਹਨ?**

ਜਵਾਬ : ਕਈ ਵਾਰ ਕਿਸੇ ਸਥਾਨ ਤੋਂ ਜ਼ਮੀਨ ਦੇ ਹੇਠਾਂ ਧੱਸਣ ਕਾਰਨ ਕੋਈ ਦੋ-ਚਾਰ ਥਮਲੇ ਹਵਾ ਵਿਚ ਲਟਕਦੇ ਰਹਿ ਜਾਂਦੇ ਹਨ, ਕਿਉਂਕਿ ਅਜਿਹੇ ਥਮਲੇ ਇਮਾਰਤ ਦੀ ਛੱਤ ਨਾਲ ਵਧੀਆ ਢੰਗ ਨਾਲ ਜੁੜੇ ਹੁੰਦੇ ਹਨ। ਕਈ ਵਾਰ ਤਾਂ ਉਪਰਲੀਆਂ ਮੰਜ਼ਿਲਾਂ ਤੱਕ ਵੀ ਗਏ ਹੁੰਦੇ ਹਨ। ਅਜਿਹੇ ਥਮਲਿਆਂ ਦਾ ਹਵਾ ਵਿਚ ਲਟਕਦੇ ਰਹਿ ਜਾਣਾ ਕੋਈ ਅਜੂਬਾ ਨਹੀਂ ਹੁੰਦਾ।

**13. ਸਵਾਲ : ਬੋਧੀ, ਜੈਨੀ, ਸਿੱਖ, ਈਸਾਈ ਅਤੇ ਮੁਸਲਮਾਨ ਕਦੋਂ ਪੈਦਾ ਹੋਏ?**

ਜਵਾਬ : ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਧਰਤੀ 'ਤੇ ਮਨੁੱਖ ਤਾਂ ਸੀ, ਪਰ ਉਹ ਵੱਖ-ਵੱਖ ਧਰਮਾਂ ਵਿਚ ਵੰਡਿਆ ਹੋਇਆ ਨਹੀਂ ਸੀ। ਮਨੁੱਖ ਦੀ ਹੋਂਦ ਤਾਂ ਇਕ ਕਰੋੜ ਵਰ੍ਹੇ ਪਹਿਲਾਂ ਤੋਂ ਲਗਾਤਾਰ ਹੈ। ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਨੜਿਨਵੇਂ ਲੱਖ ਪਚਾਨਵੇਂ ਹਜ਼ਾਰ ਵਰ੍ਹੇ ਧਰਤੀ ਧਰਮਾਂ ਤੋਂ ਬਗ਼ੈਰ ਵਜੂਦ ਵਿਚ ਰਹੀ ਹੈ। ਧਰਤੀ ਉੱਤੇ ਦੋ ਹਜ਼ਾਰ ਸਾਲ ਪਹਿਲਾਂ ਕੋਈ ਈਸਾਈ ਵੀ ਨਹੀਂ ਸੀ ਅਤੇ ਨਾ ਹੀ ਬੋਧੀ ਅਤੇ ਜੈਨੀ ਸਨ। ਤੇਰਾਂ ਸੌ ਸਾਲ ਪਹਿਲਾਂ ਧਰਤੀ ਉੱਤੇ ਮੁਸਲਮਾਨ ਧਰਮ ਬਾਰੇ ਪਤਾ ਵੀ ਨਹੀਂ ਹੁੰਦਾ ਸੀ, ਕਿਉਂਕਿ ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ 14 ਸੌ ਕੁ ਵਰ੍ਹੇ ਪਹਿਲਾਂ ਹੀ ਹੋਏ ਹਨ। ਇਵੇਂ ਹੀ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਹੋਇਆ ਸੀ। ਇਸ ਲਈ ਇਸ ਤੋਂ ਪਹਿਲਾਂ ਦਾ ਤਾਂ ਕੋਈ ਵਿਅਕਤੀ ਸਿੱਖ ਹੋ ਹੀ ਨਹੀਂ ਸਕਦਾ।

**14. ਸਵਾਲ : ਕੀ ਗਊ ਦਿਨ ਰਾਤ ਆਕਸੀਜਨ ਪੈਦਾ ਕਰਦੀ ਹੈ?**

ਜਵਾਬ : ਇਕ ਅਖ਼ਬਾਰ ਵਿਚ ਮੈਂ ਪੜ੍ਹਿਆ ਹੈ ਕਿ ਅਖੌਤੀ ਸਾਧੂ-ਸੰਤ ਨੇ ਆਪਣੇ ਭਗਤਾਂ ਨੂੰ ਉਪਦੇਸ਼ ਦੇਣ ਸਮੇਂ ਇਹ ਬਕਵਾਸ ਕੀਤਾ ਹੈ ਕਿ ਗਊ ਦਿਨ ਰਾਤ ਆਕਸੀਜਨ ਪੈਦਾ ਕਰਦੀ ਹੈ। ਅਸੀਂ ਵਿਗਿਆਨ ਨਾਲ ਸਬੰਧਤ ਸਾਰੇ ਵਿਅਕਤੀ ਜਾਣਦੇ ਹਾਂ ਕਿ ਹਰੇਕ ਪਸ਼ੂ ਨੂੰ ਜਿਉਂਦੇ ਰਹਿਣ ਲਈ ਸਾਹ ਰਾਹੀਂ ਕੁੱਝ ਆਕਸੀਜਨ ਅੰਦਰ ਲਿਜਾਣੀ ਪੈਂਦੀ ਹੈ। ਕੋਈ ਵੀ ਪਸ਼ੂ ਜਾਂ ਪੌਦਾ ਆਕਸੀਜਨ ਤੋਂ ਬਗੈਰ ਧਰਤੀ ਦੇ ਉਪਰ ਜਿਉਂਦਾ ਨਹੀਂ ਰਹਿ ਸਕਦਾ। ਗਊ ਵੀ ਦਿਨ-ਰਾਤ ਸਾਹ ਰਾਹੀਂ ਆਕਸੀਜਨ ਅੰਦਰ ਲੈ ਕੇ ਜਾਂਦੀ ਹੈ ਅਤੇ ਇਹ ਆਕਸੀਜਨ ਖ਼ੂਨ ਰਾਹੀਂ ਵੱਖ-ਵੱਖ ਸੈੱਲਾਂ ਵਿਚ ਪਹੁੰਚਦੀ ਹੈ। ਕਿਸੇ ਵੀ ਜੀਵ ਵਲੋਂ ਖਾਧੀ ਗਈ ਖ਼ੁਰਾਕ ਨੂੰ ਹਜ਼ਮ ਕਰਨ ਸਮੇਂ ਆਕਸੀਜਨ ਉਸ ਦੇ ਸੈੱਲਾਂ ਵਿਚ ਬਲਨ ਕਿਰਿਆ ਕਰਦੀ ਹੈ ਅਤੇ ਸਾਹ ਬਾਹਰ ਕੱਢਣ ਸਮੇਂ ਉਸ ਵਿਚ ਜ਼ਿਆਦਾ ਮਾਤਰਾ ਕਾਰਬਨ ਡਾਈਆਕਸਾਈਡ ਨਿਕਲਦੀ ਹੈ। ਜਿਹੜੇ ਪੌਦੇ ਸੂਰਜੀ ਦੀ ਰੌਸ਼ਨੀ ਵਿਚ ਹਵਾ ਵਿਚੋਂ ਕਾਰਬਨ ਡਾਈਆਕਸਾਈਡ ਤੇ ਪਾਣੀ ਲੈ ਕੇ ਆਪਣੀ ਖ਼ੁਰਾਕ ਆਪ ਤਿਆਰ ਕਰਦੇ ਹਨ,ਸਿਰਫ਼ ਉਨ੍ਹਾਂ ਪੌਦਿਆਂ ਵਿਚ ਹੀ ਦਿਨ ਵੇਲੇ ਆਕਸੀਜਨ ਪੈਦਾ ਹੁੰਦੀ ਹੈ।

## ਮੇਘ ਰਾਜ ਮਿੱਤਰ ਦੇ
## ਸੁੱਚੇ ਮੋਤੀ

✪ ਵਿਗਿਆਨ ਦੀ ਖ਼ੂਬੀ ਹੈ ਕਿ ਇਹ ਸਮੁੱਚੇ ਬ੍ਰਹਿਮੰਡ ਵਿੱਚ ਕਿਤੇ ਵੀ ਨਹੀਂ ਬਦਲਦੀ, ਪਰ ਧਰਮਾਂ ਦੇ ਵਿਸ਼ਵਾਸ ਅਤੇ ਅੰਧਵਿਸ਼ਵਾਸ ਤਾਂ ਧਰਤੀ ਦੇ ਚੱਪੇ-ਚੱਪੇ 'ਤੇ ਹੀ ਬਦਲ ਜਾਂਦੇ ਹਨ।

✪ ਧਰਮ ਸਦੀਆਂ ਤੋਂ ਵਿਗਿਆਨ ਦੀਆਂ ਜੜ੍ਹਾਂ 'ਚ ਦਾਤੀ ਫੇਰਦਾ ਰਿਹਾ ਹੈ, ਪਰ ਇਸ ਨੂੰ ਖੜ੍ਹੇ ਹੋਣ ਲਈ ਅੱਜ ਵੀ ਵਿਗਿਆਨ ਦੀ ਲੋੜ ਪੈਂਦੀ ਹੈ।

✪ ਰਿੱਧੀਆਂ-ਸਿੱਧੀਆਂ ਦੇ ਯੁੱਗ ਦੀ ਆਯੁਰਵੈਦ, ਬੀਤੀਆਂ ਸਦੀਆਂ ਵਿਚ ਕਿਤੇ ਵੀ ਇਕ ਵੱਡੀ ਬੀਮਾਰੀ ਲਈ 'ਰਾਮਬਾਣ' ਬਣਦੀ ਤਾਂ ਚੰਗਾ ਸੀ।

✪ ਮੌਕਾਪ੍ਰਸਤ ਸਿਆਸੀ ਆਗੂਆਂ ਨੂੰ ਰਾਜਨੀਤੀ ਗੰਧਲਾਉਣ ਲਈ ਅਤੇ ਧੰਦਾ ਕਰਨ ਲਈ ਧਰਮ ਦੀ ਲੋੜ ਸਦਾ ਸੀ, ਸਦਾ ਹੈ ਅਤੇ ਸਦਾ ਰਹੇਗੀ।

✪ ਅੱਜ ਦੇ ਵਿਗਿਆਨਕ ਯੁੱਗ ਵਿੱਚ ਸਰਕਾਰਾਂ ਤੋਂ ਰੁਜ਼ਗਾਰ ਦੀ ਬਜਾਏ ਜਾਤੀ ਆਧਾਰਤ ਰਿਜ਼ਰਵੇਸ਼ਨ ਦੀ ਮੰਗ ਕਰਨਾ ਵੋਟ-ਵਟੋਰੂ ਭਾਰਤੀ ਰਾਜਨੀਤੀ ਦੇ ਦੋਗਲੇਪਣ ਦਾ ਜਿਉਂਦਾ ਜਾਗਦਾ ਸਬੂਤ ਹੈ।

✪ ਤਰਕ ਦਾ ਸੂਰਜ ਚਾਨਣ ਵਿਖੇਰ ਰਿਹਾ ਹੈ,<br>
ਅੰਧਵਿਸ਼ਵਾਸੀ ਹਨੇਰੀਆਂ ਵਿਰਲਾਂ 'ਚੋਂ ਝਾਤੀ ਮਾਰ ਰਹੇ ਹਨ,<br>
ਸੱਤਾ ਦੇ ਥਾਪੜੇ ਅਧੀਨ<br>
ਫ਼ਿਰਕੂ ਦੈਂਤ ਆਦਮ ਬੋ ਆਦਮ ਬੋ ਕਰ ਰਿਹਾ ਹੈ।

✪ ਭਾਰਤ ਦੀਆਂ ਸੱਤ ਦਹਾਕਿਆਂ ਵਿਚ ਪ੍ਰਾਪਤੀਆਂ<br>
ਨੇਤਾਵਾਂ ਨੇ ਦੇਸ਼ ਨੂੰ ਲੁੱਟਣ ਦਾ,<br>
ਪੁਜਾਰੀਆਂ ਨੇ ਦੰਗੇ ਕਰਵਾਉਣ ਦਾ,<br>
ਅਦਾਲਤਾਂ ਨੇ ਇਨਸਾਫ਼ ਦੀ ਫੱਟੀ ਪੋਚਣ ਦਾ,<br>
ਡਾਕਟਰਾਂ ਨੇ ਸਿਹਤ ਨੂੰ ਵਿਗਾੜਨ ਦਾ,<br>
ਪੱਤਰਕਾਰਾਂ ਨੇ ਜਾਣਕਾਰੀ ਛੁਪਾਉਣ ਦਾ,<br>
ਕੰਮ ਹੀ ਕੀਤਾ ਹੈ ਤੇ ਕਰਨਾ ਸਿਖਾਇਆ ਹੈ।

✪ ਪ੍ਰਾਚੀਨ ਯੁਗ ਦੀਆਂ ਮਨੁੱਖੀ ਬਲੀਆਂ, ਮੱਧ ਯੁੱਗ ਦੀਆਂ ਜਾਨਵਰ ਬਲੀਆਂ ਅਤੇ ਅੱਜ ਦੇ ਯੁੱਗ ਦੇ ਪੂਜਾ-ਪਾਠ ਅਣਹੋਂਦ ਨੂੰ ਹੋਂਦ ਵਿਚ ਕਿਵੇਂ ਬਦਲ ਸਕਦੇ ਹਨ?

✪ ਧਰਮ ਆਪਣੀ ਅਪਾਹਜਤਾ 'ਤੇ ਪਰਦਾ ਪਾਉਣ ਲਈ, ਰਾਜਸੱਤਾ ਰਾਹੀਂ ਵਿਗਿਆਨ ਦਾ ਸਹਾਰਾ ਲੈਣ ਦਾ ਅਸਫ਼ਲ ਯਤਨ ਕਰ ਰਿਹਾ ਹੈ।

# ਘਟੀਆ ਕਿਸਮ ਦਾ ਧੋਖੇਬਾਜ਼ ਤੇ ਖਤਰਨਾਕ ਜੋਤਸ਼ੀ

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834




ਜੋਤਸ਼ੀਆਂ ਬਾਰੇ ਜੇ ਗੱਲ ਕੀਤੀ ਜਾਵੇ ਤਾਂ ਇਹ ਸਾਡੇ ਸਮਾਜ ਨੂੰ ਲੁੱਟਣ ਵਾਲੇ ਚੋਰਾਂ, ਡਾਕੂਆਂ, ਗੁੰਡਿਆਂ ਅਤੇ ਬਦਮਾਸ਼ਾਂ ਨਾਲੋਂ ਵੀ ਵੱਧ ਖਤਰਨਾਕ ਸਾਬਤ ਹੁੰਦੇ ਹਨ, ਪਰ ਫਿਰ ਵੀ ਵੋਟਾਂ ਦੇ ਲਾਲਚ ਕਾਰਨ ਕਾਨੂੰਨ ਦੇ ਰਖਵਾਲੇ ਸਰਕਾਰੀ ਲੀਡਰ, ਮੁੱਖ ਮੰਤਰੀ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਪੁਲਸ ਵਾਲੇ ਇਨ੍ਹਾਂ ਲੁਟੇਰਿਆਂ ਨੂੰ ਲੁੱਟਣ ਦੇ ਜੁਰਮ ਵਿੱਚ ਕਦੇ ਵੀ ਗ੍ਰਿਫ਼ਤਾਰ ਕਰਕੇ, ਸਜ਼ਾ ਨਹੀਂ ਦਿੰਦੇ। ਧੋਖੇਬਾਜ਼ ਤੇ ਲੁਟੇਰੇ ਬਾਬਿਆਂ, ਸਾਧੂਆਂ, ਸੰਤਾਂ ਆਦਿ ਦਾ ਹੀ ਵਿਗੜਿਆ ਹੋਇਆ ਦੂਜਾ ਖਤਰਨਾਕ ਰੂਪ ਹਨ, 'ਜੋਤਸ਼ੀ' ਜਿਵੇਂ ਬਾਬੇ, ਪੁਜਾਰੀ ਅਤੇ ਪਾਦਰੀ ਆਪਣੇ ਧੋਖੇ ਅਤੇ ਪਾਖੰਡ ਨਾਲ ਭੋਲ਼ੇ-ਭਾਲ਼ੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਦੇ ਮੱਕੜ ਜਾਲ ਵਿੱਚ ਫਸਾ ਕੇ ਉਨ੍ਹਾਂ ਦਾ ਖੂਨ ਚੂਸਦੇ ਹਨ ਅਤੇ ਲੱਕੜ ਨੂੰ ਲੱਗੀ ਹੋਈ ਘੁਣ ਵਾਂਗ ਅੰਦਰੋਂ-ਅੰਦਰ ਹੀ ਸਾਡੇ ਸਮਾਜ ਨੂੰ ਖੋਖਲਾ ਕਰਦੇ ਜਾ ਰਹੇ ਹਨ, ਬਿਲਕੁਲ ਉਸੇ ਤਰ੍ਹਾਂ ਹੀ 'ਜੋਤਸ਼ੀ' ਵੀ ਸਾਨੂੰ ਲੁੱਟ ਕੇ ਸਾਡੇ ਪੱਲੇ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਅਤੇ ਲਾਈਲੱਗਤਾ ਪਾਉਣ ਵਿੱਚ ਪਿੱਛੇ ਨਹੀਂ ਹਟਦੇ, ਜਿਸ ਕਾਰਨ ਹਿੰਸਕ ਘਟਨਾਵਾਂ, ਬਿਮਾਰੀਆਂ, ਦੁੱਖ-ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਸਾਡਾ ਪਿੱਛਾ ਨਹੀਂ ਛੱਡਦੀਆਂ ਅਤੇ ਇਹ ਜੋਤਸ਼ੀ, ਬਾਬੇ, ਸਾਧ-ਸੰਤ, ਪੁਜਾਰੀ ਅਤੇ ਪਾਦਰੀ ਆਦਿ ਸਾਨੂੰ ਸਾਰੀ ਉਮਰ ਲਈ ਆਪਣਾ 'ਮਾਨਸਿਕ ਅਤੇ ਸਰੀਰਕ ਗੁਲਾਮ' ਬਣਾ ਲੈਂਦੇ ਹਨ। ਇਹ ਹਰ ਰੋਜ਼ ਸਾਡੀ ਖੂਨ-ਪਸੀਨੇ ਤੇ ਸਖਤ ਮਿਹਨਤ ਦੀ ਕਮਾਈ ਹੋਈ ਧਨ ਦੌਲਤ ਹੜੱਪ ਕਰਦੇ ਜਾਂਦੇ ਹਨ। ਫਿਰ ਵੀ ਲੁੱਟੇ ਜਾ ਰਹੇ ਲੋਕ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸ ਕੇ ਇਨ੍ਹਾਂ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਅਤੇ ਪੁਜਾਰੀਆਂ ਨੂੰ ਕਦੇ ਗਲਤ ਨਹੀਂ ਕਹਿੰਦੇ।

'ਜੋਤਸ਼ੀ' ਏਨੇ ਕਮੀਨੇ ਤੇ ਧੋਖੇਬਾਜ਼ ਲੁਟੇਰੇ ਹੁੰਦੇ ਹਨ ਕਿ ਆਮ ਆਦਮੀ ਤਾਂ ਇਨ੍ਹਾਂ ਬਾਰੇ ਗਲਤ ਹੋਣ ਦਾ ਅੰਦਾਜ਼ਾ ਵੀ ਨਹੀਂ ਲਗਾ ਸਕਦਾ ਕਿ ਇਹ ਲੁਟੇਰੇ ਕਿਸ ਤਰ੍ਹਾਂ ਉਨ੍ਹਾਂ ਦੀ ਲੁੱਟ ਕਰਦੇ ਹਨ। ਭੋਲ਼ੇ-ਭਾਲ਼ੇ ਤੇ ਲਾਈਲੱਗ ਲੋਕ ਤਾਂ ਆਪਣੀ ਅਗਿਆਨਤਾ ਅਤੇ ਮੂਰਖਤਾ ਕਾਰਨ ਇਨ੍ਹਾਂ ਜੋਤਸ਼ੀਆਂ ਨੂੰ ਆਪਣੇ ਦੁੱਖਾਂ-ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਦਾ ਹੱਲ ਕਰਨ ਵਾਲੇ ਕਲਪਨਿਕ (ਮਨਘੜਤ) ਅਖੌਤੀ ਰੱਬ ਦਾ ਹੀ ਦੂਜਾ ਰੂਪ ਸਮਝਦੇ ਹਨ। ਉੱਘੇ ਮਨੋਵਿਗਿਆਨੀ ਅਤੇ ਤਰਕਸ਼ੀਲ ਡਾ. ਅਬਰਾਹਮ ਟੀ. ਕਵੂਰ ਅਨੁਸਾਰ, ਭਾਵੇਂ 'ਜੋਤਿਸ਼' ਆਦਮੀ ਦੀ ਕਿਸਮਤ ਜਾਂ ਉਸਦੇ ਸੁਨਹਿਰੀ ਭਵਿੱਖ ਬਾਰੇ ਕੋਈ ਸੱਚੀ ਭਵਿੱਖ ਬਾਣੀ ਨਹੀਂ ਕਰਦਾ ਅਤੇ ਭਾਵੇਂ ਇਸ ਦੇ ਵਿਗਿਆਨ ਹੋਣ ਦੇ ਸਾਰੇ ਦਾਅਵੇ ਝੂਠੇ ਤੇ ਖਤਰਨਾਕ ਸਾਬਤ ਕਰਦੇ ਹਨ, ਫਿਰ ਵੀ ਜਿੰਨਾ ਚਿਰ ਦੁਨੀਆਂ ਵਿੱਚ ਲਾਈਲੱਗਤਾ ਤੇ ਅਗਿਆਨਤਾ ਕਾਰਨ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸੇ ਹੋਏ ਲੋਕ ਇਨ੍ਹਾਂ ਨਾਲ ਹਨ, ਜੋਤਸ਼ ਦਾ 'ਧੰਦਾ' ਚਲਦਾ ਹੀ ਰਹੇਗਾ। ਸਮੁੱਚੇ ਜੋਤਸ਼ੀ, ਬਾਬੇ, ਸਾਧ, ਸੰਤ, ਪੁਜਾਰੀ ਅਤੇ ਪਾਦਰੀ ਆਦਿ ਆਪਣੇ ਸ਼ਰਧਾਲੂਆਂ ਨੂੰ ਲੁੱਟਣ ਲਈ ਬੀਤੇ ਸਮੇਂ ਲਈ ਖਿਮਾ, ਵਰਤਮਾਨ ਲਈ ਪ੍ਰਸ਼ੰਸਾ ਅਤੇ ਭਵਿੱਖ ਲਈ ਉਮੀਦਾਂ ਬਖਸ਼ਦੇ ਹਨ ਤਾਂ ਜੋ ਆਪਣੀ ਲੁੱਟ ਨੂੰ ਜਾਰੀ ਰੱਖਿਆ ਜਾਵੇ। ਮੈਂ ਇੱਕ ਤਰਕਸ਼ੀਲ ਤੇ ਵਿਗਿਆਨਕ ਸੋਚ ਹੋਣ ਕਾਰਨ ਇਨ੍ਹਾਂ ਸਾਰਿਆਂ, ਬਾਬਿਆਂ, ਸਾਧੂਆਂ, ਸੰਤਾਂ, ਪੁਜਾਰੀਆਂ ਅਤੇ ਪਾਦਰੀਆਂ ਦੀਆਂ ਲੁੱਟਣ ਵਾਲੀਆਂ ਚਾਲਾਂ ਅਤੇ ਕਾਲੀਆਂ ਕਰਤੂਤਾਂ ਦੇ ਪਰਦੇ ਫਾਸ਼ ਕਰਨ ਵਿੱਚ ਵਿਸ਼ਵਾਸ ਰੱਖਦਾ ਹਾਂ ਤਾਂ ਜੋ ਗਰੀਬ ਲਾਈਲੱਗ ਅਤੇ ਭੋਲੇ-ਭਾਲੇ ਲੋਕ ਇਨ੍ਹਾਂ ਦੇ ਮੱਕੜ ਜ਼ਾਲ ਵਿੱਚ ਨਾ ਫਸਣ ਅਤੇ ਉਹ ਆਪਣੀਆਂ ਦੁੱਖਾਂ-ਤਕਲੀਫਾਂ ਅਤੇ ਪ੍ਰੇਸ਼ਾਨੀਆਂ ਦਾ ਹੱਲ ਵਿਗਿਆਨਕ ਤੇ ਤਰਕਸ਼ੀਲ ਤਰੀਕੇ ਨਾਲ ਲੱਭ ਸਕਣ। ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਤਰਕਸ਼ੀਲ ਤੇ ਵਿਗਿਆਨਕ ਨਜ਼ਰੀਏ ਨਾਲ ਹੀ ਇਹ ਭੋਲ਼ੇ-ਭਾਲ਼ੇ ਵਹਿਮੀ ਤੇ ਅੰਧ-ਵਿਸ਼ਵਾਸੀ ਲੋਕ ਇਨ੍ਹਾਂ ਧੋਖੇਬਾਜ਼-ਪਖੰਡੀਆਂ ਦੇ ਲੁੱਟ-ਖਸੁੱਟ ਵਾਲੇ ਮੱਕੜ ਜਾਲ ਵਿੱਚੋਂ ਆਜ਼ਾਦ ਹੋ ਸਕਦੇ ਹਨ। ਫਿਰ ਉਹ ਆਪਣੀ ਜ਼ਿੰਦਗੀ ਦੁੱਖਾਂ-ਤਕਲੀਫਾਂ ਅਤੇ ਪ੍ਰੇਸ਼ਾਨੀਆਂ ਤੋਂ ਮੁਕਤ ਹੋ ਕੇ ਵਧੀਆ ਤਰੀਕੇ ਨਾਲ ਖੁਸ਼ ਰਹਿ ਕੇ ਗੁਜ਼ਾਰ ਸਕਦੇ ਹਨ। ਇਨ੍ਹਾਂ ਪਖੰਡੀਆਂ ਦੇ ਲੜ ਲਗ ਕੇ ਕਈ ਆਪਣੀ ਜ਼ਿੰਦਗੀ ਹੀ ਨਰਕ ਬਣਾ ਲੈਂਦੇ ਹਨ। ਮੈਂ ਇੱਕ ਅਜਿਹੇ ਜੋਤਸ਼ੀ ਨੂੰ ਜਾਣਦਾ ਹਾਂ, ਜੋ ਆਪਣੇ ਹੀ ਰਿਸ਼ਤੇਦਾਰਾਂ ਨੂੰ ਲੁੱਟ ਰਿਹਾ ਹੈ ਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾਉਣ ਤੋਂ ਬਾਅਦ ਵੀ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇਕ ਮਹਾਨ ਪੁਰਸ਼ ਬਣਿਆ ਹੋਇਆ ਹੈ। ਆਓ, ਉਸ ਜੋਤਸ਼ੀ ਬਾਰੇ ਮੇਰੇ ਆਪਣੇ ਆਪ ਨਾਲ ਵਾਪਰੇ ਸਵੈ-ਤਜਰਬੇ ਤੋਂ ਬਾਅਦ ਵਿਚਾਰ ਕਰੀਏ ਕਿ ਇਹ 'ਜੋਤਸ਼ੀ' ਕਿੰਨੇ ਘਟੀਆ ਕਿਸਮ ਦੇ ਕਮੀਨੇ, ਧੋਖੇਬਾਜ਼, ਪਾਖੰਡੀ ਅਤੇ ਲੁਟੇਰੇ ਹੁੰਦੇ ਹਨ। ਇਸ ਤਜਰਬੇ ਤੋਂ ਬਾਅਦ ਮੈਂ ਇਹ ਜਾਨਣ ਵਿੱਚ ਕਾਮਯਾਬ ਹੋਇਆ ਹਾਂ ਕਿ ਇਨ੍ਹਾਂ ਪਾਖੰਡੀ-ਲੁਟੇਰਿਆਂ ਦੇ ਮਗਰ ਲੱਗਣ ਵਾਲੇ ਲੋਕਾਂ ਦਾ ਇੱਕੋ-ਇਕ ਕਾਰਨ ਹੈ 'ਅਗਿਆਨਤਾ' (ਗਿਆਨ ਦੀ ਘਾਟ)

ਮੈਂ ਪੇਂਟਿੰਗ ਦਾ ਕੰਮ ਕਰਦਾ ਹੋਣ ਕਾਰਨ, ਮੇਰੇ ਜ਼ਿਆਦਾਤਰ ਕੰਮ ਮੋਬਾਇਲ ਫੋਨ ਉੱਪਰ ਹੀ ਬੁੱਕ ਹੁੰਦੇ ਹਨ। ਜਿਸ ਕੰਮ ਵਿੱਚ ਮੈਂ ਫੋਟੋਆਂ ਬਣਾਉਂਦਾ ਹਾਂ ਅਤੇ ਬੋਰਡ ਵੀ ਲਿਖਦਾ ਹਾਂ, ਜਿਸ ਕਰਕੇ ਮੇਰਾ ਰੋਜ਼ਗਾਰ ਚਲਦਾ ਰਹਿੰਦਾ ਹੈ। ਇਕ ਦਿਨ ਤਿੰਨ ਜੁਲਾਈ 2008 ਨੂੰ ਮੇਰੇ ਮੋਬਾਇਲ ਫੋਨ ਦੀ ਰਿੰਗ ਵੱਜੀ। ਜਦੋਂ ਮੈਂ ਫੋਨ ਚੁੱਕਿਆ ਤਾਂ ਇੱਕ ਭਾਰੀ ਜਿਹੀ ਆਵਾਜ਼ ਮੇਰਾ ਨਾਮ ਜਾਨਣ ਲਈ ਉਤਸੁਕ ਸੀ। ਇਹ ਆਵਾਜ਼ ਕਿਸੇ ਆਦਮੀ ਦੀ ਸੀ। ਆਵਾਜ਼ ਇਸ ਤਰ੍ਹਾਂ ਸੀ, "ਕੌਣ ਜਿੰਦੀ ਪੇਂਟਰ?" ਮੈਂ ਅੱਗੋਂ ਜਵਾਬ ਵਿੱਚ ਕਿਹਾ, "ਜੀ ਹਾਂ, ਮੈਂ ਜਿੰਦੀ ਪੇਂਟਰ ਬੋਲਦਾ ਹਾਂ।" ਫਿਰ ਉਸਨੇ ਆਖਿਆ, "ਮੈਂ ਪਿੰਡ ਮੌਲ਼ੀ ਤੋਂ, ਜੋ ਤੁਹਾਡੇ ਪਿੰਡ ਬਿਰਕਾਂ ਦੇ ਨੇੜੇ ਹੀ ਹੈ,

ਉਥੋਂ ਜੋਤਸ਼ੀ ਬੋਲਦਾ ਹਾਂ।" ਮੈਂ ਫਿਰ ਆਖਿਆ, "ਹੁਕਮ ਕਰੋ! ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ?" ਜੋਤਸ਼ੀ ਨੇ ਆਖਿਆ, "ਮੈਂ ਦੋ ਦਿਨ ਪਹਿਲਾਂ ਹੀ ਆਪਣੇ ਰਿਸ਼ਤੇਦਾਰਾਂ ਦੇ ਸਹਿਯੋਗ ਨਾਲ ਇੱਕ ਮਕਾਨ ਕਿਰਾਏ 'ਤੇ ਲੈ ਲਿਆ ਹੈ ਅਤੇ ਜੋਤਸ਼ ਦਾ ਕੰਮ ਚਾਲੂ ਕਰ ਰੱਖਿਆ ਹੈ। ਮੈਂ ਹੁਣ ਤੁਹਾਡੇ ਕੋਲੋਂ ਜਾਣ-ਪਹਿਚਾਣ ਲਈ ਜੋਤਸ਼ ਬਾਰੇ ਮਕਾਨ ਉੱਪਰ ਪੇਂਟਿੰਗ ਬੋਰਡ ਲਿਖਵਾਉਣਾ ਚਾਹੁੰਦਾ ਹਾਂ। ਕੰਧ ਉੱਪਰ ਵਡੇ-ਵੱਡੇ ਅੱਖਰਾਂ ਵਿੱਚ '.... ਜੋਤਸ਼ ਕੇਂਦਰ' ਲਿਖਣਾ ਹੈ। ਜੇਕਰ ਤੁਹਾਡੇ ਕੋਲ਼ ਟਾਈਮ ਹੈ ਤਾਂ ਇੱਥੇ ਆ ਜਾਓ।" ਜੋਤਸ਼ੀ ਨੇ ਆਪਣਾ ਪੂਰਾ ਪਤਾ ਮੈਨੂੰ ਦੱਸ ਦਿੱਤਾ।

ਭਾਵੇਂ ਮੈਂ ਇੱਕ ਤਰਕਸ਼ੀਲ ਤੇ ਵਿਗਿਆਨਕ ਸੋਚ ਕਾਰਨ ਅਜਿਹੇ ਜੋਤਸ਼ੀਆਂ ਦੀ ਮਸਹੂਰੀ ਕਰਨ ਵਿੱਚ ਵਿਸ਼ਵਾਸ ਨਹੀਂ ਕਰਦਾ, ਮੈਂ ਤਾਂ ਇਨ੍ਹਾਂ ਦੇ ਬੋਰਡ ਮਿਟਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਰਹਿੰਦਾ ਹਾਂ ਤਾਂ ਜੋ ਭੋਲ਼ੇ-ਭਾਲ਼ੇ ਤੇ ਗਰੀਬ ਲੋਕ ਇਨ੍ਹਾਂ ਦੇ ਚੁੰਗਲ ਵਿੱਚ ਫਸਣ ਤੋਂ ਬਚੇ ਰਹਿਣ, ਪਰ ਫਿਰ ਵੀ ਰੁਜ਼ਗਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਨੂੰ ਇਨ੍ਹਾਂ ਲਈ ਮਜ਼ਬੂਰਨ ਕੰਮ ਕਰਨਾ ਪੈਂਦਾ ਹੈ। ਪਰ ਫਿਰ ਵੀ ਮੈਂ ਜਦੋਂ ਜੋਤਸ਼ੀਆਂ, ਬਾਬਿਆਂ, ਪੁਜਾਰੀਆਂ ਅਤੇ ਪਾਦਰੀਆਂ ਆਦਿ ਦੀ ਮਸ਼ਹੂਰੀ ਲਈ ਬੋਰਡ ਜਾਂ ਪੇਂਟਿੰਗ ਬਣਾ ਕਿ ਭੋਲ਼ੇ-ਭਾਲ਼ੇ ਤੇ ਗਰੀਬ ਅੰਧ-ਵਿਸ਼ਵਾਸੀ ਲੋਕਾਂ ਨੂੰ ਜਾਣੂ ਕਰਵਾਉਂਦਾ ਹਾਂ ਤਾਂ ਮੈਂ ਆਪਣੇ-ਆਪ ਨੂੰ ਤਰਕਸ਼ੀਲਾਂ ਤੇ ਵਿਗਿਆਨਕਾਂ ਦਾ ਸਭ ਤੋਂ ਵੱਡਾ ਦੁਸ਼ਮਣ ਮਹਿਸੂਸ ਕਰ ਰਿਹਾ ਹੁੰਦਾ ਹਾਂ, ਜੋ ਵਹਿਮੀ ਤੇ ਅੰਧਵਿਸ਼ਵਾਸੀ ਲੋਕਾਂ ਨੂੰ ਇਨ੍ਹਾਂ ਪਾਖੰਡੀਆਂ ਦੇ ਚੁੰਗਲ ਵਿੱਚ ਫਸਾਉਣ ਲਈ ਉਨਾਂ ਹੀ ਗੁਨ੍ਹਾਹਗਾਰ ਸਾਬਤ ਹੁੰਦਾ ਹੈ, ਜਿੰਨਾ ਇਹ ਧੋਖੇਬਾਜ਼ ਜੋਤਸ਼ੀ, ਬਾਬੇ, ਪੁਜਾਰੀ ਅਤੇ ਪਾਦਰੀ ਆਦਿ। ਦੂਜੇ ਹੀ ਦਿਨ ਮੈਂ ਜੋਤਸ਼ੀ ਕੋਲ ਉਸਦੇ ਪਿੰਡ ਜੋ ਫਗਵਾੜੇ ਦੇ ਨਜਦੀਕ ਹੈ ਜਾ ਪਹੁੰਚਿਆ।

ਜੋਤਸ਼ੀ ਦੇ ਕਮਰੇ ਦੇ ਬਾਹਰ ਬਹੁਤ ਸਾਰੀਆਂ ਔਰਤਾਂ ਦੀਆਂ ਜੁੱਤੀਆਂ ਅਤੇ ਸੈਂਡਲ ਪਏ ਸਨ। ਮੈਂ ਸਮਝ ਗਿਆ ਕਿ ਅੱਜ ਜੋਤਸ਼ੀ ਕੋਲ ਬਹੁਤ ਸਾਰੀਆਂ ਵਹਿਮੀ ਤੇ ਅੰਧਵਿਸ਼ਵਾਸੀ ਔਰਤਾਂ ਦਾ ਇਕੱਠ ਜਮ੍ਹਾਂ ਹੋਇਆ ਹੈ, ਜੋ ਇਸ ਲੁਟੇਰੇ ਜੋਤਸ਼ੀ ਕੋਲੋ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਲਈ ਆਈਆਂ ਹੋਈਆਂ ਹਨ। ਜੋਤਸ਼ੀ ਨੇ ਆਪਣੇ ਕਮਰੇ ਦੇ ਬਾਹਰ ਦਰਵਾਜ਼ੇ ਅੱਗੇ ਲਾਲ ਰੰਗ ਦੇ ਕੱਪੜੇ ਨਾਲ ਪਰਦਾ ਕਰ ਰੱਖਿਆ ਸੀ। ਜਦੋਂ ਮੈਂ ਪਰਦਾ ਚੁੱਕ ਕੇ ਅੰਦਰ ਗਿਆ ਤਾਂ ਜੋਤਸ਼ੀ ਜ਼ਮੀਨ ਉੱਪਰ ਵਿਛਾਈ ਹੋਈ ਦਰੀ ਉੱਪਰ ਬੈਠਾ ਔਰਤਾਂ ਦੇ ਹੱਥਾਂ ਦੀਆਂ ਲਕੀਰਾਂ ਦੇਖ ਰਿਹਾ ਸੀ। ਉਸਦੇ ਕੋਲ ਇੱਕ ਲੱਕੜੀ ਦਾ ਛੋਟਾ ਜਿਹਾ ਮੰਦਰ ਬਣਾਇਆ ਪਿਆ ਸੀ। ਜਿਸ ਵਿੱਚ ਧੂਫ ਅਤੇ ਦੀਵੇ (ਚਿਰਾਗ) ਦੀ ਜੋਤ ਜਗ ਰਹੀ ਸੀ। ਅੰਦਰ ਧੂਫ ਤੇ ਜੋਤ ਦੇ ਧੂਏਂ ਨਾਲ ਭਰਿਆ ਹੋਇਆ ਸੀ ਅਤੇ ਕਮਰੇ ਵਿੱਚ ਬਹੁਤ ਸਾਰੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਲਗਾ ਰੱਖੀਆਂ ਸਨ। ਜੋਤਸ਼ੀ ਨੇ ਆਪਣੇ ਮੱਥੇ ਉੱਪਰ ਬਹੁਤ ਵੱਡਾ ਚਿੱਟੇ ਤੇ ਲਾਲ ਰੰਗ ਦਾ ਤਿਲਕ ਲਗਾ ਰੱਖਿਆ ਸੀ। ਜੋਤਸ਼ੀ ਸਰੀਰਕ ਪੱਖੋਂ ਬਹੁਤ ਹੱਟਾ, ਕੱਟਾ ਤੇ ਤੰਦਰੁਸਤ ਨਜ਼ਰ ਆ ਰਿਹਾ ਸੀ। ਉਸ ਕੋਲ ਬਹੁਤ ਸਾਰੀਆਂ ਔਰਤਾਂ ਹੱਥ ਜੋੜ ਕੇ ਸਿਰ ਉੱਪਰ ਕੱਪੜਾ ਰੱਖਕੇ ਬੈਠੀਆਂ ਨਜ਼ਰ ਆ ਰਹੀਆਂ ਸਨ। ਜਦੋਂ ਮੈਂ ਕਮਰੇ ਦੇ ਅੰਦਰ ਦਾਖਲ ਹੋਇਆ ਤਾਂ ਜੋਤਸ਼ੀ ਨੂੰ ਮੈਂ ਦੱਸਿਆ "ਮੈ ਪੇਂਟਰ ਹਾਂ, ਜਿਸਨੂੰ ਤੁਸੀਂ ਕੱਲ੍ਹ ਫੋਨ 'ਤੇ ਸੱਦਿਆ ਸੀ" ਤਾਂ ਜੋਤਸ਼ੀ ਨੇ ਮੈਨੂੰ ਕਮਰੇ ਦੇ ਬਾਹਰ ਇੰਤਜ਼ਾਰ ਕਰਨ ਲਈ ਕਿਹਾ। ਮੈਂ ਝੱਟ ਹੀ ਸਮਝ ਗਿਆ ਕਿ ਜੋਤਸ਼ੀ ਨੇ ਮੈਨੂੰ ਕਮਰੇ ਦੇ ਬਾਹਰ ਬੈਠਣ ਲਈ ਕਿਉਂ ਕਿਹਾ, ਕਿਉਂਕਿ ਉਹ ਭੋਲ਼ੀਆਂ-ਭਾਲ਼ੀਆਂ ਔਰਤਾਂ ਨੂੰ ਵਹਿਮਾਂ ਤੇ ਅੰਧ ਵਿਸ਼ਵਾਸਾਂ ਵਿੱਚ ਫਸਾ ਕੇ ਧੋਖੇ ਨਾਲ 'ਠੱਗ' ਰਿਹਾ ਸੀ। ਉਸਨੇ ਸਮਝਿਆ ਕਿ ਇਹ ਪੇਂਟਰ ਕਿਤੇ ਉਸਦੀ ਠੱਗੀ ਵਿੱਚ ਰੁਕਾਵਟ ਹੀ ਪੈਦਾ ਨਾ ਕਰ ਦੇਵੇ। ਕਾਫ਼ੀ ਇੰਤਜ਼ਾਰ ਤੋਂ ਬਾਅਦ ਵਾਰੀ-ਵਾਰੀ ਔਰਤਾਂ ਆਪੋ ਆਪਣੇ ਘਰਾਂ ਨੂੰ ਜਾਣ ਲੱਗੀਆਂ। ਔਰਤਾਂ ਬਹੁਤ ਖੁਸ਼ ਨਜ਼ਰ ਆ ਰਹੀਆਂ ਸਨ।

ਉਹਨਾਂ ਦੇ ਖਿੜ ਖਿੜਾਉਂਦੇ ਚਿਹਰੇ ਦੇਖ ਕੇ ਮੈਨੂੰ ਉਨ੍ਹਾਂ ਦੀ ਮੂਰਖਤਾ 'ਤੇ ਤਰਸ ਆ ਰਿਹਾ ਸੀ ਕਿ ਜਿਸ ਜੋਤਸ਼ੀ ਨੂੰ ਉਹ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲਾ ਸੱਚਾ ਹਮਦਰਦ ਸਮਝਦੀਆਂ ਹਨ, ਉਹ ਉਨ੍ਹਾਂ ਦੀ ਜ਼ਿੰਦਗੀ ਲਈ ਸਭ ਤੋਂ ਵੱਧ ਖਤਰਨਾਕ ਆਦਮੀ ਹੈ। ਉਨ੍ਹਾਂ ਔਰਤਾਂ ਵਿੱਚ ਉਹ ਔਰਤਾਂ ਵੀ ਸ਼ਾਮਲ ਸਨ, ਜੋ ਬਹੁਤ ਹੀ ਪੜ੍ਹੀਆਂ-ਲਿਖੀਆਂ ਅਤੇ ਸਮਝਦਾਰ ਨਜ਼ਰ ਆ ਰਹੀਆਂ ਸਨ, ਮੈਨੂੰ ਉਹ ਔਰਤਾਂ ਸਭ ਤੋਂ ਵੱਧ ਮੂਰਖ ਲੱਗੀਆਂ।

ਜਦੋਂ ਸਾਰੀਆਂ ਔਰਤਾਂ ਜੋਤਸ਼ੀ ਦੇ ਕਮਰੇ ਵਿੱਚੋਂ ਜਾ ਚੁੱਕੀਆਂ ਸਨ ਤਾਂ ਜੋਤਸ਼ੀ ਨੇ ਮੈਨੂੰ ਅੰਦਰ ਆਉਣ ਦੀ ਇਜ਼ਾਜਤ ਦੇ ਦਿੱਤੀ। ਜੋਤਸ਼ੀ ਬਹੁਤ ਹੀ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸਨੇ ਭੋਲ਼ੀਆਂ ਔਰਤਾਂ ਨੂੰ ਲਾਈਲੱਗ ਤੇ ਮੂਰਖ ਬਣਾ ਕੇ ਉਨ੍ਹਾਂ ਦੀ ਬਹੁਤ ਸਾਰੀ ਧਨ-ਦੌਲਤ ਹੜੱਪ ਕਰ ਲਈ ਸੀ। ਜੋਤਸ਼ੀ ਨੇ ਮੈਨੂੰ ਬੈਠਣ ਲਈ ਕਿਹਾ, ਮੈਂ ਜ਼ਮੀਨ ਉੱਪਰ ਵਿਛਾਈ ਹੋਈ ਦਰੀ ਉੱਪਰ ਵਹਿਮੀ ਤੇ ਅੰਧ ਵਿਸ਼ਵਾਸੀ ਔਰਤਾਂ ਦੀ ਤਰ੍ਹਾਂ ਬੈਠ ਗਿਆ। ਤਰਕਸ਼ੀਲ ਤੇ ਵਿਗਿਆਨਕ ਸੋਚ ਕਾਰਨ ਮੈਂ ਇੱਕ ਲੁਟੇਰੇ ਤੇ ਪਾਖੰਡੀ ਜੋਤਸ਼ੀ ਅੱਗੇ ਬੈਠਾ ਆਪਣੇ-ਆਪ ਨੂੰ ਮੂਰਖ ਮਹਿਸੂਸ ਕਰਕੇ ਅੰਦਰੋਂ-ਅੰਦਰ ਹੀ ਕੋਸ ਰਿਹਾ ਸੀ। ਉਦੋਂ ਹੀ ਜੋਤਸ਼ੀ ਦੇ ਕਮਰੇ ਅੰਦਰ ਇੱਕ ਹੋਰ ਔਰਤ ਆਪਣੇ ਦੁੱਖਾਂ-ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਦਾ ਹੱਲ ਕਰਾਉਣ ਲਈ ਆ ਬੈਠੀ।

ਜੋਤਸ਼ੀ ਨੇ ਬੜੀ ਖੁਸ਼ੀ ਨਾਲ ਮੈਨੂੰ ਅਤੇ ਉਸ ਔਰਤ ਨੂੰ ਚਾਹ ਪਿਲਾਈ। ਜੋਤਸ਼ੀ ਨੇ ਮੈਨੂੰ ਉਸ ਔਰਤ ਬਾਰੇ ਦੱਸਿਆ, "ਇਹ ਉਹੀ ਔਰਤ ਹੈ, ਜੋ ਸਾਡੀ ਕਰੀਬੀ ਰਿਸ਼ਤੇਦਾਰ ਹੈ ਅਤੇ ਇਹਨਾਂ ਦੇ ਸਹਿਯੋਗ ਨਾਲ ਹੀ ਇਹ ਮਕਾਨ ਮੈਂ ਜੋਤਸ਼ ਦੇ ਕੰਮ ਲਈ ਕਿਰਾਏ 'ਤੇ ਲਿਆ ਹੈ ਅਤੇ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ।" ਚਾਹ ਪੀਣ ਤੋਂ ਬਾਅਦ ਉਸ ਔਰਤ ਨੇ ਜੋਤਸ਼ੀ ਨੂੰ ਆਪਣੇ ਦੁੱਖਾਂ-ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਦਾ ਹੱਲ ਕਰਨ ਲਈ ਬੇਨਤੀ ਕੀਤੀ। ਉਹ ਇਸ ਰਿਸ਼ਤੇਦਾਰ ਜੋਤਸ਼ੀ ਦੇ ਲੜ ਤਿੰਨ-ਚਾਰ ਸਾਲਾਂ ਤੋਂ ਲੱਗੀ ਹੋਈ ਸੀ, ਪਰ ਹੱਲ ਨਹੀਂ ਸੀ ਹੋ ਰਿਹਾ। ਜੋਤਸ਼ੀ ਨੇ ਉਸਨੂੰ ਦੱਸਿਆ, "ਤੁਹਾਡੇ ਘਰ ਦੀ ਸਮੱਸਿਆ ਦਾ ਹੱਲ ਬਹੁਤ ਹੀ ਕਠਿਨ ਹੈ, ਕਿਉਂਕਿ ਗ੍ਰਹਿ ਦਿਸ਼ਾ ਬਿਗੜ ਚੁੱਕੀ ਹੈ। ਸ਼ਨੀ ਗ੍ਰਹਿ ਨਾਰਾਜ ਹੋਇਆ ਬੈਠਾ ਹੈ। ਜੇਕਰ ਤੁਸੀਂ ਇਸ ਸਮੱਸਿਆ ਦਾ ਹੱਲ ਫਗਵਾੜੇ ਵਾਲੇ ਪਹੁੰਚੇ ਹੋਏ ਜੋਤਸ਼ੀ ਕੋਲੋਂ ਕਰਵਾ ਲਵੋ ਤਾਂ ਸਮੱਸਿਆ ਜ਼ਰੂਰ ਹੀ ਹੱਲ ਹੋ ਸਕਦੀ ਹੈ।" ਜਦੋਂ ਜੋਤਸ਼ੀ ਕੋਲੋਂ ਉਸ ਔਰਤ ਨੇ ਫਗਵਾੜੇ ਵਾਲੇ ਜੋਤਸ਼ੀ ਦਾ ਪੂਰਾ ਪਤਾ ਪੁੱਛਿਆ ਤਾਂ ਉਸਨੇ ਝੱਟ ਹੀ ਉਸਦਾ ਪਤਾ ਦੇ ਦਿੱਤਾ। ਉਸੇ ਸਮੇਂ ਉਹ ਔਰਤ ਫਗਵਾੜੇ ਵਾਲੇ ਜੋਤਸ਼ੀ ਕੋਲ ਚਲੀ ਗਈ।

ਹੁਣ ਜੋਤਸ਼ੀ ਨੇ ਮੈਨੂੰ ਬਾਹਰ ਲਿਖਣ ਲਈ ਦੱਸ ਦਿੱਤਾ ਕਿ ਕੀ ਲਿਖਣਾ ਹੈ, ਮੈਂ ਬਾਹਰ ਲਿਖਣ ਲੱਗ ਗਿਆ। ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਉਹ ਜੋਤਸ਼ੀ ਫਗਵਾੜੇ ਵਾਲ਼ੇ ਜੋਤਸ਼ੀ ਨਾਲ਼ ਮੋਬਾਇਲ ਉੱਤੇ ਗੱਲਬਾਤ ਕਰ ਰਿਹਾ ਸੀ। ਮੈਨੂੰ ਤਾਕੀ ਰਾਹੀਂ ਜੋਤਸ਼ੀ ਸਾਫ਼-ਸਾਫ਼ ਦਿਖਾਈ ਦੇ ਰਿਹਾ ਸੀ ਅਤੇ ਉਸਦੀ ਆਵਾਜ਼ ਵੀ ਪੂਰੀ ਤਰ੍ਹਾਂ ਸੁਣਾਈ ਦੇ ਰਹੀ ਸੀ। ਉਹ ਜੋਤਸ਼ੀ ਫਗਵਾੜੇ ਵਾਲੇ ਜੋਤਸ਼ੀ ਨੂੰ ਮੋਬਾਇਲ ਉੱਤੇ ਉਸ ਭੇਜੀ ਗਈ ਆਪਣੀ ਰਿਸ਼ਤੇਦਾਰ ਔਰਤ ਬਾਰੇ ਦੱਸ ਰਿਹਾ ਸੀ, "ਮੈਂ ਤੁਹਾਡੇ ਕੋਲ ਪਿੰਡ ਮੌਲ਼ੀ ਤੋਂ ਇੱਕ ਔਰਤ ਨੂੰ ਸਮੱਸਿਆ ਦੇ ਹੱਲ ਲਈ ਭੇਜ ਦਿੱਤਾ ਹੈ। ਉਸ ਔਰਤ ਨੇ ਲਾਲ ਰੰਗ ਦਾ ਸੂਟ ਪਹਿਨਿਆ ਹੋਇਆ ਹੈ ਅਤੇ ਉਸਦਾ ਨਾਮ ਬਿਮਲਾ ਦੇਵੀ ਹੈ। ਉਸਦੀ ਸਮੱਸਿਆ ਇਹ ਹੈ ਕਿ ਉਸਦੇ ਘਰ ਵਿੱਚ ਸਦਾ ਹੀ ਕਲ਼ਾ-ਕਲੇਸ਼ ਬਣਿਆ ਰਹਿੰਦਾ ਹੈ, ਘਰ ਦੇ ਬਜ਼ੁਰਗ ਮੈਂਬਰ ਬਿਮਾਰ ਰਹਿੰਦੇ ਹਨ। ਉਸਦੇ ਤਿੰਨ ਬੱਚੇ ਹਨ, ਦੋ ਲੜਕੇ ਅਤੇ ਇੱਕ

ਲੜਕੀ, ਉਸਦਾ ਪਤੀ ਬਾਹਰ (ਵਿਦੇਸ਼) ਗਿਆ ਹੋਇਆ ਹੈ ਅਤੇ ਹੁਣ ਉਹ ਘਰ ਵਿੱਚ ਕੋਈ ਪੈਸਾ ਵੀ ਨਹੀਂ ਭੇਜ ਰਿਹਾ, ਇਸ ਲਈ ਉਨ੍ਹਾਂ ਦੇ ਘਰ ਗਰੀਬੀ ਵਧ ਰਹੀ ਹੈ। ਪਰ ਅਜੇ ਵੀ ਤੂੰ ਉਸ ਔਰਤ ਕੋਲੋਂ ਵੱਧ ਫੀਸ ਪ੍ਰਾਪਤ ਕਰ ਸਕਦਾ ਏਂ, 14-15 ਹਜ਼ਾਰ ਤਾਂ ਹੱਸਕੇ ਹੀ ਉਹ ਔਰਤ ਤੈਨੂੰ ਦੇ ਦੇਵੇਗੀ। ਉਸ ਵਿੱਚੋਂ ਜੋ ਮੇਰਾ ਹਿੱਸਾ ਬਣਦਾ ਹੈ, ਉਹ ਤੂੰ ਮੈਨੂੰ ਦੇ ਦੇਈਂ ਅਤੇ ਜਦੋਂ ਮੈਂ ਫਗਵਾੜੇ ਆਵਾਂਗਾ, ਉਹ ਮੈਂ ਤੇਰੇ ਕੋਲੋਂ ਲੈ ਲਵਾਂਗਾ। ਮੈਂ ਉਸ ਔਰਤ ਦਾ ਹੱਲ ਇਸ ਲਈ ਨਹੀਂ ਕਰ ਸਕਦਾ ਕਿਉਂਕਿ ਉਹ ਔਰਤ ਮੇਰੀ ਕਰੀਬੀ ਰਿਸ਼ਤੇਦਾਰ ਹੈ, ਜਿਸ ਕਰਕੇ ਮੈਂ ਉਸ ਕੋਲੋਂ ਜ਼ਿਆਦਾ ਫੀਸ ਦੇ ਨਹੀਂ ਕਰ ਸਕਦਾ। ਤੂੰ ਉਸ ਕੋਲੋਂ ਵੱਧ ਫੀਸ (ਰੁਪਏ) ਪ੍ਰਾਪਤ ਕਰ ਸਕਦਾ ਏਂ, ਪਰ ਯਾਦ ਰੱਖਣਾ ਕਿ ਇਹ ਸਭ ਉਸ ਔਰਤ ਨੂੰ ਪਤਾ ਨਾ ਲੱਗੇ।"

ਜਦੋਂ ਮੈਂ ਤਾਕੀ ਰਾਹੀਂ ਜੋਤਸ਼ੀ ਦੀਆਂ ਇਹ ਗੱਲਾਂ ਸੁਣੀਆਂ ਤਾਂ ਮੈਂ ਹੈਰਾਨ ਰਹਿ ਗਿਆ ਅਤੇ ਸੋਚਣ ਲੱਗਾ ਕਿ ਜਿਸ ਔਰਤ ਨੇ ਇਸ ਪਾਖੰਡੀ ਜੋਤਸ਼ੀ ਨੂੰ ਬੜੀ ਮੁਸ਼ਕਿਲ ਨਾਲ ਜੋਤਸ਼ ਦਾ ਕੰਮ ਚਲਾਉਣ ਲਈ ਮਕਾਨ ਆਪਣੀ ਜ਼ਿੰਮੇਵਾਰੀ 'ਤੇ ਲੈ ਕੇ ਦਿੱਤਾ ਹੈ। ਇਹ ਤਾਂ ਉਸ ਨੂੰ ਵੀ ਨਹੀਂ ਬਖਸ਼ ਰਿਹਾ। ਜਦੋਂ ਕਿ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਔਰਤ ਉਸਦੀ ਕਰੀਬੀ ਰਿਸ਼ਤੇਦਾਰ ਹੈ। ਇਸ ਨੂੰ ਤਾਂ ਉਸਦੀ ਗਰੀਬੀ 'ਤੇ ਵੀ ਤਰਸ ਨਹੀਂ ਆ ਰਿਹਾ। ਮੈਂ ਤੁਰੰਤ ਹੀ ਆਪਣਾ ਲਿਖਣ ਦਾ ਕੰਮ ਬੰਦ ਕਰਕੇ ਉਸ ਔਰਤ ਨੂੰ ਲੱਭਣ ਲਈ ਉਸਦੇ ਮਗਰ ਗਿਆ। ਪੂਰੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਮੈਂ ਉਸ ਔਰਤ ਨੂੰ ਲੱਭ ਕੇ ਉਸ ਧੋਖੇਬਾਜ਼ ਜੋਤਸ਼ੀ ਦੀ ਚਲਾਕੀ ਬਾਰੇ ਨਾ ਦੱਸ ਸਕਿਆ, ਮੈਂ ਉਸਨੂੰ ਦੱਸਣਾ ਚਾਹੁੰਦਾ ਸੀ ਕਿ ਜਦੋਂ ਤੁਸੀਂ ਉਸ ਫਗਵਾੜੇ ਵਾਲੇ ਜੋਤਸ਼ੀ ਕੋਲ ਪਹੁੰਚੋਗੇ ਤਾਂ ਉਹ ਤੁਹਾਡੇ ਘਰ ਦੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਤੁਹਾਡੀ ਜ਼ਿੰਦਗੀ ਨੂੰ ਹੋਰ ਨਰਕ ਬਣਾ ਦੇਵੇਗਾ। ਤੁਸੀਂ ਜਦੋਂ ਉਸ ਜੋਤਸ਼ੀ ਕੋਲ ਪਹੁੰਚੋਗੇ, ਉਹ ਤੁਹਾਨੂੰ ਪੁੱਛੇ ਬਗੈਰ ਤੁਹਾਡੇ ਬਾਰੇ ਸਭ ਕੁਝ ਦੱਸ ਦੇਵੇਗਾ, ਜਿਵੇਂ ਤੁਹਾਡਾ ਕੀ ਨਾਮ ਹੈ, ਤੁਹਾਡੇ ਕਿੰਨੇ ਬੱਚੇ ਹਨ, ਤੁਹਾਡੇ ਘਰ ਵਿੱਚ ਬਜ਼ੁਰਗ ਬਿਮਾਰ ਰਹਿੰਦੇ ਹਨ, ਤੁਹਾਡੇ ਘਰ ਬਹੁਤ ਕਲਾ-ਕਲੇਸ਼ ਰਹਿੰਦਾ ਹੈ, ਤੁਹਾਡੇ ਤਿੰਨ ਬੱਚੇ ਹਨ ਦੋ ਲੜਕੇ ਅਤੇ ਇੱਕ ਲੜਕੀ, ਤੁਹਾਡਾ ਪਤੀ ਬਾਹਰ (ਵਿਦੇਸ਼) ਗਿਆ ਹੋਇਆ ਹੈ ਅਤੇ ਹੁਣ ਕੋਈ ਪੈਸਾ (ਰੁਪਏ) ਵੀ ਨਹੀਂ ਭੇਜ ਰਿਹਾ, ਅਤੇ ਤੁਹਾਡਾ ਕਿਹੜਾ ਪਿੰਡ ਹੈ। ਜਦੋਂ ਜੋਤਸ਼ੀ ਤੁਹਾਨੂੰ ਪੁੱਛੇ ਬਗੈਰ ਹੀ ਇਹ ਦੱਸ ਰਿਹਾ ਹੋਵੇਗਾ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ ਇਸਨੂੰ ਤੁਹਾਡੇ ਪੂਰੇ ਹਾਲ ਬਾਰੇ ਕਿਵੇਂ ਪਤਾ ਲੱਗਿਆ? ਤੁਸੀਂ ਉਸਨੂੰ ਅੰਤਰਯਾਮੀ ਸਮਝ ਕੇ ਵੱਧ ਤੋਂ ਵੱਧ ਮਾਇਆ (ਰੁਪਏ) ਭੇਟ ਕਰਨ ਲਈ ਤਿਆਰ ਹੋ ਜਾਵੋਗੇ। ਜਿਸ ਵਿੱਚੋਂ ਬਣਦਾ ਹਿੱਸਾ ਤੁਹਾਡਾ ਰਿਸ਼ਤੇਦਾਰ ਜੋਤਸ਼ੀ ਲੈ ਲਵੇਗਾ। ਜਿਸ ਬਾਰੇ ਤੁਹਾਨੂੰ ਭੋਰਾ ਭਰ ਵੀ ਜਾਣਕਾਰੀ ਨਹੀਂ ਹੋਵੇਗੀ ਕਿਉਂਕਿ ਤੁਸੀਂ ਅਜਿਹੇ ਪਾਖੰਡੀਆਂ ਦੇ ਧੋਖੇ ਨਾਲ਼ ਪੈਦਾ ਕੀਤੇ ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸਾਂ ਦੇ ਸ਼ਿਕਾਰ ਹੋ।

ਜਦਕਿ ਸਚਾਈ ਇਹ ਹੈ ਕਿ ਜੋ ਤੁਹਾਡਾ ਰਿਸ਼ਤੇਦਾਰ ਜੋਤਸ਼ੀ ਹੈ, ਉਸਨੇ ਪਹਿਲਾਂ ਹੀ ਫੋਨ ਉੱਪਰ ਤੁਹਾਡਾ ਪੂਰਾ ਹਾਲ ਬਿਆਨ ਕਰ ਦਿੱਤਾ ਹੈ। ਕੋਈ ਗੱਲ ਨਹੀਂ ਹੈ, ਕਿ ਤੁਹਾਡਾ ਰਿਸ਼ਤੇਦਾਰ ਜੋਤਸ਼ੀ ਅਤੇ ਫਗਵਾੜੇ ਵਾਲਾ ਜੋਤਸ਼ੀ ਦੋਵੇਂ ਹੀ ਪਾਖੰਡ ਰਚਾ ਕੇ, ਆਪਸ ਵਿੱਚ ਰਲ਼-ਮਿਲ ਕੇ ਤੁਹਾਨੂੰ ਚਲਾਕੀ ਨਾਲ ਮੂਰਖ ਬਣਾ ਕੇ ਲੁੱਟ ਰਹੇ ਹਨ। ਕਿਉਂਕਿ ਮੈਂ ਇਹ ਸਾਰੀਆਂ ਗੱਲਾਂ ਤਾਕੀ ਰਾਹੀਂ ਆਪ ਸੁਣੀਆਂ ਹਨ ਅਤੇ ਮੈਂ ਤੁਹਾਨੂੰ ਇਸ ਬਾਰੇ ਸੁਚੇਤ ਕਰ ਦੇਣਾ ਆਪਣਾ ਫਰਜ਼ ਸਮਝਦਾ ਹਾਂ ਕਿ ਜੋਤਿਸ਼ੀ ਨੂੰ ਤੁਸੀਂ ਆਪਣੇ ਦੁੱਖਾਂ-ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਦਾ ਹੱਲ ਕਰਨ ਵਾਲਾ ਸੱਚਾ ਹਮਦਰਦ ਅਤੇ ਰਿਸ਼ਤੇਦਾਰ ਸਮਝਦੇ ਹੋ, ਉਹ ਜੋਤਸ਼ੀ ਤੁਹਾਡੇ ਲਈ ਕਿੰਨਾ ਪਾਖੰਡੀ-ਲੁਟੇਰਾ ਤੇ 'ਘਟੀਆ ਕਿਸਮ ਦਾ ਧੋਖੇਬਾਜ਼ ਤੇ ਖਤਰਨਾਕ ਜੋਤਸ਼ੀ' ਹੈ। ਬਸ ਓਹੀ ਤੁਹਾਡੇ ਘਰ ਦੀ ਤਰਸਯੋਗ (ਮਾੜੀ) ਹਾਤ ਤੇ ਬਰਬਾਦੀ ਦਾ ਕਾਰਨ ਬਣਿਆ ਹੋਇਆ ਹੈ।

## ਡਾਕਟਰਾਂ ਨੇ ਲੜਕੇ ਦਾ ਸਿਰ 'ਮੁੜ ਜੋੜਿਆ



Jackson Taylor

ਆਸਟ੍ਰੇਲੀਆ ਦੇ ਡਾਕਟਰਾਂ ਨੇ ਇਕ ਲੜਕੇ ਦਾ ਸਿਰ ਮੁੜ ਜੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਇਕ ਕਾਰ ਹਾਦਸੇ ਵਿਚ 16 ਮਹੀਨੇ ਲੜਕੇ ਦਾ ਸਿਰ ਗਰਦਨ ਦੇ ਇਕ ਪਾਸੇ ਤੋਂ ਅਲੱਗ ਹੋ ਗਿਆ ਸੀ।

ਜੈਕਸਨ ਟੇਲਰ ਨਾਮ ਦਾ ਇਹ ਲੜਕਾ ਬੀਤੇ ਸਤੰਬਰ ਮਹੀਨੇ ਜਦੋਂ ਅਪਣੀ ਮਾਂ ਅਤੇ ਭੈਣ ਨਾਲ ਸਫ਼ਰ ਕਰ ਰਿਹਾ ਸੀ ਤਾਂ ਉਨਾਂ ਦੀ ਕਾਰ ਇਕ ਵਾਹਨ ਨਾਲ ਟਕਰਾ ਗਈ। ਇਹ ਹਾਦਸਾ ਇਨਾਂ ਭਿਆਨਕ ਸੀ ਕਿ ਟੇਲਰ ਦਾ ਸਿਰ ਗਰਦਨ ਦੇ ਇਕ ਪਾਸੇ ਤੋਂ ਅਲੱਗ ਹੋ ਗਿਆ ਸੀ। ਡੇਲੀ ਐਕਸਪ੍ਰੈਸ ਅਨੁਸਾਰ, ਟੇਲਰ ਨੂੰ ਹਵਾਈ ਜਹਾਜ਼ ਰਾਹੀਂ ਬ੍ਰਿਸਬੇਨ ਦੇ ਇਕ ਹਸਪਤਾਲ ਵਿਚ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਛੇ ਘੰਟਿਆਂ ਦੇ ਆਪ੍ਰੇਸ਼ਨ ਦੌਰਾਨ ਉਸ ਦਾ ਸਿਰ ਮੁੜ ਜੋੜ ਦਿੱਤਾ। ਆਸਟ੍ਰੇਲੀਆ ਵਿਚ 'ਸਪਾਈਨਲ ਸਰਜਰੀ ਦੇ ਪਿਤਾਮਾ' ਮੰਨੇ ਜਾਣ ਵਾਲੇ ਸਪਾਈਨਲ ਸਰਜਨ ਜਿਆਫ਼ ਆਸਕਿਨ ਦੀ ਅਗਵਾਈ ਵਿਚ ਜੈਕਸਨ ਦੀ ਖੋਪੜੀ ਅਤੇ ਦਿਮਾਗ਼ ਦੀਆਂ ਨਾੜਾਂ ਨੂੰ ਮੁੜ ਜੋੜਿਆ ਗਿਆ। ਆਸਕਿਨ ਨੇ ਕਿਹਾ ਕਿ ਜਦੋਂ ਜੈਕਸਨ ਨੂੰ ਲਿਆਂਦਾ ਗਿਆ ਤਾਂ ਉਸ ਦੀ ਹਾਲਤ ਬਦਤਰ ਸੀ। ਉਨਾਂ ਕਿਹਾ ਕਿ ਉਹ ਖ਼ੁਸਕਿਸਮਤ ਹੈ ਕਿ ਉਸ ਦੀਆਂ ਮਹੱਤਵਪੂਰਨ ਨਾੜਾ ਖ਼ਤਮ ਨਹੀਂ ਹੋਈਆਂ ਸਨ। ਉਨਾਂ ਕਿਹਾ ਕਿ ਬੱਚਾ ਵੱਡੀ ਉਮਰ ਦੇ ਵਿਅਕਤੀ ਦੇ ਮੁਕਾਬਲੇ ਤੇਜ਼ੀ ਨਾਲ ਠੀਕ ਹੋ ਜਾਂਦਾ ਹੈ। ਡਾਕਟਰ ਨੇ ਕਿਹਾ ਕਿ ਇਸ ਆਪ੍ਰੇਸ਼ਨ ਮਗਰੋਂ ਟੇਲਰ ਆਮ ਅਤੇ ਸਿਹਤਮੰਦ ਜ਼ਿੰਦਗੀ ਜਿਉਣ ਦੇ ਕਾਬਲ ਹੋ ਜਾਵੇਗਾ। ਟੇਲਰ ਦੇ ਮਾਤਾ-ਪਿਤਾ ਐਂਡਰੀਊ ਅਤੇ ਰਾਈਲੀਆ ਨੇ ਕਿਹਾ ਕਿ ਉਸ ਦੇ ਪੁੱਤਰ ਦੀ ਸਿਹਤ ਵਿਚ ਸੁਧਾਰ ਆ ਰਿਹਾ ਹੈ।

# ਗਰਭ ਦਾ ਦੋਸ਼ਪੂਰਨ ਚੱਕਰ Ectopic Pregnancy

*ਜਦ ਭਰੂਣ ਬੱਚੇਦਾਨੀ ਦੀ ਥਾਂ ਫੇਲੋਪੀਅਨ ਟਿਊਬ ਵਿੱਚ ਠਹਿਰ ਜਾਵੇ ਤਾਂ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਇਸ ਵਿਸ਼ੇ ਵਿੱਚ ਸ਼ੈਲੇਂਦਰ ਸਿੰਘ ਨੇ ਪ੍ਰੋਫੈਸਰ ਅਮਿਤਾ ਪਾਂਡੇ ਜੀ ਨਾਲ ਗੱਲ-ਬਾਤ ਕੀਤੀ ਅਤੇ ਕਈ ਅਹਿਮ ਜਾਣਕਾਰੀਆਂ ਪ੍ਰਾਪਤ ਕੀਤੀਆਂ ਹਨ।*




ਕੁੱਝ ਸਮੇਂ ਪਹਿਲਾਂ 20-22 ਸਾਲ ਦੀ ਲੜਕੀ ਦੇ ਪਿੱਤੇ ਦਾ ਅਪਰੇਸ਼ਨ ਹੋਇਆ ਸੀ। ਉਸ ਦੇ ਕੁੱਝ ਹੀ ਦਿਨਾਂ ਦੇ ਬਾਅਦ ਉਸ ਦੇ ਪੇਟ ਵਿੱਚ ਦਰਦ ਹੋਇਆ ਤਾਂ ਉਹ ਹਸਪਤਾਲ ਵਿੱਚ ਸਰਜਰੀ ਵਿਭਾਗ ਵਿੱਚ ਪਹੁੰਚੀ। ਉਸ ਦੇ ਪਿੱਤੇ ਦਾ ਅਪਰੇਸ਼ਨ ਕਰਨ ਵਾਲੇ ਡਾਕਟਰਾਂ ਨੇ ਜਾਂਚ ਕੀਤੀ, ਪਰ ਉਹਨਾਂ ਨੂੰ ਦਰਦ ਦਾ ਕੋਈ ਕਾਰਨ ਸਮਝ ਵਿੱਚ ਨਹੀਂ ਆਇਆ। ਲੜਕੀ ਨੂੰ ਇਸਤਰੀ ਰੋਗ ਵਿਭਾਗ ਭੇਜਿਆ ਗਿਆ। ਲੜਕੀ ਕੁਆਰੀ ਸੀ। ਡਾਕਟਰਾਂ ਨੂੰ ਜਾਂਚ ਵਿੱਚ ਪੇਟ ਵਿੱਚ ਸੋਜ ਦਾ ਅਹਿਸਾਸ ਹੋ ਰਿਹਾ ਸੀ। ਲੜਕੀ ਨੂੰ ਜਦ ਸੈਕਸ ਕਰਨ ਦੇ ਬਾਰੇ ਵਿੱਚ ਪੁੱਛਿਆ ਗਿਆ ਤਾਂ ਉਸਨੇ ਸਾਫ਼ ਨਾਂਹ ਕਰ ਦਿੱਤੀ।

ਡਾਕਟਰ ਨੇ ਜਦ ਇਕ ਦੋ ਟੈਸਟ ਕੀਤੇ ਤਾਂ ਮਾਮਲਾ ਸਾਫ਼ ਹੋ ਗਿਆ ਕਿ ਉਸ ਲੜਕੀ ਨੇ ਅਸੁਰੱਖਿਅਤ ਸੈਕਸ ਕੀਤਾ ਸੀ ਅਤੇ ਸਿੱਟੇ ਵਜੋਂ ਗਰਭ ਬੱਚੇਦਾਨੀ ਵਿੱਚ ਠਹਿਰਨ ਦੀ ਬਜਾਏ ਅੰਡਵਾਹਿਣੀ ਯਾਨੀ ਫੇਲੋਪਅੀਨ ਟਿਊਬ ਵਿੱਚ ਠਹਿਰ ਗਿਆ ਸੀ। ਗਰਭ ਦੇ ਵਧਣ ਨਾਲ ਫੇਲੋਪੀਅਨ ਟਿਊਬ ਫੁੱਲ ਰਹੀ ਸੀ, ਜਿਸ ਕਾਰਨ ਲੜਕੀ ਦੇ ਪੇਟ ਵਿੱਚ ਦਰਦ ਹੋ ਰਿਹਾ ਸੀ। ਉਸ ਦੌਰਾਨ ਫੇਲੋਪੀਅਨ ਟਿਊਬ ਨੂੰ ਫਟਣ ਤੋਂ ਬਚਾਉਣ ਦੇ ਲਈ ਡਾਕਟਰਾਂ ਨੂੰ ਉਸ ਦਾ ਅਪਰੇਸ਼ਨ ਕਰਨਾ ਪਿਆ। ਇਸ ਮਾਮਲੇ ਵਿੱਚ ਲਖਨਊ ਸਥਿਤ ਕਿੰਗ ਜੌਰਜ ਮੈਡੀਕਲ ਕਾਲਜ ਦੇ, ਇਸਤਰੀ ਰੋਗ ਵਿਭਾਗ ਦੀ ਪ੍ਰੋਫੈਸਰ ਅਮਿਤਾ ਪਾਂਡੇ ਨਾਲ ਵਿਸਥਾਰ ਨਾਲ ਗੱਲਬਾਤ ਹੋਈ। ਪੇਸ਼ ਹਨ ਉਸ ਦੇ ਖਾਸ ਅੰਸ :

**✪ ਜਦ ਗਰਭ ਬੱਚੇਦਾਨੀ ਵਿੱਚ ਠਹਿਰਨ ਦੀ ਬਜਾਏ ਅੰਡਵਾਹਿਣੀ ਯਾਨੀ ਫੈਲੋਪੀਅਨ ਵਿੱਚ ਠਹਿਰ ਜਾਵੇ ਤਾਂ ਕੀ ਹੁੰਦਾ ਹੈ?**

ਸਾਧਾਰਨ ਰੂਪ ਵਿੱਚ ਗਰਭ ਹਮੇਸ਼ਾ ਬੱਚੇਦਾਨੀ ਵਿੱਚ ਠਹਿਰਦਾ ਹੈ। ਇੱਥੇ ਹੀ ਭਰੂਣ ਦਾ ਵਿਕਾਸ ਹੁੰਦਾ ਹੈ। ਭਰੂਣ ਦਾ ਵਿਕਾਸ ਜਦ ਬੱਚੇਦਾਨੀ ਦੀ ਬਜਾਏ ਬਾਹਰ ਦੀ ਅੰਡਵਹਿਣੀ ਯਾਨੀ ਫੇਲੋਪੀਅਨ ਟਿਊਬ ਵਿੱਚ ਹੋਣ ਲਗਦਾ ਹੈ ਤਾਂ ਇਸ ਨੂੰ ਏਕਟੋਪਿਕ ਪ੍ਰੈਗਨੈਂਸੀ ਦਾ ਦੋਸ਼ਪੂਰਣ ਚੱਕਰ ਕਿਹਾ ਜਾਂਦਾ ਹੈ। ਜਿਉਂ-ਜਿਉਂ ਭਰੂਣ ਦਾ ਅਕਾਰ ਵੱਧਦਾ ਜਾਂਦਾ ਹੈ, ਫੇਲੋਪੀਅਨ ਟਿਊਬ ਦੀ ਹਾਲਤ ਖ਼ਰਾਬ ਹੋਣ ਲਗਦੀ ਹੈ। ਇਕ ਸਮੇਂ ਉਹ ਫਟਣ ਦੀ ਹਾਲਤ ਤੱਕ ਪਹੁੰਚ ਜਾਂਦੀ ਹੈ। ਜਿਹੜੀ ਇਸਤਰੀ ਦੇ ਲਈ ਜਾਨਲੇਵਾ ਹੋ ਸਕਦੀ ਹੈ। ਦੋ ਪ੍ਰਤੀਸ਼ਤ ਮਾਮਲਿਆਂ ਵਿੱਚ ਏਕਟੋਪਿਕ ਪ੍ਰੈਗਨੈਂਸੀ ਦਾ ਖ਼ਤਰਾ ਬਣਿਆ ਰਹਿੰਦਾ ਹੈ।

**✪ ਗਰਭ ਦਾ ਦੋਸ਼ਪੂਰਨ ਚੱਕਰ ਦਾ ਪਤਾ ਕਿਵੇਂ ਚੱਲੇਗਾ?**

ਦੇਖੋ ਹਰ ਲੜਕੀ ਨੂੰ ਜਾਂ ਇਸਤਰੀ ਨੂੰ ਇਹ ਤਾਂ ਪਤਾ ਹੁੰਦਾ ਹੈ ਕਿ ਉਸ ਦੀ ਮਾਹਵਾਰੀ ਦੀ ਤਰੀਕ ਕੀ ਹੈ। ਜੇਕਰ ਉਸ ਨੇ ਕਿਸੇ ਆਦਮੀ ਨਾਲ ਸੰਬੰਧ ਬਣਾਏ ਹਨ, ਭਾਵੇਂ ਉਹ ਕੁਆਰੀ ਹੋਵੇ ਜਾਂ ਸ਼ਾਦੀਸ਼ੁਦਾ, ਤਾਂ ਉਸਨੂੰ ਪਤਾ ਰਹਿੰਦਾ ਹੈ ਕਿ ਜੇਕਰ ਸਮੇਂ ਸਿਰ ਮਾਹਵਾਰੀ ਨਾ ਆਈ ਹੋਵੇ, ਤਾਂ ਤੁਰੰਤ ਗਰਭ ਟੈਸਟ ਕਰ ਲੈਣਾ ਚਾਹੀਦਾ ਹੈ ਅਤੇ ਕਿਸੀ ਇਸਤਰੀ ਰੋਗ ਮਾਹਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇਕਰ ਬੱਚੇਦਾਨੀ ਵਿੱਚ ਗਰਭ ਠਹਿਰਦਾ ਹੈ ਅਤੇ ਸਮੇਂ ਸਿਰ ਪਤਾ ਚੱਲ ਜਾਵੇ ਤਾਂ ਦਵਾਈਆਂ ਅਤੇ ਸਰਜਰੀ ਦੇ ਦੁਆਰਾ ਗਰਭਪਾਤ ਕਰਾਇਆ ਜਾ ਸਕਦਾ ਹੈ। ਜੇਕਰ ਗਰਭ ਫੇਲੋਪੀਅਨ ਟਿਊਬ ਵਿੱਚ ਠਹਿਰ ਗਿਆ ਹੈ ਤਾਂ ਗਰਭਪਾਤ ਕਰਾਉਣ ਨਾਲ ਕੋਈ ਲਾਭ ਨਹੀਂ ਹੁੰਦਾ ਹੈ। ਗਰਭਨਿਰੋਧਕ ਅਤੇ ਗਰਭਪਾਤ ਦੇ ਲਈ ਖਾਧੀਆਂ ਜਾਣ ਵਾਲੀਆਂ ਗੋਲੀਆਂ ਇਸ ਉੱਤੇ ਅਸਰ ਨਹੀਂ ਕਰਦੀਆ ਹਨ। ਜੇਕਰ ਸ਼ੁਰੂਆਤ ਵਿੱਚੋਂ ਇਸ ਗੱਲ ਦਾ ਪਤਾ ਚੱਲ ਜਾਵੇ ਕਿ ਗਰਭ ਫੇਲੋਪੀਅਨ ਟਿਊਬ ਵਿੱਚ ਅਟਕਿਆ ਹੈ ਤਾਂ ਇੰਜੈਕਸ਼ਨ ਦੁਆਰਾ ਗਰਭ ਨੂੰ ਵੱਧਣ ਤੋਂ ਰੋਕਿਆ ਜਾ ਸਕਦਾ ਹੈ। ਗਰਭ ਵਧ ਜਾਂਦਾ ਹੈ ਤਾਂ ਚੀਰਫਾੜ ਦੇ ਇਲਾਵਾ ਦੂਜਾ ਰਸਤਾ ਨਹੀਂ ਰਹਿੰਦਾ। ਕਈ ਵਾਰ ਡਾਕਟਰਾਂ ਦੀ ਜਾਣਕਾਰੀ ਵਿੱਚ ਮਾਮਲਾ ਤਦ ਆਉਂਦਾ ਹੈ, ਜਦ ਹਾਲਾਤ ਕਾਬੂ ਤੋਂ ਬਾਹਰ ਹੋ ਜਾਂਦੇ ਹਨ। ਅਜਿਹੇ ਵਿੱਚ ਸਰਜਰੀ ਕਰ ਕੇ ਫੇਲੋਪੀਅਨ ਟਿਊਬ ਤੱਕ ਕੱਢਣੀ ਪੈਂਦੀ ਹੈ।

**ਮੂਲ ਲੇਖਕ • ਸ਼ੈਲੇਂਦਰ ਸਿੰਘ**
**• ਅਨੁਵਾਦਕ : ਪਵਨ ਕੁਮਾਰ ਰੱਤੋਂ**

**✪ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ?**

ਸੈਕਸ ਕਰਨ ਵਾਲਿਆਂ ਨੂੰ ਸਿਰਫ਼ ਗਰਭ ਠਹਿਰਣ ਦਾ ਖ਼ਤਰਾ ਹੀ ਸਮਝ ਆਉਂਦਾ ਹੈ। ਉਹਨਾਂ ਨੂੰ ਲਗਦਾ ਹੈ ਕਿ ਆਈਪਿਲ ਦੀ ਵਰਤੋਂ ਨਾਲ ਗਰਭ ਠਹਿਰਣ ਤੋਂ ਬਚਿਆ ਜਾ ਸਕਦਾ ਹੈ ਜਾਂ ਫੇਰ ਗਰਭ ਠਹਿਰ ਗਿਆ ਤਾਂ ਉਹ ਐਮਟੀਪੀ ਯਾਨੀ ਗਰਭਪਾਤ ਕਰਾਉਣ ਵਾਲੀਆਂ ਗੋਲੀਆਂ ਦੀ ਵਰਤੋਂ ਕਰ ਕੇ ਗਰਭ ਨੂੰ ਰੋਕ ਸਕਦੇ ਹਾਂ। ਉਹ ਇਸ ਗੱਲ ਤੋਂ ਅਨਜਾਣ ਰਹਿੰਦੇ ਹਨ ਕਿ ਜੇਕਰ ਏਕਟੋਪਿਕ ਗਰਭ ਦਾ ਦੋਸ਼ਪੂਰਨ ਚੱਕਰ ਵਰਗੇ ਚੱਕਰ ਆ ਗਏ ਤਾਂ ਸਰਜਰੀ ਤੋਂ ਬਚਣਾ ਸੰਭਵ ਨਹੀਂ ਹੁੰਦਾ। ਜੇ ਕੁਆਰੀ ਹੈ ਤਾਂ ਇਸ ਨਾਲ ਸਮਾਜ ਵਿੱਚ ਉਹਨਾਂ ਦੇ ਮਾਣ ਅਤੇ ਇੱਜ਼ਤ ਨੂੰ ਵੀ ਸੱਟ ਪਹੁੰਚ ਸਕਦੀ ਹੈ।

**✪ ਗਰਭ ਨਾ ਠਹਿਰੇ ਇਸ ਦੇ ਕੀ ਉਪਾਅ ਹਨ?**

ਗਰਭ ਠਹਿਰਣ ਤੋਂ ਰੋਕਣ ਦੇ ਬਹੁਤ ਸਾਰੇ ਸਰਲ ਤਰੀਕੇ ਹੁੰਦੇ ਹਨ। ਇਹਨਾਂ ਵਿੱਚ ਗੋਲੀਆਂ, ਇੰਜੈਕਸ਼ਨ, ਨਿਰੋਧ ਅਤੇ ਕੋਪਰ ਟੀ ਵਰਗੇ ਉਪਾਅ ਹਨ। ਇੱਕ ਸਰੀਰ ਵਿੱਚ ਘੁਲਣ ਵਾਲੀ ਗੋਲੀ ਵੀ ਹੁੰਦੀ ਹੈ, ਜਿਸ ਨੂੰ ਸੈਕਸ ਤੋਂ ਪਹਿਲਾਂ ਅੰਦਰ ਦੇ ਅੰਗ ਵਿੱਚ ਪਾਉਣ ਦੇ ਬਾਅਦ ਸੈਕਸ ਕਰਨ ਨਾਲ ਗਰਭ ਠਹਿਰਣ ਦਾ ਖਤਰਾ ਘੱਟ ਹੋ ਜਾਂਦਾ ਹੈ। ਪਰੇਸ਼ਾਨੀ ਦੀ ਗੱਲ ਇਹ ਹੈ ਕਿ ਏਨੇ ਉਪਾਅ ਹੋਣ ਦੇ ਬਾਵਜੂਦ ਵੀ ਲੋਕ ਜਦ ਗਲਤੀ ਕਰ ਬੈਠਦੇ ਹਨ ਅਤੇ ਜਦ ਗਰਭ ਠਹਿਰ ਜਾਂਦਾ ਹੈ ਤਾਂ ਦੂਸਰੇ ਸਾਰੇ ਉਪਾਅ ਕਰਦੇ ਹਨ।

ਗਰਭਪਾਤ ਕਾਨੂੰਨ ਆਉਣ ਦੇ ਬਾਅਦ ਜਦ ਜਾਣਕਾਰ ਡਾਕਟਰ ਗਰਭਪਾਤ ਤੋਂ ਨਾਂਹ ਕਰ ਦੇਂਦੇ ਹਨ ਤਾਂ ਲੋਕ ਝੋਲਾਛਾਪ ਡਾਕਟਰ ਅਤੇ ਦਾਈ ਦੇ ਪਾਸ ਜਾਂਦੇ ਹਨ, ਜਿੱਥੇ ਅਸੁਰੱਖਿਅਤ ਗਰਭਪਾਤ ਕਰਾਇਆ ਜਾਂਦਾ ਹੈ। ਕਈ ਵਾਰ ਇਹ ਜਾਨਲੇਵਾ ਵੀ ਸਾਬਤ ਹੋ ਜਾਂਦਾ ਹੈ।

**ਗਰਭ ਹੋਣ ਉੱਤੇ ਪੇਟ ਵਿੱਚ ਤੇਜ਼ ਦਰਦ, ਬੇਹੋਸ਼ੀ ਜਾਂ ਚੱਕਰ ਆਉਣ ਤਾਂ ਤੁਰੰਤ ਇਸਤਰੀ ਨੂੰ ਰੋਗ ਮਾਹਰ ਨੂੰ ਦਿਖਾਓ।**

**✪ ਅਜਿਹੀਆਂ ਸਾਰੀਆਂ ਪਰੇਸ਼ਾਨੀਆਂ ਇਸਤਰੀਆਂ ਨੂੰ ਹੀ ਭੁਗਤਣੀਆਂ ਪੈਂਦੀਆਂ ਹਨ, ਇਸ ਮਾਨਸਿਕਤਾ ਨੂੰ ਤੁਸੀਂ ਕਿਵੇਂ ਦੇਖਦੇ ਹੋ?**

ਸਾਡੇ ਦੇਸ਼ ਵਿੱਚ ਮਰਦਵਾਦੀ

ਮਾਨਸਿਕਤਾ ਹਰ ਥਾਂ ਹਾਵੀ ਹੁੰਦੀ ਹੈ। ਗਰਭ ਦਾ ਸਭ ਤੋਂ ਵੱਧ ਜ਼ੁੰਮੇਵਾਰ ਆਦਮੀ ਹੁੰਦਾ ਹੈ। ਸਾਡੇ ਕੋਲ ਕਈ ਇਸਤਰੀਆਂ ਆਉਂਦੀਆਂ ਹਨ, ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਉਹਨਾਂ ਦਾ ਮਰਦ ਸਾਥੀ ਅਜਿਹੇ ਉਪਾਅ ਨਹੀਂ ਕਰਨਾ ਚਾਹੁੰਦਾ।

ਆਦਮੀ ਤੇ ਇਸਤਰੀ ਦੋਹਾਂ ਨੂੰ ਹੀ ਇਹ ਗੱਲ ਸਮਝਣ ਦੀ ਲੋੜ ਹੈ ਕਿ ਗਰਭ ਨੂੰ ਰੋਕਣ ਦੇ ਲਈ ਗਰਭ ਨਿਰੋਧਕ ਸਾਧਨਾਂ ਦੀ ਵਰਤੋਂ ਕਰਨ। ਸੋਚਣ ਵਾਲੀ ਗੱਲ ਹੈ ਕਿ ਸਮਾਜ ਵਿੱਚ ਗਰਭਪਾਤ ਤਾਂ ਬਹੁਤ ਹੋ ਰਹੇ ਹਨ, ਪਰ ਨਸਬੰਦੀ ਨਹੀਂ ਹੋ ਰਹੀ। ਇਹ ਇਸਤਰੀਆਂ ਉੱਤੇ ਅੱਤਿਆਚਾਰ ਅਤੇ ਭੇਦਭਾਵ ਦਾ ਇਕ ਤਰੀਕਾ ਮੰਨਿਆ ਜਾ ਸਕਦਾ ਹੈ।

**ਸਾਡੇ ਸਕੂਲ, ਘਰ ਅਤੇ ਸਮਾਜ ਵਿੱਚ ਸੈਕਸ ਸਿੱਖਿਆ ਦੀ ਜ਼ਰੂਰਤ ਨੂੰ ਸਮਝਿਆ ਨਹੀਂ ਜਾ ਰਿਹਾ ਹੈ।**

**✪ ਕੀ ਸੈਕਸ ਐਜੂਕੇਸ਼ਨ ਨਾਲ ਕੋਈ ਸੁਧਾਰ ਸੰਭਵ ਹੈ?**

ਸੈਕਸ ਸਿੱਖਿਆ ਨਾਲ ਸੁਧਾਰ ਕੀਤਾ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਠੀਕ ਸੈਕਸ ਸਿੱਖਿਆ ਦਿੱਤੀ ਜਾਵੇ। ਇੱਕ ਵਾਰ ਅਸੀਂ ਇੱਕ ਸਕੂਲ ਵਿੱਚ ਗਏ। ਲੜਕੀਆਂ ਨੂੰ ਕਿਹਾ ਗਿਆ ਕਿ ਉਹ ਸੈਕਸ ਨਾਲ ਜੁੜੇ ਸਵਾਲ ਲਿਖ ਕੇ ਦੇਣ। ਹੈਰਾਨੀ ਦੀ ਗੱਲ ਸੀ ਕਿ ਕਈ ਲੜਕੀਆਂ ਨੇ ਸਵਾਲ ਪੁੱਛਿਆ ਕਿ ਆਈਪਿਲ ਦੀ ਵਰਤੋਂ ਕਿੰਨੀ ਵਾਰ ਕਰ ਸਕਦੇ ਹਾਂ? ਆਈਪਿਲ ਖਾ ਕੇ ਗਰਭਰੋਕਣ ਦੀ ਵੱਧਦੀ ਪ੍ਰਵਿਰਤੀ ਦੱਸਦੀ ਹੈ ਕਿ ਆਈਪਿਲ ਦਾ ਪ੍ਰਯੋਗ ਐਮਰਜੈਂਸੀ ਵਿੱਚ ਨਹੀਂ ਹੁੰਦਾ, ਇਹ ਲਗਾਤਾਰ ਗਰਭ ਨਿਰੋਧਕ ਦੇ ਰੂਪ ਵਿੱਚ ਵਰਤੋਂ ਹੋ ਰਹੀ ਹੈ। ਜੇਕਰ ਸੈਕਸ ਸਿੱਖਿਆ ਹੋਵੇਗੀ ਤਾਂ ਅਜਿਹੀਆਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਇਕ ਲੜਕੀ ਦਾ ਸਵਾਲ ਸੀ ਕੀ ਏਡਜ਼ ਰੋਗੀ ਨੂੰ ਚੁੰਮੀ ਲੈਣ ਨਾਲ ਵੀ ਏਡਜ਼ ਹੋਣ ਦਾ ਖਤਰਾ ਹੁੰਦਾ ਹੈ ? ਇਹਨਾਂ ਸਵਾਲਾਂ ਤੋਂ ਪਤਾ ਚਲਦਾ ਹੈ ਕਿ ਸਕੂਲੀ ਲੜਕੇ ਲੜਕੀਆਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ। ਸੈਕਸ ਸਿੱਖਿਆ ਨਾਲ ਸੈਕਸ ਕਰਨ ਦੇ ਬਾਅਦ ਹੋਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ, ਜੋ ਅੱਜ ਦੇ ਸਮਾਜ ਦੀ ਵੱਡੀ ਜ਼ਰੂਰਤ ਹੈ।

ਧੰਨਵਾਦ ਸਹਿਤ ਮੈਗਜ਼ੀਨ : ਸਰਿਤਾ (ਪਹਿਲਾ) 2015

## ਕਹਾਣੀ

# ਇੱਲ ਦਾ ਬੱਚਾ

ਇੱਲ ਦਾ ਇਕ ਬਹੁਤ ਹੀ ਪਿਆਰਾ ਬੱਚਾ ਸੀ। ਇੱਲ ਦਾ ਜੋੜਾ ਉਸ ਨੂੰ ਇੰਨ੍ਹਾਂ ਪਿਆਰ ਕਰਦਾ ਸੀ, ਕਿ ਜੋ ਵੀ ਉਹ ਕੋਈ ਗੱਲ ਕਹਿੰਦਾ ਉਸ ਨੂੰ ਜ਼ਰੂਰ ਪੂਰਾ ਕਰਦਾ। ਇਕ ਦਿਨ ਉਸ ਬੱਚੇ ਨੇ ਆਪਣੇ ਪਿਤਾ ਨੂੰ ਕਿਹਾ, "ਪਿਤਾ ਜੀ, ਮੈਨੂੰ ਭੁੱਖ ਲੱਗੀ ਹੈ।" ਬੱਚੇ ਦਾ ਪਿਤਾ ਬੋਲਿਆ, "ਠੀਕ ਹੈ, ਥੋੜ੍ਹੀ ਉਡੀਕ ਕਰ। ਮੈਂ ਹੁਣੇ ਭੋਜਨ ਲੈ ਕੇ ਆਉਣਾ।"



ਕਹਿੰਦੇ ਹੋਏ ਇੱਲ ਉਡਣ ਹੀ ਲੱਗਿਆ ਸੀ ਕਿ ਉਦੋਂ ਹੀ ਉਸ ਦੇ ਬੱਚੇ ਨੇ ਉਸ ਨੂੰ ਟੋਕਦਿਆਂ ਕਿਹਾ, "ਰੁਕੋ ਪਿਤਾ ਜੀ, ਅੱਜ ਮੇਰਾ ਦਿਲ ਇਨਸਾਨ ਦਾ ਗੋਸ਼ਤ ਖਾਣ ਦਾ ਕਰ ਰਿਹਾ ਹੈ।" ਇੱਲ ਨੇ ਕਿਹਾ, "ਠੀਕ ਹੈ, ਮੈਂ ਵੇਖਦਾ ਹਾਂ।"

ਕਹਿੰਦੇ ਹੋਏ ਇੱਲ ਨੇ ਚੁੰਝ ਨਾਲ ਅਪਣੇ ਪੁੱਤਰ ਦਾ ਸਿਰ ਸਹਿਲਾਇਆ ਅਤੇ ਬਸਤੀ ਵੱਲ ਉੱਡ ਗਿਆ। ਬਸਤੀ ਕੋਲ ਪਹੁੰਚ ਕੇ ਇੱਲ ਕਾਫ਼ੀ ਦੇਰ ਤਕ ਇੱਧਰ-ਉੱਧਰ ਮੰਡਰਾਉਂਦਾ ਰਿਹਾ, ਪਰ ਉਸ ਨੂੰ ਕਾਮਯਾਬੀ ਨਾ ਮਿਲੀ। ਥੱਕ-ਹਾਰ ਕੇ ਉਹ ਸੂਰ ਦਾ ਗੋਸ਼ਤ ਲੈ ਕੇ ਆਪਣੇ ਆਲ੍ਹਣੇ ਵਿਚ ਪਹੁੰਚ ਗਿਆ।

ਉਸ ਨੂੰ ਵੇਖ ਕੇ ਬੱਚਾ ਬੋਲਿਆ, "ਪਿਤਾ ਜੀ, ਮੈਂ ਤਾਂ ਤੁਹਾਨੂੰ ਇਨਸਾਨ ਦਾ ਮਾਸ ਲਿਆਉਣ ਨੂੰ ਕਿਹਾ ਸੀ, ਅਤੇ ਤੁਸੀਂ ਤਾਂ ਸੂਰ ਦਾ ਗੋਸ਼ਤ ਲੈ ਆਏ?"

ਪੁੱਤਰ ਦੀ ਗੱਲ ਸੁਣ ਇੱਲ ਨੂੰ ਥੋੜ੍ਹੀ ਸ਼ਰਮ ਆਈ। ਉਸ ਨੇ ਕਿਹਾ, "ਠੀਕ ਹੈ, ਤੂੰ ਥੋੜ੍ਹੀ ਹੋਰ ਉਡੀਕ ਕਰ।" ਕਹਿੰਦੇ ਹੋਏ ਇੱਲ ਨੇ ਮੁੜ ਉਡਾਣ ਭਰ ਲਈ। ਉਸ ਨੇ ਇੱਧਰ-ਉੱਧਰ ਬਹੁਤ ਖੋਜਿਆ, ਪਰ ਉਸ ਨੂੰ ਕਾਮਯਾਬੀ ਨਾ ਮਿਲੀ। ਆਪਣੇ ਆਲ੍ਹਣੇ ਵੱਲ ਨੂੰ ਪਰਤਣ ਸਮੇਂ ਉਸ ਦੀ ਨਜ਼ਰ ਇਕ ਮਰੀ ਹੋਈ ਗਾਂ 'ਤੇ ਪਈ ਅਤੇ ਉਸ ਨੇ ਅਪਣੀ ਚੁੰਝ ਨਾਲ ਗਾਂ ਦੇ ਸਰੀਰ ਵਿਚੋਂ ਮਾਸ ਦਾ ਇਕ ਟੁਕੜਾ ਲਿਆ ਅਤੇ ਉਸ ਨੂੰ ਲੈ ਕੇ ਆਲ੍ਹਣੇ ਵਿਚ ਜਾ ਪਹੁੰਚਿਆ।

ਇਹ ਵੇਖ ਕੇ ਗਿੱਧ ਦਾ ਬੱਚਾ ਇਕਦਮ ਵਿਗੜ ਗਿਆ, "ਪਿਤਾ ਜੀ, ਇਹ ਤਾਂ ਗਾਂ ਦਾ ਗੋਸ਼ਤ ਹੈ। ਮੈਂ ਤਾਂ ਇਨਸਾਨ ਦਾ ਗੋਸ਼ਤ ਖਾਣਾ ਹੈ। ਕੀ ਤੁਸੀਂ ਮੇਰੀ ਏਨੀ ਕੁ ਇੱਛਾ ਵੀ ਪੂਰੀ ਨਹੀਂ ਕਰ ਸਕਦੇ?"

ਇਹ ਸੁਣ ਕੇ ਇੱਲ ਬਹੁਤ ਜ਼ਿਆਦਾ ਸ਼ਰਮਿੰਦਾ ਹੋਇਆ। ਉਸ ਨੇ ਮਨ ਹੀ ਮਨ ਇਕ ਯੋਜਨਾ ਬਣਾਈ ਅਤੇ ਅਪਣੇ ਉਦੇਸ਼ ਨੂੰ ਪੂਰਾ ਕਰਨ ਲਈ ਨਿਕਲ ਗਿਆ। ਇੱਲ ਨੇ ਸੂਰ ਦੇ ਗੋਸ਼ਤ ਦਾ ਇਕ ਵੱਡਾ ਜਿਹਾ ਟੁਕੜਾ ਚੁੱਕਿਆ ਅਤੇ ਉਸ ਨੂੰ ਮਸਜਿਦ ਦੇ ਵਿਹੜੇ ਵਿਚ ਸੁੱਟ ਦਿੱਤਾ। ਉਸ ਤੋਂ ਬਾਅਦ ਉਸ ਨੇ ਗਾਂ ਦਾ ਗੋਸ਼ਤ ਚੁੱਕਿਆ ਅਤੇ ਉਸ ਨੂੰ ਮੰਦਰ ਕੋਲ ਸੁੱਟ ਦਿੱਤਾ।

ਮਾਸ ਦੇ ਛੋਟੇ-ਛੋਟੇ ਟੁਕੜਿਆਂ ਨੂੰ ਫਿਰਕੂ ਰੰਗਤ ਚੜ੍ਹੀ ਅਤੇ ਵੇਖਦੇ ਹੀ ਵੇਖਦੇ ਪੂਰੇ ਸ਼ਹਿਰ ਵਿਚ ਅੱਗਾਂ ਲੱਗ ਗਈਆਂ। ਰਾਤ ਹੁੰਦਿਆਂ-ਹੁੰਦਿਆਂ ਚਾਰੇ ਪਾਸੇ ਇਨਸਾਨਾਂ ਦੀਆਂ ਲਾਸ਼ਾਂ ਦੇ ਸੱਥਰ ਵਿੱਛ ਗਏ। ਇਹ ਵੇਖ ਕੇ ਇੱਲ ਨੂੰ ਚਾਅ ਚੜ੍ਹ ਗਿਆ।

ਉਸ ਨੇ ਇਕ ਇਨਸਾਨ ਦੇ ਸਰੀਰ ਵਿਚੋਂ ਗੋਸ਼ਤ ਦਾ ਵੱਡਾ ਜਿਹਾ ਟੁਕੜਾ ਲਿਆ ਅਤੇ ਉਸ ਨੂੰ ਲੈ ਕੇ ਆਪਣੇ ਆਲ੍ਹਣੇ ਵਿਚ ਜਾ ਪਹੁੰਚਿਆ। ਇਹ ਵੇਖ ਕੇ ਇੱਲ ਦਾ ਪੁੱਤਰ ਬਹੁਤ ਖ਼ੁਸ਼ ਹੋਇਆ। ਉਹ ਬੋਲਿਆ, "ਪਾਪਾ ਜੀ, ਇਹ ਕਿਵੇਂ ਹੋਇਆ? ਇਨਸਾਨਾਂ ਦਾ ਢੇਰ ਸਾਰਾ ਗੋਸ਼ਤ ਤੁਹਾਨੂੰ ਕਿਥੋਂ ਮਿਲਿਆ?"

ਇੱਲ ਨੇ ਆਪਣੀ ਬੁੱਧੀ ਨੂੰ ਦਾਦ ਦਿੰਦਿਆਂ ਕਿਹਾ, "ਬੇਟਾ ਇਹ ਇਨਸਾਨ ਕਹਿਣ ਨੂੰ ਤਾਂ ਖ਼ੁਦ ਨੂੰ ਬੁੱਧੀ ਦੇ ਮਾਮਲੇ ਵਿਚ ਸੱਭ ਤੋਂ ਸਰਬੋਤਮ ਸਮਝਦਾ ਹੈ ਅਤੇ ਬਿਨਾਂ ਸੋਚੇ-ਸਮਝੇ ਮਰਨ-ਮਾਰਨ 'ਤੇ ਉਤਾਰੂ ਹੋ ਜਾਂਦਾ ਹੈ। ਇਨਸਾਨਾਂ ਦੇ ਰੂਪ ਵਿਚ ਬੈਠੇ ਹੋਏ ਕਈ ਇੱਲ ਇਹ ਕੰਮ ਸਦੀਆਂ ਤੋਂ ਕਰ ਰਹੇ ਹਨ। ਮੈਂ ਉਸੇ ਦਾ ਲਾਭ ਉਠਾਇਆ ਅਤੇ ਇਨਸਾਨ ਨੂੰ ਜਾਨਵਰ ਦੇ ਗੋਸ਼ਤ ਨਾਲ ਜਾਨਵਰ ਦੇ ਗੋਸ਼ਤ ਤੋਂ ਵੀ ਬੱਦਤਰ ਬਣਾ ਦਿਤਾ ਹੈ।"

ਦੋਸਤੋ, ਕੀ ਸਾਡੇ ਵਿਚਾਲੇ ਬੈਠੇ ਹੋਏ ਇਨਸਾਨ ਰੂਪੀ ਇੱਲ ਸਾਨੂੰ ਅਜੇ ਵੀ ਆਪਣੀਆਂ ਉਂਗਲਾਂ 'ਤੇ ਨਚਾਉਂਦੇ ਰਹਿਣਗੇ? ਅਤੇ ਕਦੋਂ ਤਕ ਅਸੀਂ ਮਾੜੀ-ਮੋਟੀ ਗੱਲ 'ਤੇ ਆਪਣੀ ਇਨਸਾਨੀਅਤ ਭੁੱਲ ਕੇ ਮਾਨਵਤਾ ਦਾ ਖ਼ੂਨ ਵਹਾਉਂਦੇ ਰਹਾਂਗੇ? ਜੇਕਰ ਤੁਹਾਨੂੰ ਇਹ ਕਹਾਣੀ ਸੋਚਣ ਲਈ ਬੇਵੱਸ ਕਰਦੀ ਹੈ ਤਾਂ ਇਸ ਨੂੰ ਹੋਰ ਲੋਕਾਂ ਤਕ ਵੀ ਲੈ ਕੇ ਪਹੁੰਚਾਵੋ। ਕੀ ਪਤਾ ਤੁਹਾਡਾ ਇਹ ਛੋਟਾ ਜਿਹਾ ਯਤਨ ਮਨੁੱਖ ਵਿਚ ਛੁਪੇ ਬੈਠੇ ਕਿਸੇ ਇੱਲ ਨੂੰ ਇਨਸਾਨ ਬਣਨ ਦਾ ਅਹਿਸਾਸ ਕਰਵਾ ਦੇਵੇ।"

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00

...ਤੇ ਦੇਵ ਪੁਰਸ ਹਾਰ ਗਏ 100.00

ਦੇਂਵ ਦੈਂਤ ਤੇ ਰੂਹਾਂ 100.00

ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00

ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00

ਬੱਚੇ ਅਸਫ਼ਲ ਕਿਵੇਂ ਹੁੰਦੇ ਹਨ? 80.00

ਤਰਕਸ਼ੀਲ ਹੋਕਾ 80.00

ਹਿਪਨੋਟਿਜ਼ਮ ਕਿਵੇਂ ਸਿੱਖੀਏ 60.00

ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸ਼ਾਸਤਰ ਕੋਰਾ ਝੂਠ 40.00

ਰਜਨੀਸ਼ ਬੇਨਕਾਬ 30.00

ਸ਼ੰਕਾ ਨਵਿਰਤੀ 80.00

ਕਣ ਕਣ ਵਿੱਚ ਵਿਗਿਆਨ 40.00

ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00

ਪ੍ਰਸਿੱਧ ਵਿਗਿਆਨਕ ਖੋਜਾਂ 80.00

ਮਹਾਨ ਵਿਗਿਆਨੀ 80.00

ਵਿਗਿਆਨ ਦੀ ਅਦਭੁੱਤ ਦੁਨੀਆਂ 80.00

ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00

ਸਾਡਾ ਦੋਸਤ ਵਿਗਿਆਨ 80.00

ਪੁਲਾੜ ਯਾਤਰਾ 120.00

ਮਨੁੱਖ ਦੀ ਉਤਪਤੀ 140.00

ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖੀਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00

ਬਾਲ ਮਨਾਂ ਵਿੱਚ ਝਾਤ 120.00

ਸਾਡੇ ਬੱਚੇ ਸਾਡੇ ਚਿਰਾਗ਼ 80.00

ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00

ਸ਼ੂਗਰ ਰੋਗ 30.00

ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00

ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00

ਬਾਤਾਂ ਵਲੈਤ ਦੀਆਂ 80.00

ਰਿਸ਼ਤਿਆਂ ਦਾ ਕਾਤਲ 40.00

ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-

ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-

ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00

ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00

ਸੂਚਨਾ ਦਾ ਅਧਿਕਾਰ ਕਾਨੂੰਨ 2005 30.00

**ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:**

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
ਈਮੇਲ: tarksheel@gmail.com, Website: www.thepunjabi.com



ਜਨਰਲ ਨਾਲਿਜ
80.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਜਨਰਲ ਨਾਲਿਜ
100.00



ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ
200.00



ਦਿਮਾਗੀ ਵਿਕਾਸ ਕਿਵੇਂ ਕਰੀਏ
60.00



ਅੰਕਾਂ ਦਾ ਜਾਦੂ
60.00



ਵਿਗਿਆਨਕ ਜਾਦੂਗਰ
60.00



ਤਰਕਸ਼ੀਲ ਜਾਦੂਗਰ
60.00



ਸਟੇਜ ਦੇ ਜਾਦੂ
60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00



ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
100.00



ਦਿਲ ਦੀ ਵਿਗੜ ਰਹੀ ਸਿਹਤ
100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00



ਸੁੰਦਰਤਾ ਬਣਾਈ ਰੱਖਣ ਦੇ ਢੰਗ
100.00



ਨਾਨ-ਵੈਜ ਤਿਆਰ ਕਰਨ ਦੇ ਢੰਗ
100.00



ਨਸ਼ੇ ਛੱਡਣ ਦੇ ਢੰਗ
100.00



**ਦ ਸੈਕੰਡ ਸੈਕਸ**
400.00



**ਬੈਟਰ ਹੱਫ ਦੀ ਦੁਰਦਸ਼ਾ**
80.00



**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਮੈਂ ਨਾਸਤਿਕ ਕਿਵੇਂ ਬਣਿਆ?

ਕੋਈ ਵੀ ਮਨੁੱਖ, ਜਦੋਂ ਪੈਦਾ ਹੁੰਦਾ ਹੈ, ਉਹ ਨਾ ਤਾਂ ਆਸਤਿਕ ਹੁੰਦਾ ਹੈ ਅਤੇ ਨਾ ਹੀ ਨਾਸਤਿਕ। ਜਿਉਂ-ਜਿਉਂ ਉਹ ਵੱਡਾ ਹੁੰਦਾ ਹੈ, ਉਹ ਆਪਣੇ ਮਾਤਾ-ਪਿਤਾ ਨਾਲ਼ ਉਨ੍ਹਾਂ ਦੀ ਧਾਰਮਿਕ ਸ਼ਰਧਾ ਅਨੁਸਾਰ ਮੰਦਰ, ਗੁਰਦੁਆਰੇ, ਮਸੀਤਾਂ, ਚਰਚ ਜਾਂ ਹੋਰ ਧਾਰਮਿਕ ਸਥਾਨਾਂ ’ਤੇ ਜਾਣ ਸਮੇਂ ਵੱਡਿਆਂ ਦੀ ਦੇਖਾ ਦੇਖੀ ਮੱਥੇ ਟੇਕਦਾ, ਨਮਾਜ਼ਾਂ ਪੜ੍ਹਦਾ, ਮੰਦਰਾਂ ਵਿੱਚ ਪੂਜਾ ਕਰਦਾ ਆਸਤਿਕਤਾ ਦੇ ਰਾਹ ਚੱਲਣ ਲੱਗ ਪੈਂਦਾ ਹੈ। ਹਰੇਕ ਧਰਮ ਨੂੰ ਮੰਨਣ ਵਾਲੇ ਮਾਤਾ-ਪਿਤਾ ਚਾਹੁੰਦੇ ਹਨ ਕਿ ਉਹਨਾਂ ਦਾ ਪੁੱਤਰ ਜਾਂ ਪੁੱਤਰੀ ਵੀ ਉਸੇ ਧਰਮ ਨੂੰ ਅਪਣਾਏ, ਜਿਸ ਨੂੰ ਉਨ੍ਹਾਂ ਨੇ ਅਪਣਾਇਆ ਹੈ। ਸਦੀਆਂ ਤੋਂ ਅਜਿਹਾ ਹੀ ਚੱਲਿਆ ਆ ਰਿਹਾ ਹੈ ਅਤੇ ਚਲਦਾ ਰਹੇਗਾ। ਆਸਤਿਕ ਲੋਕਾਂ ਦੇ ਵੱਖ-ਵੱਖ ਧਾਰਮਿਕ ਸਥਾਨ ਹਨ। ਜਿੱਥੇ ਉਹ ਸਮੇਂ-ਸਮੇਂ ’ਤੇ ਇਕੱਠੇ ਹੋ ਕੇ ਆਪਣੀ ਸ਼ਰਧਾ ਦਾ ਵਿਖਾਵਾ ਕਰਦੇ ਹਨ ਅਤੇ ਬੱਚੇ ਵੀ ਉਨ੍ਹਾਂ ਦੇ ਨਾਲ ਹੀ, ਜੋ ਕੁਝ ਬਚਪਨ ਤੋਂ ਵੇਖਦੇ ਹਨ, ਉਹੀ ਕੁੱਝ ਕਰਦੇ ਹਨ। ਪ੍ਰਮਾਤਮਾ (ਰੱਬ) ਪ੍ਰਤੀ ਸ਼ਰਧਾ ਉਨ੍ਹਾਂ ਦੇ ਮਨ ਵਿੱਚ ਕੁੱਟ ਕੁੱਟ ਕੇ ਭਰ ਦਿੱਤੀ ਜਾਂਦੀ ਹੈ। ਸੱਚ ਇਹ ਵੀ ਹੈ ਕਿ ਹਰੇਕ ਸ਼ਬਦ ਦਾ ਵਿਰੋਧੀ ਸ਼ਬਦ ਵੀ ਹੁੰਦਾ ਹੈ। ਆਸਤਿਕ ਦਾ ਵਿਰੋਧੀ ਸ਼ਬਦ ਹੈ, ਨਾਸਤਿਕ। ਕੁਦਰਤ ਵਿੱਚ ਕ੍ਰਿਆ ਅਤੇ ਪ੍ਰਤੀਕਿਰਿਆ ਜਾਂ ‘ਜਿਹੋ ਬੀਜੋਗੇ ਤੇਹਾ ਵੱਢੋਗੇ’ ਵਾਂਗ ਕੁਦਰਤੀ ਨਿਯਮ ਹਨ। ਆਸਤਿਕ ਲੋਕਾਂ ਦੇ ਮਨ ਵਿੱਚ ਰੱਬ ਦਾ ਡਰ ਐਨਾ ਭਾਰੂ ਹੁੰਦਾ ਹੈ ਕਿ ਉਹ ਇਸ ਦੇ ਵਿਰੁੱਧ ਬੋਲਣਾ ਤਾਂ ਇੱਕ ਪਾਸੇ, ਸੁਣਨਾ ਵੀ ਪਸੰਦ ਨਹੀਂ ਕਰਦੇ।

ਹਰੇਕ ਧਰਮ ਵਿੱਚ ਆਸਤਿਕ ਲੋਕਾਂ ਦੀ ਵੱਖਰੀ ਪਹਿਚਾਣ ਹੈ। ਪਰ ਨਾਸਤਿਕ ਲੋਕਾਂ ਕੋਲ ਅਜਿਹੀ ਕੋਈ ਥਾਂ ਨਹੀਂ, ਜਿੱਥੇ ਉਹ ਆਪਣੀ ਨਾਸਤਿਕਤਾ ਦਾ ਪ੍ਰਚਾਰ ਕਰ ਸਕਣ। ਉਹ ਸਿਰਫ਼ ਵਿਚਾਰਾਂ ਰਾਹੀਂ ਹੀ ਆਪਣੀ ਨਾਸਤਿਕਤਾ ਦਾ ਪ੍ਰਚਾਰ ਕਰਦੇ ਹਨ। ਹੁਣ ਤਰਕਸ਼ੀਲ ਸੁਸਾਇਟੀ ਦੇ ਰੂਪ ਵਿੱਚ ਕੁੱਝ-ਕੁੱਝ ਨਾਸਤਿਕਤਾ ਦਾ ਪ੍ਰਚਾਰ ਹੋ ਰਿਹਾ ਹੈ, ਪਰ ਉਹ ਵੀ ਆਟੇ ਵਿੱਚ ਲੂਣ ਦੇ ਬਰਾਬਰ ਹੈ, ਕਿਉਂਕਿ ਆਮ ਤਰਕਸ਼ੀਲ ਵੀ ਆਸਤਿਕਾਂ ਵਾਲੇ ਹੀ ਰਸ਼ਮੋ-ਰਿਵਾਜ਼ ਕਰਦੇ ਆਮ ਵੇਖੇ ਜਾ ਸਕਦੇ। ਖੈਰ ਗੱਲ ਹੋਰ ਪਾਸੇ ਜਾ ਰਹੀ ਹੈ। ਬਹੁਤ ਘੱਟ ਲੋਕ ਹਨ, ਜਿਹੜੇ ਰੱਬ ਨੂੰ ਨਹੀਂ ਮੰਨਦੇ ਉਹਨਾਂ ਵਿੱਚੋਂ ਇੱਕ ਮੈਂ ਵੀ ਹਾਂ ਜੋ ਨਾਸਤਿਕ ਤਾਂ ਹਾਂ। ਪਰ ਕਈ ਥਾਂ ਅਜਿਹੀਆਂ ਮਜ਼ਬੂਰੀਆਂ ਹਨ ਕਿ ਨਾ ਚਾਹੁੰਦੇ ਹੋਏ ਵੀ ਕੁੱਝ ਨਾ ਕੁੱਝ ਕਰਨਾ ਪੈਂਦਾ ਹੈ। ਜਿੱਥੋਂ ਤੱਕ ਮੇਰਾ ਵੱਸ ਚੱਲਦਾ ਹੈ, ਮੈਂ ਕੋਈ ਸਮਝੌਤਾ ਨਹੀਂ ਕਰਦਾ। ਮੇਰੀ ਕਹਾਣੀ




ਵੀ ਅਜੀਬ ਹੈ।

ਬਚਪਨ ਵਿੱਚ ਮੈਂ ਵੀ ਪਹਿਲਾਂ ਆਸਤਕ ਸੀ ਅਤੇ ਛੋਟੇ ਹੁੰਦਿਆਂ ਅਖੰਡ ਪਾਠਾਂ ਤੇ ਪੰਜ ਗ੍ਰੰਥੀ ਦੀਆਂ ਰੌਲਾਂ ਲਾਉਂਦਾ ਰਿਹਾ ਹਾਂ ਅਤੇ ਪੀਰਾਂ ਦੀ ਜਗ੍ਹਾ ’ਤੇ ਚਿਰਾਗ ਜਗਾਉਂਦਾ ਤੇ ਮੱਥੇ ਟੇਕਦਾ ਰਿਹਾ ਹਾਂ। ਬਾਲ ਮਨ ਸੀ ਅਤੇ ਸਮਾਜ ਵਿੱਚ ਰਹਿੰਦਿਆਂ ਵੱਡਿਆਂ ਵੱਲੋਂ ਸਦੀਆਂ ਤੋਂ ਚਲਦੀਆਂ ਜਾ ਰਹੀਆਂ ਰਹੁ ਰੀਤਾਂ ਨੂੰ ਮੰਨਦਾ ਸੀ। ਘਰ ਵਿੱਚ ਗਰੀਬੀ ਸੀ, ਅਨਪੜ੍ਹਤਾ ਸੀ ਅਤੇ ਡਾਕਟਰੀ ਇਲਾਜ ਮਹਿੰਗੇ ਸਨ। ਗਰੀਬੀ ਇਕੱਲੀ ਨਹੀਂ ਆਉਂਦੀ। ਇਹ ਆਪਣੇ ਨਾਲ ਕਲੇਸ਼, ਦੁੱਖ ਤੇ ਬਿਮਾਰੀਆਂ ਲੈ ਕੇ ਆਉਂਦੀ ਹੈ। ਮੇਰੀ ਵਿਆਹੀ ਹੋਈ ਵੱਡੀ ਭੈਣ ਬੀਮਾਰ ਹੋ ਗਈ। ਅੰਧ ਵਿਸ਼ਵਾਸਾਂ ਦੀ ਜਕੜ ’ਚ ਫਸੇ ਲੋਕਾਂ ਵਾਂਗ ਸਾਡਾ ਪਰਿਵਾਰ ਵੀ ਸਿਆਣਿਆਂ ਦੇ ਚੱਕਰਾਂ ’ਚ ਫਸ ਗਿਆ। ਕਈ ਸਿਆਣੇ ਜਦੋਂ ਘਰ ਆਉਂਦੇ ਤਾਂ ਉਨ੍ਹਾਂ ਦੀ ਕਾਫ਼ੀ ਆਓ ਭਗਤ ਹੁੰਦੀ। ਜਿਸ ਨੂੰ ਵੇਖ ਕੇ ਕਈ ਵਾਰ ਮਨ ਖਿੱਝ ਨਾਲ ਵੀ ਭਰ ਜਾਂਦਾ। ਪਰ 1968 ’ਚ 12 ਸਾਲ ਦੀ ਉਮਰ ਦਾ ਛੇਵੀਂ ’ਚ ਪੜ੍ਹਦਾ ਬਾਲਕ ਕੋਈ ਵੀ ਠੋਸ ਫੈਸਲਾ ਨਹੀਂ ਸੀ ਲੈ ਸਕਦਾ। ਅਖੀਰ ਨੂੰ ਓਹੀ ਹੋਇਆ, ਜੋ ਅੱਜ ਵੀ 2015 ਵਿੱਚ (47 ਸਾਲ ਬਾਅਦ) ਹੁੰਦਾ ਵੇਖਦੇ ਹਾਂ। ਅਖੌਤੀ ਸਿਆਣਿਆਂ ਦੇ ਚੱਕਰਾਂ ’ਚ ਫਸੇ ਪਰਿਵਾਰ ਦੀ ਵੱਡੀ ਧੀ (ਮੇਰੀ ਭੈਣ) ਅਕਾਲ ਚਲਾਣਾ ਕਰ ਗਈ। ਸਮਾਜ ਵਿੱਚ ਫੈਲੇ ਰੀਤੀ-ਰਿਵਾਜ਼ਾਂ ਅਨੁਸਾਰ ਵੱਡੀ ਭੈਣ ਦੀ ਅੰਤਿਮ ਅਰਦਾਸ ਲਈ ਘਰ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾਉਣਾ ਸੀ। ਘਰ ਵਿੱਚ ਜਵਾਨ ਧੀ ਦੀ ਮੌਤ ਦਾ ਮਾਤਮ ਛਾਇਆ ਹੋਣ ਦੇ ਬਾਵਜੂਦ ਵੀ ਕੱਚੇ ਘਰ ਨੂੰ ਲਿਪ ਪੋਚ ਕੇ ਸੰਵਾਰਿਆ ਗਿਆ ਅਤੇ ਘਰ ਵਿੱਚ ਪਏ ਬਾਗ ਅਤੇ ਫੁਲਕਾਰੀਆਂ ਨਾਲ ਕੱਚੀਆਂ ਕੰਧਾਂ ਨੂੰ ਢੱਕਿਆ ਗਿਆ। ਪਿਤਾ ਜੀ ਹੁੱਕਾ ਪੀਂਦੇ ਸਨ ਅਤੇ ਤੰਬਾਕੂ ਦੂਰ ਦੱਬਿਆ ਗਿਆ ਅਤੇ ਹੁੱਕਾ ਵੀ ਦੂਰ ਹੀ ਰੱਖਿਆ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਘਰ ਲਿਆਉਣੀ ਸੀ, ਉਸ ਸਮੇਂ ਗੁਰਦੁਵਾਰੇ ਦੇ ਗ੍ਰੰਥੀ ਉਥੇ ਨਹੀਂ ਸੀ, ਪਰ ਪੰਜ ਜਣੇ ਸਤਿਕਾਰ ਸਾਹਿਤ, ਬੀੜ ਘਰ ਲੈ ਆਏ। ਪਰ ਜਦੋਂ ਗ੍ਰੰਥੀ ਨੂੰ ਗ੍ਰੰਥ ਸਾਹਿਬ ਸਾਡੇ ਘਰ ਲਿਜਾਣ ਬਾਰੇ ਪਤਾ ਲੱਗਿਆ ਤਾਂ ਉਹ ਗੁੱਸੇ ਵਿੱਚ ਥਰਥਰਾਉਂਦਾ ਸਾਡੇ ਘਰ ਆਇਆ ਤੇ ਉਸਨੇ ਕਾਫ਼ੀ ਅਵਾ-ਤਵਾ ਬੋਲਿਆ। ਮੈਂ ਉਸ ਸਮੇਂ ਤਾਂ ਚੁੱਪ ਰਿਹਾ, ਪਰ ਬਾਲ ਮਨ ਸਭ ਕੁੱਝ ਵੇਖ ਕੇ ਉਦੋਂ ਤੋਂ ਹੀ ਆਕੀ ਹੋ ਗਿਆ। ਮੈਂ ਰੌਲਾ ਲਾਉਣੀਆਂ ਛੱਡ ਦਿੱਤੀਆਂ। ਸਿਆਣਿਆਂ ਬਾਰੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਜੇਕਰ ਕੋਈ ਸਿਆਣਾ ਘਰ ਆਇਆ ਤਾਂ ਮੈਂ ਉਸ ਦੀਆਂ ਲੱਤਾਂ ਤੱਕ ਤੋੜ ਦਿਆਂਗਾ। ਫਿਰ ਆਈ. ਟੀ. ਆਈ. ਮੋਗੇ ਕੋਰਸ ਕਰਨ ਸਮੇਂ, ਮੈਨੂੰ ਪੰਜਾਬ ਸਟੂਡੈਂਟ ਯੂਨੀਅਨ ’ਚ ਕੰਮ ਕਰਨ ਦਾ ਮੌਕਾ ਮਿਲਿਆ। ਉਦੋਂ ਤੱਕ ਮੈਂ 17 ਸਾਲ ਦਾ ਹੋ ਚੁੱਕਿਆ ਸੀ ਅਤੇ ਇਨਕਲਾਬੀ ਸਾਹਿਤ ਪੜ੍ਹਨ ਨਾਲ ਸੋਝੀ ਆਈ ਕਿ ਸੰਸਾਰ ਵਿੱਚ ਕੀ ਕੁੱਝ ਹੋ ਰਿਹਾ ਹੈ। ਮੈਂ ਪੂਰੀ ਤਰ੍ਹਾਂ ਨਾਲ ਨਾਸਤਿਕ ਬਣ ਗਿਆ ਸੀ। ਗਰੀਬੀ ਨੂੰ ਲਿਤਾੜਦਾ ਆਪਣੇ ਬਲਬੂਤੇ ’ਤੇ ਉੱਚੀਆਂ ਮੰਜ਼ਿਲਾਂ ਛੂਹਣ ਲਈ 1978 ਵਿੱਚ ਜੇ. ਬੀ. ਟੀ. ਅਧਿਆਪਕ ਦੀ ਨੌਕਰੀ ਕਰ ਲਈ ਅਤੇ 1984 ’ਚ ਮਾਤਾ ਜੀ ਦੀ ਮੌਤ ’ਤੇ ਅਸੀਂ ਪਾਠ ਨਹੀਂ ਕਰਾਇਆ। ਅਤੇ ਨਾ ਹੀ ਮੈਂ ਵਿਆਹ ਸਮੇਂ ਕਿਸੇ ਥਾਂ ਗੁਰਦਵਾਰੇ ਮੱਥਾ ਟੇਕਣ ਗਿਆ। ਜਿੱਥੋਂ ਤੱਕ ਮੇਰਾ ਵਸ ਚੱਲਦਾ ਹੈ, ਮੈਂ ਕਰ ਰਿਹਾ ਹਾਂ। ਝੁੱਲਦੇ ਝੱਖੜਾਂ ਦੀ ਉਲਟ ਦਿਸ਼ਾਵਾਂ ਵਿੱਚ ਚੱਲਣਾ ਅਤੇ ਵਹਿੰਦੇ ਦਰਿਆਵਾਂ ਦੀਆਂ ਲਹਿਰਾਂ ਦੇ ਉਲਟ ਤੈਰਨਾ ਮੈਂ ਆਪਣੀ ਜ਼ਿੰਦਗੀ ਦਾ ਮੁੱਖ ਨਿਸ਼ਾਨਾ ਬਣਾਇਆ ਹੋਇਆ ਹੈ। ਪੂਰੇ 45 ਸਾਲਾਂ ਤੋਂ ਰੱਬ ਦਾ ਸ਼ਰੀਕ ਬਣ ਕੇ ਜ਼ਿੰਦਗੀ ਜਿਉਂ ਰਿਹਾ ਹਾਂ। ਜ਼ਿੰਦਗੀ ਵਿੱਚ ਘਟਨਾਵਾਂ-ਦੁਰਘਟਨਾਵਾਂ ਹਰੇਕ ਦੇ ਹਿੱਸੇ ਆਉਂਦੀਆਂ ਹਨ, ਚਾਹੇ ਉਹ ਆਸਤਿਕ ਹੋਣ ਜਾਂ ਨਾਸਤਿਕ ਹੋਣ, ਪਰ ਜਦੋਂ ਕੋਈ ਘਟਨਾ ਕਿਸੇ ਨਾਸਤਿਕ ਨਾਲ ਵਾਪਰ ਜਾਂਦੀ ਹੈ ਤਾਂ ਅਫਵਾਹਾਂ ਦਾ ਦੌਰ ਗਰਮ ਹੋ ਜਾਦਾ ਹੈ ਤੇ ਇਹੋ ਕਿਹਾ ਜਾਂਦਾ ਹੈ ਕਿ ਉਸ ਨਾਲ ਤਾਂ ਹੀ ਇਸ ਤਰ੍ਹਾਂ ਹੋਇਆ ਹੈ, ਕਿਉਂਕਿ ਉਹ ਰੱਬ ਨੂੰ ਨਹੀਂ ਮੰਨਦਾ। ਪਰ ਸੱਚ ਸਾਡੇ ਸਭ ਦੇ ਸਾਹਮਣੇ ਹੈ। ਉਤਰਾਖੰਡ ਦੇ ਪੰਜ ਧਾਮਾਂ ਦੀ ਯਾਤਰਾ ਤੇ ਗਏ ਆਸਤਿਕਾਂ ਦੀ ਹੋਣੀ ਕਿਸ ਤੋਂ ਲੁਕੀ ਹੈ। ਇਕ ਗੱਲ ਸੱਚ ਹੈ ਕਿ ਨਾਸਤਿਕਾਂ ਵਿੱਚ ਅਲੌਕਿਕ ਸ਼ਕਤੀ ਹੁੰਦੀ ਹੈ। ਉਹ ਜ਼ਿੰਦਗੀ ਜਿਉਣ ਲਈ ਨਾ ਅਰਦਾਸਾਂ ਕਰਦੇ ਹਨ ਅਤੇ ਨਾ ਹੀ ਰੱਬ ਤੋਂ ਭੀਖ ਮੰਗਦੇ ਹਨ। ਉਹ ਆਪਣੀ ਮਰਜੀ ਨਾਲ ਜ਼ਿੰਦਗੀ ਜਿਉਂਦੇ ਹਨ ਤੇ ਮਰਦੇ ਹਨ। ਜ਼ਿੰਦਗੀ ’ਚ ਜਿੰਨੇ ਮਰਜ਼ੀ ਮਾੜੇ ਦਿਨ ਆਉਣ, ਉਹ ਮੇਰਾ ਕੁੱਝ ਨਹੀਂ ਵਿਗਾੜ ਸਕਣਗੇ। ਮੈਂ ਚੰਗੇ ਦਿਨਾਂ ਦੀ ਭਾਲ ’ਚ ਭਟਕਾਂਗਾ ਨਹੀਂ। ਆਪਣੀ ਨੇਕ ਸੋਚਣੀ ਅਤੇ ਨੇਕ ਕੰਮਾਂ ਕਰਕੇ ਚੰਗੇ ਦਿਨ ਖੁਦ ਮੇਰੇ ਕੋਲ ਆਉਣਗੇ। ਇਸ ਵਿੱਚ ਨਾ ਕੋਈ ਰੱਬ ਅੜਿਕਾ ਪਾ ਸਕੇਗਾ, ਨਾ ਹੀ ਮੈਂ ਹੀ ਉਸ ਨੂੰ ਪਾਉਣ ਦੇਵਾਂਗਾ।

**- ਸੁਖਮਿੰਦਰ ਬਾਗ਼ੀ**

ਮੋਬਾ : 94173-94805

# ਵਿਗਿਆਨਕ ਖ਼ਬਰਾਂ

### ✪ ਲੋਕਾਂ ਲਈ ਛੇਤੀ ਹੀ ਵਰਦਾਨ ਬਣਨਗੇ ਪ੍ਰਯੋਗਸ਼ਾਲਾ ਵਿਚ ਬਣੇ ਮਨੁੱਖੀ ਅੰਗ

ਅਮਰੀਕਾ ਵਿਚ ਵਿਗਿਆਨੀ ਮਕਾਕ, ਬਾਂਦਰ ਲਈ ਦੁਨੀਆ ਦਾ ਪਹਿਲਾ ਜੈਵਿਕ ਅੰਗ (ਬਾਇਓਲੋਜੀਕਲ ਆਰਗਨ) ਬਣਾਉਣ ਦਾ



ਯਤਨ ਕਰ ਰਹੇ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਇਸ ਵਿਧੀ ਨੂੰ ਛੇਤੀ ਹੀ ਇਨਸਾਨਾਂ ਲਈ ਵਰਤਿਆ ਜਾ ਸਕੇਗਾ। ਬੋਸਟਨ ਵਿਚ ਇਸ ਕੰਮ ਵਿਚ ਜੁਟੇ ਆਸਟਰੀਆਈ ਮੂਲ ਦੇ ਵਿਗਿਆਨੀ ਹੇਰਾਲਡ ਆਟ ਇਸ ਤੋਂ ਪਹਿਲਾਂ ਲੈਬ ਵਿਚ ਚੂਹੇ ’ਤੇ ਇਹ ਪ੍ਰਯੋਗ ਕਰ ਚੁੱਕੇ ਹਨ। ਮੈਸਾਚਿਊਸੈਟਸ ਜਨਰਲ ਹਸਪਤਾਲ ਸਥਿਤ ਆਟ ਦੀ ਲੈਬ ਵਿਚ ਦਿਲ ਅਤੇ ਗੁਰਦਿਆਂ ਸਣੇ ਕਈ ਅੰਗ ਬਣਾਏ ਜਾ ਚੁੱਕੇ ਹਨ, ਪਰ ਕਈ ਮਾਸਪੇਸ਼ੀਆਂ, ਸੈੱਲ ਅਤੇ ਨਾੜਾਂ ਦੀਆਂ ਪਰਤਾਂ ਵਾਲੇ ਬਾਹਰੀ ਅੰਗ ਬਣਾਉਣਾ ਗੁੰਝਲਦਾਰ ਪ੍ਰਕਿਰਿਆ ਹੈ। ਆਟ ਨੇ ਮਿਨੇਸੋਟਾ ਯੂਨੀਵਰਸਿਟੀ ਵਿਚ ਇਹ ਤਕਨੀਕ ਵਿਕਸਿਤ ਕੀਤੀ ਸੀ। ਇਸ ਵਿਧੀ ਵਿਚ ਇਕ ਸਰੀਰਦਾਨੀ ਦੇ ਸਾਰੇ ਅੰਗਾਂ ਦੇ ਸੈੱਲਾਂ ਨੂੰ ਸ਼ਕਤੀਸ਼ਾਲੀ ਰਸਾਇਣਾਂ ਨਾਲ ਵੱਖ ਕਰ ਦਿੱਤਾ ਜਾਂਦਾ ਹੈ। ਲੈਬ ਦੀ ਪ੍ਰਬੰਧਕ ਲਿਜਾ ਫਿਟਜ਼ਗੈਰਾਲਡ ਅਨੁਸਾਰ, ‘ਕੋਸ਼ਕਾਵਾਂ ਦੇ ਅੰਗਾਂ ਵਿਚ ਪਹੁੰਚਣ ਮਗਰੋਂ ਇਹ ਉਥੇ ਘਰ ਬਣਾਉਂਦੀਆਂ ਹਨ ਅਤੇ ਅਪਣੇ ਗੁਆਂਢੀਆਂ ਨੂੰ ਖੋਜ ਕੇ ਉਨ੍ਹਾਂ ਨਾਲ ਜੁੜ ਜਾਂਦੀਆਂ ਹਨ। ਉਨ੍ਹਾਂ ਦਾ ਵਾਧਾ ਹੁੰਦਾ ਹੈ।’ ਇਹ ਪ੍ਰਕਿਰਿਆ ਇਕ ਬਾਇਓਰੀਐਕਟਰ ਦੇ ਅੰਦਰ ਹੁੰਦੀ ਹੈ, ਜਿਸ ਵਿਚ ਆਕਾਰ ਲੈਣ ਵਾਲੇ ਅੰਗ ਨੂੰ ਜ਼ਰੂਰੀ ਪੋਸ਼ਕ ਤੱਤ, ਆਕਸੀਜਨ ਅਤੇ ਊਰਜਾ ਮਿਲਦੀ ਹੈ।

### ✪ ਬਲਾਤਕਾਰ ਦੇ ਮਾਮਲੇ ਵਿਚ 34 ਸਾਲ ਦੀ ਸਜ਼ਾ ਭੁਗਤੀ, ਡੀ.ਐਨ.ਏ. ਟੈਸਟ ਵਿਚ ਨਿਕਲਿਆ ਬੇਕਸੂਰ

ਲੁਈਸ ਫ਼ਾਗਲ ਨੂੰ 1976 ਵਿਚ 15 ਸਾਲਾ ਲੜਕੀ ਨਾਲ ਬਲਾਤਕਾਰ ਕਰਨ ਅਤੇ ਉਸ ਦਾ ਕਤਲ ਕਰਨ ਦੇ ਅਪਰਾਧ ਵਿਚ 1982 ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੇ ਇਸ ਅਪਰਾਧ ਲਈ 34 ਸਾਲ ਦੀ ਸਜ਼ਾ ਵੀ ਭੁਗਤੀ। ਪਰ ਹੁਣ ਨਵੇਂ ਡੀ.ਐਨ.ਏ. ਟੈਸਟ ਤੋਂ ਪਤਾ ਚੱਲਿਆ ਕਿ ਉਹ ਬੇਕਸੂਰ ਸੀ। ਪੈਨਸਵੇਨੀਆ ਦੇ ਰਹਿਣ ਵਾਲੇ ਲੁਈਸ ਨੂੰ ਡੀ.ਐਨ. ਲਾਂਗ ਦੇ ਬਲਾਤਕਾਰ ਅਤੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ ਉਮਰ ਕੈਦੀ ਦੀ ਸਜ਼ਾ ਸੁਣਾਈ ਗਈ ਸੀ। ਪਰ ਉਹ ਸ਼ੁਰੂ ਤੋਂ ਹੀ ਖੁਦ ਨੂੰ ਬੇਕਸੂਰ ਦੱਸ ਰਹੇ ਸਨ। ਲੁਈਸ ਦੇ ਕੇਸ ਨੂੰ ਇੰਨੋਸੈਂਸ ਪ੍ਰੋਜੈਕਟ ਤਹਿਤ ਉਠਾਇਆ ਗਿਆ ਸੀ, ਜਿਸ ਵਿਚ ਪੁਲਿਸ ਨੂੰ ਪੁਰਾਣੇ ਭੌਤਿਕ ਸਬੂਤਾਂ ਨੂੰ ਖੋਜਣ ਅਤੇ ਉਨ੍ਹਾਂ ਦਾ ਮੁੜ ਤੋਂ ਪ੍ਰੀਖਣ ਕਰ ਕੇ ਸੱਚਾਈ ਪਤਾ ਕਰਨ ਲਈ ਕਿਹਾ ਗਿਆ। ਇਸ ਸਾਲ ਦੀ ਸ਼ੁਰੂਆਤ ਵਿਚ ਮਾਹਰਾਂ ਨੇ 39 ਸਾਲ ਪੁਰਾਣੇ ਸਬੂਤਾਂ ਤੋਂ ਸ਼ੁਕਰਾਣੂ (ਸਪਰਮ) ਵੱਖਰੇ ਕੀਤੇ। ਸਪਰਮ ਦਾ ਡੀ.ਐਨ.ਏ. ਟੈਸਟ ਕੀਤਾ ਗਿਆ, ਜੋ ਸਾਲ 1982 ਵਿਚ ਸੰਭਵ ਨਹੀਂ ਸੀ। ਪ੍ਰੀਖਣ ਵਿਚ ਪਤਾ ਚੱਲਿਆ ਕਿ ਪੀੜਤ ਦੇ ਅੰਦਰੋਂ ਮਿਲੇ ਸਪਰਮ ਲੁਈਸ ਦੇ ਨਹੀਂ ਸਨ। ਹਾਲਾਂਕਿ, ਜ਼ਿਲ੍ਹਾ ਅਟਾਰਨੀ ਪੈਟਰਿਕ ਡਾਗਰਥੀ ਅਜੇ ਵੀ ਮੰਨਦੇ ਹਨ ਕਿ ਅਪਰਾਧ ਵਿਚ ਕਿਤੇ ਨਾ ਕਿਤੇ ਲੁਈਸ ਸ਼ਾਮਲ ਸੀ।

### ✪ ਸਿਗਰਟ ਤੋਂ ਵੱਧ ਖ਼ਤਰਨਾਕ ਹੈ ਅਗਰਬੱਤੀ ਦਾ ਧੂੰਆਂ ਧੂਫ਼ਬੱਤੀ ਦੇ ਧੂੰਏਂ ਨਾਲ ਹੋ ਸਕਦੇ ਹਨ ਕੈਂਸਰ ਅਤੇ ਬ੍ਰੇਨ ਟਿਊਮਰ



ਇਹ ਤਾਂ ਹਰ ਕੋਈ ਜਾਣਦਾ ਹੈ ਕਿ ਸਿਗਰਟ ਦਾ ਧੂੰਆਂ ਸਿਹਤ ਲਈ ਹਾਨੀਕਾਰਕ, ਪਰ ਜਿੰਨ੍ਹਾਂ ਖ਼ਤਰਨਾਕ ਸਿਗਰਟ ਦਾ ਧੂੰਆਂ ਹੁੰਦਾ ਹੈ, ਉਸ ਤੋਂ ਕਿਤੇ ਵੱਧ ਅਗਰਬੱਤੀ ਦਾ ਧੂੰਆਂ ਹੈ। ਸੁਗੰਧੀ ਵਾਲੀਆਂ ਅਗਰਬੱਤੀਆਂ ਅਤੇ ਧੂਫ਼ਬੱਤੀਆਂ ਵਿਚੋਂ ਨਿਕਲਣ ਵਾਲਾ ਧੂੰਆਂ ਸਰੀਰ ਦੀਆਂ ਕੋਸ਼ਿਕਾਵਾਂ ਲਈ ਸਿਗਰਟ ਦੇ ਧੂੰਏਂ ਤੋਂ ਵੀ ਵੱਧ ਖ਼ਤਰਨਾਕ ਹੁੰਦਾ ਹੈ। ਖੋਜਾਰਥੀਆਂ ਨੇ ਸਿਗਰਟ ਦੇ ਧੂੰਏਂ ਦੀ ਅਗਰਬੱਤੀ ਦੇ ਧੂੰਏ ਨਾਲ ਤੁਲਨਾ ਕੀਤੀ ਅਤੇ ਵੇਖਿਆ ਕਿ ਅਗਰਬੱਤੀ ਦਾ ਧੂੰਆਂ ਕੋਸ਼ਿਕਾਵਾਂ ਵਿਚ ਜੈਨੇਟਿਕ ਮਿਊਟੇਸ਼ਨ ਕਰਦਾ ਹੈ। ਇਸ ਨਾਲ ਕੋਸ਼ਿਕਾਵਾਂ ਦੇ ਡੀ.ਐਨ.ਏ. ਵਿਚ ਬਦਲਾਅ ਹੁੰਦਾ ਹੈ, ਜਿਸ ਕਾਰਨ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਮਾਹਰਾਂ ਨੂੰ ਉਮੀਦ ਹੈ ਕਿ ਇਸ ਅਧਿਐਨ ਮਗਰੋਂ ਧੂਫ਼ ਉਤਪਾਦਾਂ ਦਾ ਮੁਲੰਕਣ ਕੀਤਾ ਜਾਵੇਗਾ।

ਬ੍ਰਿਟਿਸ਼ ਲੰਗ ਫ਼ਾਉਂਡੇਸ਼ਨ ਦੇ ਮੈਡੀਕਲ ਐਡਵਾਈਜ਼ਰ ਡਾਕਟਰ ਨਿਕ ਰਾਬਿਨਸਨ ਨੇ ਅਧਿਐਨ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਧੂਫ਼ ਦੇ ਧੂੰਏਂ ਸਣੇ ਕਈ ਤਰ੍ਹਾਂ ਦੇ ਧੂੰਏਂ ਜ਼ਹਿਰੀਲੇ ਹੋ ਸਕਦੇ ਹਨ। ਹਾਲਾਂਕਿ, ਉਨ੍ਹਾਂ ਦੱਸਿਆ ਕਿ ਖੋਜ ਛੋਟੇ ਆਕਾਰ ਵਿਚ ਚੂਹਿਆਂ ’ਤੇ ਕੀਤੀ ਗਈ ਸੀ।

ਸਾਊਥ ਚਾਈਨਾ ਯੂਨੀਵਰਸਿਟੀ ਆਫ਼ ਟੈਕਨਾਲੋਜੀ ਦੇ ਡਾਕਟਰ ਰਾਗ ਝੋਉ ਦੀ ਅਗਵਾਈ ਵਿਚ ਖੋਜਕਰਤਾਵਾਂ ਨੇ ਅਗਰਬੱਤੀ ਅਤੇ ਸਿਗਰਟ ਦੇ ਧੂੰਏਂ ਦਾ ਇਨਸਾਨੀ ਕੋਸ਼ਿਕਾਵਾਂ ’ਤੇ ਪੈਣ ਵਾਲੇ ਅਸਰ ਦਾ ਪ੍ਰੀਖਣ ਕਰਨ ਦਾ ਫ਼ੈਸਲਾ ਕੀਤਾ। ਇਸ ਦੇ ਲਈ ਉਨ੍ਹਾਂ ਨੇ ਘਰਾਂ ਵਿਚ ਲਗਾਈਆਂ ਜਾਣ ਵਾਲੀਆਂ ਦੋ ਤਰ੍ਹਾਂ ਦੀ ਅਗਰਵੁੱਡ ਅਤੇ ਸੈਂਡਲਵੁੱਡ ਯੁਕਤ ਧੂਫ਼ ਦਾ ਪ੍ਰੀਖਣ ਕੀਤਾ। ਬਾਂਸ ਤੋਂ ਬਣੀ ਅਗਰਬੱਤੀ ਜਲਣ ਮਗਰੋਂ ਹਵਾ ਵਿਚ ਪਾਰਟੀਕਲਜ਼ ਛੱਡਦੀ ਹੈ, ਜੋ ਸਾਂਹ ਨਾਲ ਫੇਫੜਿਆਂ ਵਿਚ ਜਾ ਕੇ ਅਟਕ ਜਾਂਦੇ ਹਨ। ਅਗਰਬੱਤੀ ਅਤੇ ਧੂਫ਼ਬੱਤੀ ਨਾਲ ਫੇਫੜਿਆਂ ਦਾ ਕੈਂਸਰ, ਬ੍ਰੇਨ ਟਿਊਮਰ ਅਤੇ ਬੱਚਿਆਂ ਦੇ ਲਿਊਕੇਮੀਆਂ ਦੇ ਵਿਕਾਸ ਨਾਲ ਜੋੜਿਆ ਜਾ ਰਿਹਾ ਹੈ। ਖੋਜਾਂ ਦੇ ਨਤੀਜਿਆਂ ਦੇ ਆਧਾਰ ’ਤੇ ਫੇਫੜਿਆਂ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਲਈ ਚੰਗਾ ਹੋਵੇਗਾ ਕਿ ਉਹ ਇਸ ਧੂੰਏਂ ਤੋਂ ਬਚਣ।

### ✪ 65 ਸਾਲ ਦੀ ਔਰਤ ਨੇ ਇਕੋ ਵੇਲੇ ਦਿੱਤਾ 4 ਬੱਚਿਆਂ ਨੂੰ ਜਨਮ

ਜਰਮਨੀ ਦੀ ਰਾਜਧਾਨੀ ਬਰਲਿਨ ਵਿਚ 65 ਸਾਲ ਦੀ ਸੇਵਾਮੁਕਤ ਮਹਿਲਾ ਅਧਿਆਪਕ ਨੇ ਇਕੋ ਵੇਲੇ ਚਾਰ ਬੱਚਿਆਂ ਨੂੰ ਜਨਮ ਦਿੱਤਾ ਹੈ। ਮਹਿਲਾ ਦਾ ਨਾਮ ਅਨਗ੍ਰੇਟ ਰਾਨਿਕ ਹੈ। ਇਨ੍ਹਾਂ

ਬੱਚਿਆਂ ਨੂੰ ਜਨਮ ਦੇਣ ਦੇ ਨਾਲ ਹੀ ਅਨਗ੍ਰੇਟ ਅਜਿਹਾ ਕਰਨ ਵਾਲੀ ਦੁਨੀਆਂ ਦੀ ਸਭ ਤੋਂ ਬਜ਼ੁਰਗ ਔਰਤ ਬਣ ਗਈ ਹੈ। ਮਈ ਮਹੀਨੇ ਵਿਚ ਜਨਮੇ ਇਹ ਬੱਚੇ ਅੱਜ ਵੀ ਬਰਲਿਨ ਦੇ ਹਸਪਤਾਲ ਵਿਚ ਭਰਤੀ ਹਨ। ਇਨ੍ਹਾਂ ਬੱਚਿਆਂ ਦੇ ਨਾਲ ਹੀ ਉਨ੍ਹਾ ਦੇ ਕੁੱਲ 17 ਬੱਚੇ ਹੋ ਗਏ, ਜੋ ਪੰਜ ਵੱਖ-ਵੱਖ ਪਿਤਾ ਦੀਆਂ ਸੰਤਾਨਾਂ ਹਨ। ਇਨ੍ਹਾਂ ਵਿਚੋਂ 13ਵੀਂ ਸੰਤਾਨ ਨੂੰ ਅਨਗ੍ਰੇਟ ਨੇ ਆਈ.ਵੀ.ਐਫ. (ਇਨ ਵਿਟਰੋ ਫ਼ਰਟੀਲਾਈਜੇਸ਼ਨ) ਤਕਨੀਕ ਨਾਲ ਜਨਮ ਦਿੱਤਾ ਸੀ।

## ✪ ਲੈਬ ਵਿਚ ਮੈਮਥ ਦਾ ਕਲੋਨ ਬਣਾਉਣ ’ਤੇ ਅਧਿਐਨ



ਰੂਸ ਨੇ ਸਾਈਬੇਰੀਆਈ ਖੇਤਰ ਵਿਚ ਇਕ ਲੈਬ ਸ਼ੁਰੂ ਕੀਤੀ ਹੈ, ਜਿਸ ਵਿਚ ਮੈਮਥ ਦੇ ਅਵਸ਼ੇਸ਼ਾਂ ਤੋਂ ਪ੍ਰਾਪਤ ਡੀ.ਐਨ.ਏ. ਨਾਲ ਉਸ ਦਾ ਕਲੋਨ ਤਿਆਰ ਕਰਨ ’ਤੇ ਅਧਿਐਨ ਕੀਤਾ ਜਾਵੇਗਾ। ਇਸ ਵਿਚ ਦੁਨੀਆਂ ਦੇ ਸਰਵੋਤਮ ਵਿਗਿਆਨੀ ਸ਼ਾਮਲ ਹੋ ਰਹੇ ਹਨ। ਇਹ ਲੈਬ ਦੁਨੀਆਂ ਦੇ ਬੇਹੱਦ ਬਰਫ਼ੀਲੇ ਰਿਹਾਇਸ਼ੀ ਖੇਤਰ ‘ਯਾਕੁਤਸਿਕ’ ਵਿਚ ਸ਼ੁਰੂ ਕੀਤੀ ਗਈ ਹੈ। ਉਥੋਂ ਦੀ ਨਾਰਥ-ਈਸਟਰਨ ਫ਼ੈਡਰਲ ਯੂਨੀਵਰਸਿਟੀ ਵਿਚ ਮੈਮਥ ਮਿਊਜ਼ੀਅਮ ਦੇ ਡਾਇਰੈਕਟਰ ਸੀਮੇਨ ਗ੍ਰਿਗੋਰਯੇਵ ਨੇ ਉਮੀਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਡੀ.ਐਨ.ਏ. ਦੇ ਜਿੰਦਾ ਸੈੱਲਾਂ ਨਾਲ ਕਲੋਨਿੰਗ ਦੀਆਂ ਸੰਭਾਵਨਾਵਾਂ ’ਤੇ ਅਧਿਐਨ ਕਰਨਗੇ। ਇਸ ਵਿਚ ਸਾਡੀ ਪਹਿਲ ਇਹ ਰਹੇਗੀ ਕਿ ਕੀ ਅਸੀਂ ਉਸ ਨੂੰ ਵਾਪਸ ਲਿਆ ਸਕਦੇ ਹਾਂ ਜਾਂ ਨਹੀਂ। ਇਸ ਕੰਮ ਵਿਚ ਬੀਜਿੰਗ ਇੰਸਟੀਟਿਊਟ ਆਫ਼ ਜਿਨਾਮਿਕਸ ਅਤੇ ਦੱਖਣੀ ਕੋਰੀਆ ਦੀ ਸੋਆਮ ਬਾਇਓਟੈੱਕ ਕੰਪਨੀ ਸਹਿਯੋਗ ਕਰੇਗੀ। ਇਨ੍ਹਾਂ ਨੇ ਦੁਨੀਆਂ ਨੂੰ ਕੁੱਤੇ ਦੀ ਕਲੋਨਿੰਗ ਬਾਰੇ ਦੱਸਿਆ ਸੀ।

ਇਹ ਜਾਣਕਾਰੀ ਸਾਹਮਣੇ ਆਉਂਦਿਆਂ ਹੀ ਰੂਸ ਦੇ ਸੋਸ਼ਲ ਮੀਡੀਆ ਯੂਜ਼ਰਜ਼ ਵਿਚ ਉਤਸ਼ਾਹ ਵਧ ਗਿਆ ਹੈ। ਇਹ ਸਵਾਲ ਪ੍ਰਮੁੱਖਤਾ ਨਾਲ ਉੱਠ ਰਿਹਾ ਹੈ ਕਿ ਕੀ ਸੱਚੀਉਂ ਇਸ ਯੁੱਗ ਵਿਚ ਮੈਮਥ ਦੀ ਵਾਪਸੀ ਹੋ ਸਕਦੀ ਹੈ। ਉਥੇ ਕੁੱਝ ਲੋਕ ਕਹਿੰਦੇ ਹਨ ਕਿ ਇਨ੍ਹਾਂ ਵਿਗਿਆਨੀਆਂ ਨੂੰ ਇਸ ਸਮੇਂ ਅਲੋਪ ਹੋ ਰਹੇ ਜੀਵਾਂ ਦੀਆਂ ਪ੍ਰਜਾਤੀਆਂ ਬਚਾਉਣ ਵਿਚ ਮਦਦ ਕਰਨੀ ਚਾਹੀਦੀ ਹੈ। ਬਜਾਏ ਇਸ ਦੇ ਕਿ ਹਜ਼ਾਰਾਂ ਸਾਲ ਪਹਿਲਾਂ ਲੁਪਤ ਹੋ ਚੁੱਕੇ ਵੱਡ-ਆਕਾਰੀ ਜੀਵਾਂ ਨੂੰ ਵਾਪਸ ਲਿਆਉਣ ਦੇ।

ਇਹ ਲੈਬ ਸਾਈਬੇਰੀਆ ਵਿਚ ਇਸ ਲਈ ਸ਼ੁਰੂ ਕੀਤੀ ਗਈ, ਕਿਉਂਕਿ ਉਥੋਂ ਦੇ ਟੁੰਡਰਾ ਪ੍ਰਾਂਤ ਵਿਚ ਬਰਫ਼ ਵਿਚ ਦੱਬੇ ਵੱਡ-ਆਕਾਰੀ ਹਾਥੀ (ਮੈਮਥ) ਦੇ ਅਵਸ਼ੇਸ਼ ਮਿਲੇ ਸਨ। ਬਰਫ਼ ਹੋਣ ਕਾਰਨ ਉਸ ਦਾ ਪੂਰਾ ਸਰੀਰ ਸੁਰੱਖਿਅਤ ਸੀ। ਅਨੁਮਾਨ ਹੈ ਕਿ ਹਿਮ ਯੁੱਗ ਦੇ ਅਖ਼ੀਰ ਤਕ ਸਾਈਬੇਰੀਆ ਵਿਚ ਇਹ ਜੀਵ ਜਿਉਂਦਾ ਰਿਹਾ ਹੋਵੇਗਾ। ‘ਊਰਜਾ ਵਿਭਾਗ’ ਤਿਆਰ ਕਰ ਰਹੀ ਹੈ ਦੁਨੀਆਂ ਦਾ ਸਭ ਤੋਂ ਵੱਡਾ ਕੈਮਰਾ

3.2 ਗੀਗਾਪਿਕਸਲ ਵਿਚ ਕੈਦ ਹੋ ਜਾਵੇਗਾ 40 ਚੰਨਾਂ ਜਿਨ੍ਹਾਂ ਆਕਾਸ਼

ਵਿਗਿਆਨੀਆਂ ਨੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਡਿਜੀਟਲ ਕੈਮਰੇ ਦਾ ਡਿਜ਼ਾਈਨ ਤਿਆਰ ਕੀਤਾ ਹੈ। ਇਸ ਦੀ ਅਸੈਂਬਲਿੰਗ ਵੀ ਸ਼ੁਰੂ ਕਰ ਦਿਤੀ ਗਈ ਹੈ। ਇਹ ਕੈਮਰਾ 3.2 ਗੀਗਾਪਿਕਸਲ ਕੁਆਲਟੀ ਦੀਆਂ ਤਸਵੀਰਾਂ ਖਿਚ ਸਕਦਾ ਹੈ। ਇਸ ਦਾ ਵਜ਼ਨ ਤਿੰਨ ਟਨ ਹੈ। ਹੁਣ ਤਕ ਦੇ ਸੱਭ ਤੋਂ ਵੱਡੇ ਇਸ ਕੈਮਰੇ ਨੂੰ ਲਾਰਜ ਸਿਨੋਪਟਿਕ ਸਰਵੇ ਟੈਲੀਸਕੋਪ ਵਿਚ ਲਗਾਇਆ ਜਾਵੇਗਾ। ਇਸ ਦੀਆਂ ਖ਼ਾਸੀਅਤਾਂ ਕਾਰਨ ਹੀ ਕੈਮਰੇ ਨੂੰ ਐਲ.ਐਸ.ਐਸ.ਟੀ. ਦਾ ਦਿਲ ਕਿਹਾ ਜਾ ਰਿਹਾ ਹੈ। ਇਸ ਨਾਲ ਕਲਿੱਕ ਕੀਤੀ ਗਈ ਇਕ ਤਸਵੀਰ ਨੂੰ ਵੇਖਣ ਲਈ 1500 ਹਾਈ ਡੈਫ਼ੀਨੇਸ਼ਨ (ਐਚ.ਡੀ.) ਟੀ.ਵੀ. ਸੈੱਟਜ਼ ਦੀ ਲੋੜ ਪਵੇਗੀ।

ਐਲ.ਐਸ.ਐਸ.ਟੀ. ਟੈਲੀਸਕੋਪ ਦਾ ਨਿਰਮਾਣ 2000 ਵਰਗ ਫ਼ੁੱਟ ਵਿੱਚ ਹੋ ਰਿਹਾ ਹੈ, ਜਿਸ ਦੀ ਉਚਾਈ 2 ਮੰਜ਼ਿਲਾ ਭਵਨ ਦੇ ਬਰਾਬਰ ਰਹੇਗੀ। ਇਹ ਚਿੱਲੀ ਦੇ ਕੇਰੋ ਪੈਕਨ ਪਹਾੜੀਆਂ ’ਤੇ ਸਥਾਪਤ ਕੀਤਾ ਜਾ ਰਿਹਾ ਹੈ, ਜਿਥੋਂ ਦੱਖਣੀ ਆਕਾਸ਼ ’ਤੇ ਨਜ਼ਰ ਰੱਖੀ ਜਾਵੇਗੀ। ਇਹ ਸਾਲ 2022 ਤੋਂ ਕੰਮ ਸ਼ੁਰੂ ਕਰ ਦੇਵੇਗਾ।

ਇਸ ਕੈਮਰੇ ਕਾਰਨ ਹੁਣ ਵਿਗਿਆਨੀ ਧਰਤੀ ’ਤੇ ਰਹਿੰਦਿਆਂ ਹੋਇਆਂ ਹੀ ਪਹਿਲਾਂ ਤੋਂ ਵੱਧ ਆਕਾਸ਼ਗੰਗਾਵਾਂ ਬਾਰੇ ਪਤਾ ਲਗਾ ਸਕਦੇ ਹਨ। ਇਹ ਹੁਣ ਤਕ ਦਾ ਸੱਭ ਤੋਂ ਵੱਡਾ ਡਿਜੀਟਲ ਕੈਮਰਾ ਹੈ। ਇਸ ਕੈਮਰੇ ਨੂੰ ਊਰਜਾ ਵਿਭਾਗ ਦੀ ਐਸ.ਐਲ.ਏ.ਸੀ. ਨੈਸ਼ਨਲ ਐਕਸੇਲੇਰੇਟਰ ਲੈਬੋਰਟਰੀ ਵਿਚ ਬਣਾਇਆ ਜਾਵੇਗਾ। ਇਸ ਕੈਮਰੇ ਦੀ ਮਦਦ ਨਾਲ ਐਲ.ਐਸ.ਐਸ.ਟੀ. ਟੈਲੀਸਕੋਪ ਬ੍ਰਹਿਮੰਡ ਤੋਂ ਹਰ ਰਾਤ ਵਿਚ ਲਗਭਗ ਅੱਠ ਲੱਖ ਤਸਵੀਰਾਂ ਖਿੱਚੇਗੀ, ਜਿਨ੍ਹਾਂ ਦੀ ਮਦਦ ਨਾਲ 95 ਫ਼ੀਸਦੀ ਅਣਜਾਣ ਕੁਦਰਤ ਨੂੰ ਜਾਣਨ ਦੇ ਰਸਤੇ ਖੁੱਲ੍ਹਣਗੇ।

## ✪ ਬਾਂਦਰ ਅਤੇ ਮਨੁੱਖ ਵਿਚਕਾਰਲੀ ਦੀ 30 ਲੱਖ ਸਾਲ ਪੁਰਾਣੀ ਪ੍ਰਜਾਤੀ ਮਿਲੀ

## ✪ ਦੱਖਣੀ ਅਫ਼ਰੀਕਾ ਵਿਚ ਵਿਗਿਆਨੀਆਂ ਨੂੰ ਮਿਲੇ ਕੰਕਾਲ, ਨਾਮ ਦਿੱਤਾ ‘ਹੋਮੋ ਨਲੇਦੀ’

ਵਿਗਿਆਨੀਆਂ ਨੇ ਦੱਖਣੀ ਅਫ਼ਰੀਕਾ ਵਿਚ ਮਨੁੱਖ ਦੀ ਨਵੀਂ ਪ੍ਰਜਾਤੀ ਲੱਭਣ ਦਾ ਦਾਅਵਾ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਪ੍ਰਜਾਤੀ ਬਾਂਦਰ ਅਤੇ ਮਨੁੱਖਾਂ ਵਿਚਕਾਰਲੀ ਦੀ 30 ਲੱਖ ਸਾਲ ਪੁਰਾਣੀ ਪ੍ਰਜਾਤੀ ਹੈ। ਖੋਜਕਰਤਾਵਾਂ ਨੇ ਨਵੀਂ ਪ੍ਰਜਾਤੀ ਨੂੰ ‘ਹੋਮੋ ਨਲੇਦੀ’ ਨਾਮ ਦਿਤਾ ਹੈ। ਸਥਾਨਕ ਭਾਸ਼ਾ ਵਿਚ ਇਸ ਦਾ ਮਤਲਬ ‘ਸਟਾਰ ਮੈਨ’ ਹੁੰਦਾ ਹੈ। ਖੋਜਕਰਤਾਵਾਂ ਨੂੰ ਜੋਹਾਨਸਬਰਗ ਤੋਂ ਲਗਭਗ 50 ਕਿਲੋਮੀਟਰ ਦੂਰ ‘ਰਾਈਜ਼ਿੰਗ ਸਟਾਰ’ ਗੁਫ਼ਾਵਾਂ ਵਿਚ ਦਫ਼ਨ 15 ਨਰ ਕੰਕਾਲਾਂ ਵਿਚ ਇਹ ਪ੍ਰਜਾਤੀ ਮਿਲੀ। ਇਸ ਪ੍ਰਜਾਤੀ ਨੂੰ ਦੋ ਪੈਰ ’ਤੇ ਚੱਲਣ ਵਾਲੇ ਪ੍ਰਾਚੀਨ ਵਾਨਰ ਅਤੇ ਮਨੁੱਖ ਵਿਚਾਲੇ ਇਕ ‘ਪੁਲ’ ਵਜੋਂ ਵੇਖਿਆ ਜਾ ਸਕਦਾ ਹੈ।

ਸਾਇੰਸ ਮੈਗਜ਼ੀਨ ‘ਈ-ਲਾਈਫ਼’ ਵਿਚ ਪ੍ਰਕਾਸ਼ਤ ਅਧਿਐਨ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਨਲੇਦੀ ਦਾ ਮੱਥਾ ਮੌਜੂਦਾ ਮਨੁੱਖ ਦੇ ਦਿਮਾਗ਼ ਤੋਂ ਅੱਧਾ ਹੈ। ਲਗਭਗ ਇਕ ਆਮ ਸੰਤਰੇ ਦੇ ਆਕਾਰ ਜਿੰਨਾ। ਗੁਫ਼ਾ ਵਿਚ ਖ਼ੁਦਾਈ ਵੇਲੇ ਖੋਜਕਰਤਾਵਾਂ ਨੂੰ 1500 ਅਵਸ਼ੇਸ਼ ਮਿਲੇ ਹਨ। ਇਨ੍ਹਾਂ ਦੀ ਲੰਬਾਈ 5 ਫ਼ੁੱਟ ਅਤੇ ਵਜ਼ਨ 45 ਕਿਲੋ ਤੋਂ ਵੱਧ ਹੈ।

ਜੋਹਾਨਸਬਰਗ ਦੇ ਵਿਟਵਾਟਰਸਰੈਂਡ ਯੂਨੀਵਰਸਿਟੀ ਨਾਲ ਜੁੜੇ ਖੋਜੀਆਂ ਨੇ ਦੱਸਿਆ ਕਿ ਇਹ ਹੋਮੋ ਪਰਿਵਾਰ (ਮਨੁੱਖ ਦੀ ਵਿਕਾਸ ਪ੍ਰਕਿਰਿਆ) ਵਿਚ ਇਕ ਨਵਾਂ ਅਧਿਐਨ ਜੋੜ ਦੇਵੇਗਾ। ਖੋਜਾਰਥੀ ਲੀ ਬਰਗਰ ਅਨੁਸਾਰ, ਇਹ ਪ੍ਰਜਾਤੀ ‘ਬਹੁਤ ਜ਼ਿਆਦਾ ਸਾਡੇ ਵਾਂਗ ਨਹੀਂ ਦਿਖਦੀ’, ਇਹ ਕਈ ਪ੍ਰਜਾਤੀਆਂ ਦਾ ਮਿਸ਼ਰਣ ਹੈ। ਇਸ ਦੀ ਖੋਪੜੀ, ਦੰਦ ਅਤੇ ਹੱਥ ਬਹੁਤ ਕੁੱਝ ‘ਹੋਮੋ ਜੀਨਸ’ ਵਰਗੇ ਵਿਖਾਈ ਦਿੰਦੇ ਹਨ।

ਮੋਢੇ ਮਜ਼ਬੂਤ ਹਨ ਅਤੇ ਦਰੱਖਤਾਂ 'ਤੇ ਚੜ੍ਹਨ ਲਈ ਡਿਜ਼ਾਈਨ ਕੀਤੇ ਗਏ ਹਨ, ਬਿਲਕੁਲ 'ਆਸਟ੍ਰਾਲੋਪੇਥਿਕਸ ਅਫ਼ਰੇਂਸਿਸ' ਵਰਗੇ। ਇਨ੍ਹਾਂ ਦੀ ਖੋਪੜੀ 'ਹੋਮੋ ਇਰਟਿਕਸ' ਵਰਗੀ ਹੈ। ਜਿਸ ਦਾ ਮੱਥਾ ਕਾਫ਼ੀ ਛੋਟਾ ਹੈ। ਮਜ਼ਬੂਤ ਅੰਗੂਠਾ ਅਤੇ ਘੁੰਮਣ ਵਾਲੀ ਕਲਾਈ ਬਹੁਤ ਕੁੱਝ ਅੱਜ ਦੇ ਮਨੁੱਖ ਵਰਗੀ ਹੈ। ਨੈਚੁਰਲ ਹਿਸਟਰੀ ਮਿਊਜ਼ੀਅਮ ਦੇ ਪ੍ਰੋਫ਼ੈਸਰ ਕ੍ਰਿਸ ਸਟ੍ਰਿੰਗਰ ਨੇ ਨਲੇਦੀ ਨੂੰ ਅਹਿਮ ਖੋਜ ਦੱਸਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਤੋਂ ਪਤਾ ਚੱਲਦਾ ਹੈ ਕਿ ਮਨੁੱਖ ਦੇ ਵਿਕਾਸ ਨੂੰ ਲੈ ਕੇ ਕੁਦਰਤ ਲਗਾਤਾਰ ਪ੍ਰਯੋਗ ਕਰ ਰਹੀ ਹੈ।

ਖੋਜਕਰਤਾਵਾਂ ਦਾ ਦਾਅਵਾ ਹੈ ਕਿ ਇਹ ਖੋਜ ਇਨਸਾਨਾਂ ਦੇ ਪੂਰਵਜ ਨੂੰ ਲੈ ਕੇ ਸਾਡੀ ਸੋਚ ਬਦਲ ਕੇ ਰੱਖ ਦੇਵੇਗੀ।

### ✪ ਤਿੰਨ ਮੁਲਕਾਂ ਦੇ ਤਿੰਨ ਵਿਗਿਆਨੀਆਂ ਨੂੰ ਮਿਲਿਆ ਮੈਡੀਸਨ ਦਾ ਨੋਬੇਲ ਪੁਰਸਕਾਰ

ਆਇਰਲੈਂਡ ਵਿਚ ਜਨਮੇ ਅਮਰੀਕੀ ਵਿਲੀਅਮ ਕੈਂਪਬੇਲ, ਜਾਪਾਨ ਦੇ ਸਤੋਸ਼ੀ ਓਮੂਰਾ ਅਤੇ ਚੀਨ ਦੀ ਯੂਯੂ ਤੂ ਨੂੰ 2015 ਦਾ




ਮੈਡੀਸਨ ਨੋਬੇਲ ਪੁਰਸਕਾਰ ਦਿੱਤਾ ਗਿਆ ਹੈ। ਯੂਯੂ ਨੂੰ ਕੁੱਲ ਪੁਰਸਕਾਰ ਦਾ 50 ਫ਼ੀਸਦੀ ਮਿਲੇਗਾ, ਬਾਕੀ 50 ਫ਼ੀਸਦੀ ਦੋਵਾਂ ਵਿਗਿਆਨੀਆਂ ਨੂੰ। ਯੂਯੂ ਨੂੰ ਮਲੇਰੀਆ ਅਤੇ ਹੋਰ ਦੋ ਵਿਗਿਆਨੀਆਂ ਦੀ ਕੀੜੇ-ਮਕੌੜੇ ਵਲੋਂ ਪੈਦਾ ਹੋਣ ਵਾਲੇ ਇਨਫ਼ੈਕਸ਼ਨ ਦਾ ਪ੍ਰਭਾਵਸ਼ਾਲੀ ਇਲਾਜ ਖੋਜਣ 'ਤੇ ਇਹ ਪੁਰਸਕਾਰ ਮਿਲਿਆ ਹੈ।

### ✪ ਯੂਯੂ ਨੇ ਪ੍ਰਾਚੀਨ ਹਰਬਲ ਸਾਹਿਤ ਤੋਂ ਕੱਢੀ ਮੇਲਰੀਆ ਦੀ ਦਵਾਈ

84 ਸਾਲ ਦੀ ਯੂਯੂ ਨੇ ਮਲੇਰੀਆ ਵਿਰੁਧ ਕਾਰਗਰ ਦਵਾਈ ਆਰਤੇਮਾਈਸਿਨਿਨ ਅਤੇ ਡਾਈਹਾਈਡ੍ਰੋ ਆਰਤੇਮਾਈਸਿਨਿਨ ਦੀ ਖੋਜ ਕੀਤੀ ਸੀ। ਇਸ ਖੋਜ ਲਈ ਉਨ੍ਹਾਂ ਨੇ ਪ੍ਰਾਚੀਨ ਹਰਬਲ ਸਾਹਿਤ ਦਾ ਸਹਾਰਾ ਲਿਆ ਸੀ।

ਪਹਿਲਾਂ ਮਲੇਰੀਆ ਦਾ ਇਲਾਜ ਪਰੰਪਰਾਗਤ ਤੌਰ 'ਤੇ ਕੁਨੈਨ ਜਾਂ ਕਲੋਰੋਕਵੀਨ ਨਾਲ ਕੀਤਾ ਜਾਂਦਾ ਸੀ, ਪਰ 1960 ਦੇ ਦਹਾਕੇ ਵਿਚ ਇਹ ਸਾਬਤ ਹੋ ਗਿਆ ਕਿ ਇਹ ਤਰੀਕਾ ਬਿਮਾਰੀ ਦੀ ਰੋਕਥਾਮ ਵਿਚ ਪ੍ਰਭਾਵਸ਼ਾਲੀ ਨਹੀਂ ਹੈ।

ਡਬਲਯੂ.ਐਚ.ਓ. (ਵਿਸ਼ਵ ਸਿਹਤ ਸੰਗਠਨ) ਮੁਤਾਬਕ, ਪਿਛਲੇ 15 ਸਾਲ ਵਿਚ ਦੁਨੀਆਂ ਭਰ ਵਿਚ ਮਲੇਰੀਆ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 40 ਫ਼ੀਸਦੀ ਘਟੀ ਹੈ। ਯੂਯੂ ਦੀ ਦਵਾਈ ਮਲੇਰੀਆ ਦੇ ਕੀਟਾਣੂਆਂ ਨੂੰ ਪੈਦਾ ਹੋਣ 'ਤੇ ਹੀ ਖ਼ਤਮ ਕਰ ਦਿੰਦੀ ਹੈ। ਦੱਖਣੀ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਇਸ ਨੂੰ 20ਵੀਂ ਸਦੀ ਦੀਆਂ ਸੱਭ ਤੋਂ ਮਹੱਤਵਪੂਰਨ ਪ੍ਰਾਪਤੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੂੰ 2011 ਦੇ ਲੈਸਕਰ ਪੁਰਸਕਾਰ ਨਾਲ ਵੀ ਸਨਮਾਨਤ ਕੀਤਾ ਗਿਆ ਸੀ।

ਕੈਂਪਬੇਲ ਅਤੇ ਓਮੂਰਾ ਨੇ ਪੇਟ ਦੇ ਕੀੜਿਆਂ ਨਾਲ ਹੋਣ ਵਾਲੀਆਂ ਬਿਮਾਰੀਆਂ ਦੀਆਂ ਪ੍ਰਭਾਵਸ਼ਾਲੀ ਦਵਾਈਆਂ ਖੋਜੀਆਂ

ਕੈਂਪਬੇਲ ਅਤੇ ਓਮੂਰਾ ਨੇ ਗੋਲ ਆਕਾਰ (ਰਾਉਂਡ ਵਾਰਮ) ਜਾਂ ਪੇਟ ਦੇ ਕੀੜਿਆਂ ਦੀ ਸਟੀਕ ਦਵਾਈ ਐਵਰਮੈਕਟਿਨ ਖੋਜੀ ਸੀ। ਇਸ ਦਵਾਈ ਕਾਰਨ ਰਾਉਂਡ ਵਾਰਮ ਦੀ ਵਜ੍ਹਾ ਕਾਰਨ ਹੋਣ ਵਾਲੇ ਰਿਵਰ ਬਲਾਈਂਡਨੈਸ ਅਤੇ ਲਿੰਫ਼ੈਟਿਕ ਫਿਲਾਰਿਆਸਿਸ ਵਰਗੀਆਂ ਬਿਮਾਰੀਆਂ ਨੂੰ ਕਾਫ਼ੀ ਹੱਦ ਤਕ ਘੱਟ ਕਰ ਦਿੱਤਾ। ਇਨ੍ਹਾਂ ਬਿਮਾਰੀਆਂ ਕਾਰਨ ਦੁਨੀਆਂ ਦੀ ਇਕ ਤਿਹਾਈ ਆਬਾਦੀ ਪ੍ਰਭਾਵਤ ਹੋ ਰਹੀ ਹੈ। ਕਈ ਦਹਾਕਿਆਂ ਮਗਰੋਂ ਇਨ੍ਹਾਂ ਬਿਮਾਰੀਆਂ ਨਾਲ ਜੁੜੀਆਂ ਦਵਾਈਆਂ ਦੀ ਖੋਜ ਗੇਮਚੇਂਜਰ ਸਾਬਤ ਹੋਈ ਹੈ। ਸਤੋਸ਼ੀ ਓਮੂਰਾ ਜਾਪਾਨੀ ਮਾਈਕ੍ਰੋ ਬਾਇਓਲਾਜਿਸਟ ਹਨ। ਉਨ੍ਹਾਂ ਨੇ ਇਸ ਦਵਾਈ ਦੀ ਖੋਜ ਮਿੱਟੀ ਦੇ ਨਮੂਨਿਆਂ ਵਿਚ ਮਾਈਕ੍ਰੋਬਸ 'ਤੇ ਸਟੱਡੀ ਕਰਨ ਤੋਂ ਬਾਅਦ ਕੀਤੀ ਸੀ।

### ✪ ਬੈਕਟੀਰੀਆ ਦੇ ਪ੍ਰੀਖਣ ਕਾਰਨ ਲੰਮੇ ਜੀਵਨ ਦੀ ਖੋਜ

ਰੂਸੀ ਵਿਗਿਆਨੀਆਂ ਨੇ ਉਮੀਦ ਪ੍ਰਗਟਾਈ ਹੈ ਕਿ ਮਨੁੱਖ ਵੀ ਲੰਬਾ ਜੀਵਨ ਪਾ ਸਕਦਾ ਹੈ। ਇਸ ਦਾ ਰਾਜ ਸਾਈਬੇਰੀਆ ਦੇ ਬਰਫ਼ੀਲੇ ਇਲਾਕਿਆਂ ਵਿਚ ਛੁਪਿਆ ਹੈ। ਉਨ੍ਹਾਂ ਨੇ ਉਥੇ ਕੁੱਝ ਮਹੀਨੇ ਪਹਿਲਾਂ ਬਰਫ਼ ਪਿਘਲਣ ਮਗਰੋਂ ਅਜਿਹੇ ਬੈਕਟੀਰੀਆ ਖੋਜੇ ਸਨ, ਜੋ ਪਰਮਾਫ਼ਾਸਟ ਵਿਚ 35 ਲੱਖ ਸਾਲ ਤੋਂ ਜੀਵਿਤ ਹਨ। ਪਰਮਾਫ਼ਰਾਸਟ ਯਾਨੀ ਅਜਿਹੀ ਜ਼ਮੀਨ, ਜਿਸ ਉਪਰ ਘਾਹ ਅਤੇ ਹੋਰ ਬਨਸਪਤੀਆਂ ਵੀ ਉੱਗ ਆਈਆਂ, ਪਰ ਅੰਦਰ ਦੀ ਪਰਤ ਸਭ ਤੋਂ ਵੱਧ ਠੰਢ ਹੁੰਦੀ ਹੈ।

ਸਾਲ 2009 ਵਿਚ ਇਕ ਸਾਹਸੀ ਵਿਗਿਆਨੀ ਨੇ ਉਨ੍ਹਾਂ ਵਿਚੋਂ ਇਕ ਬੈਕਟੀਰੀਆ ਨੂੰ ਅਪਣੇ ਖ਼ੂਨ ਵਿਚ ਇੰਜੈਕਟ ਕਰ ਲਿਆ ਸੀ। ਇਹ ਜ਼ਿਕਰਯੋਗ ਖੋਜ ਮਾਸਕੋ ਯੂਨੀਵਰਸਿਟੀ ਵਿਚ ਜਿਉਕ੍ਰਾਇਉਲੋਜੀ ਵਿਭਾਗ ਦੇ ਪ੍ਰਮੁਖ ਐਨਾਤੋਲੀ ਬਰੁਖ਼ਨੋਵ ਨੇ ਕੀਤੀ ਸੀ। ਚੂਹਿਆਂ ਅਤੇ ਮਨੁੱਖ ਦੀਆਂ ਖ਼ੂਨ ਦੀਆਂ ਨਾੜੀਆਂ 'ਤੇ ਉਨ੍ਹਾਂ ਨੇ ਕਈ ਪ੍ਰੀਖਣ ਕੀਤੇ, ਜੋ ਸਫ਼ਲ ਰਹੇ ਸਨ। ਦੋ ਸਾਲ ਪਹਿਲਾਂ ਉਨ੍ਹਾਂ ਨੇ ਖ਼ੁਦ ਨੂੰ ਆਪਣੀ ਇੱਛਾ ਮੁਤਾਬਕ ਗਿਨੀ ਪਿੱਗ ਐਲਾਨ ਦਿੱਤਾ ਸੀ, ਕਿਉਂਕਿ ਉਹ ਦਾਅਵੇ ਨਾਲ ਕਹਿਣ ਲੱਗੇ ਹਨ ਕਿ ਉਹ ਪਹਿਲਾਂ ਤੋਂ ਵੱਧ ਸਿਹਤ ਅਤੇ ਊਰਜਾਵਾਨ ਹੈ। ਉਨ੍ਹਾਂ ਨੂੰ ਦੋ ਸਾਲ ਤੋਂ ਬੁਖ਼ਾਰ ਵੀ ਨਹੀਂ ਚੜ੍ਹਿਆ।

ਬਰੁਖਨੋਵ ਕਹਿੰਦੇ ਹਨ, ਇਹ ਸੱਚ ਹੈ, ਕਿਉਂਕਿ ਮੈਂ ਅਜਿਹਾ ਮਹਿਸੂਸ ਕਰਦਾ ਹਾਂ। ਇਕ ਪੇਸ਼ੇਵਰ ਵਜੋਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਦੋ ਸਾਲ ਤੋਂ ਕੋਈ ਬਿਮਾਰੀ ਨਹੀਂ ਹੋਈ ਹੈ। ਫਿਰ ਵੀ ਅਜਿਹੇ ਪ੍ਰੀਖਣ ਪਹਿਲਾਂ ਕਲੀਨਿਕ ਵਿਚ ਹੋਣੇ ਚਾਹੀਦੇ ਹਨ, ਤਾਂ ਹੀ ਅਸੀਂ ਇਸ ਦੇ ਪ੍ਰਭਾਵ ਬਾਰੇ ਚਰਚਾ ਕਰ ਸਕਦੇ ਹਾਂ। ਅਜੇ ਲੰਬੇ ਜੀਵਨ ਦੀ ਪੁਸ਼ਟੀ ਕਰਨਾ ਜਲਦਬਾਜ਼ੀ ਹੋਵੇਗੀ, ਕਿਉਂਕਿ ਨਤੀਜੇ ਵੇਖਣੇ ਹਨ।

### ✪ ਗਾਂ ਦਾ ਪੇਸ਼ਾਬ ਰੱਖਣ ਕਾਰਨ ਭਾਰਤੀ ਔਰਤ 'ਤੇ 17 ਹਜ਼ਾਰ ਰੁਪਏ ਦਾ ਜੁਰਮਾਨਾ

ਵੇਲਿੰਗਟਨ ਵਿਚ ਇਕ ਭਾਰਤੀ ਔਰਤ 'ਤੇ ਗਾਂ ਦਾ ਪੇਸ਼ਾਬ ਰੱਖਣ ਦੇ ਦੋਸ਼ ਵਿਚ 250 ਡਾਲਰ (17 ਹਜ਼ਾਰ ਰੁਪਏ) ਦਾ ਜੁਰਮਾਨਾ ਲਗਾਇਆ ਹੈ। ਮਹਿਲਾ ਨੇ ਨਿਊਜ਼ੀਲੈਂਡ ਪਹੁੰਚਣ 'ਤੇ ਅਫ਼ਸਰਾਂ ਨੂੰ ਅਪਣੇ ਸਾਮਾਨ ਵਿਚ ਦੋ ਬੋਤਲਾਂ ਗਊ ਦੇ ਪੇਸ਼ਾਬ ਦੀਆਂ ਹੋਣ ਬਾਰੇ ਜਾਣਕਾਰੀ ਨਹੀਂ ਦਿੱਤੀ ਸੀ। ਬਾਅਦ ਵਿਚ ਬਾਰਡਰ ਆਫ਼ੀਸ਼ੀਅਲਜ਼ ਨੇ ਜੁਰਮਾਨਾ ਲਗਾਇਆ। ਨਿਊਜ਼ੀਲੈਂਡ ਮਨਿਸਟਰੀ ਦੀ ਮਹੀਨਾਵਾਰ ਰਿਪੋਰਟ ਵਿਚ ਇਸ ਮਾਮਲੇ ਦਾ ਖ਼ੁਲਾਸਾ ਕੀਤਾ ਗਿਆ ਹੈ।

# ਖ਼ੁਰਾਕੀ ਪਦਾਰਥਾਂ ਦੀ ਮਿਲਾਵਟ ਹਾਨੀਕਾਰਕ ਕਿਵੇਂ?




ਬਹੁਤੇ ਲੋਕ ਸ਼ਾਇਦ ਇਹ ਵੀ ਨਹੀਂ ਜਾਣਦੇ ਕਿ ਸ਼ੁੱਧ ਤੇ ਮਿਲਾਵਟੀ ਖ਼ੁਰਾਕੀ ਪਦਾਰਥਾਂ 'ਚ ਕੀ ਫਰਕ ਹੈ ਤੇ ਸ਼ੁੱਧ ਪਦਾਰਥ ਹਾਸਲ ਕਿਵੇਂ ਕੀਤੇ ਜਾਣ। ਸਸਤੇ ਹੋਣ ਕਰਕੇ ਲੋਕ ਅਕਸਰ ਅਜਿਹੀਆਂ ਚੀਜ਼ਾਂ ਹੀ ਖਰੀਦ ਲੈਂਦੇ ਹਨ, ਜੋ ਅਸ਼ੁੱਧ ਤੇ ਮਿਲਾਵਟੀ ਹੁੰਦੀਆਂ ਹਨ। ਮਿਸਾਲ ਵਜੋਂ ਬਿਨਾਂ ਰੰਗੀ ਹਲਦੀ ਦੀਆਂ ਗੰਢਾਂ ਦੀ ਥਾਂ 'ਤੇ ਚਮਕਦੀਆਂ ਪੀਲੇ ਰੰਗ ਦੀਆਂ ਗੰਢਾਂ, ਅਰਹਰ ਦੀ ਬਿਨਾਂ ਰੰਗੀ ਦਾਲ ਦੀ ਥਾਂ, ਪੀਲਾ ਪਾਲਿਸ਼ ਹੋਈਆਂ ਰੰਗਦਾਰ ਦਾਲਾਂ, ਬਦ ਰੰਗ ਜਿਹੀ ਕੁਦਰਤੀ ਲਾਲ ਮਿਰਚ ਦੀ ਬਜਾਏ ਰੰਗੀ ਹੋਈ ਲਾਲ ਮਿਰਚ, ਹਰੇ ਰੰਗ ਦੀ ਕੁਦਰਤੀ ਸੌਂਫ ਦੀ ਥਾਂ 'ਤੇ ਪਾਲਿਸ਼ ਤੇ ਹਰੇ ਰੰਗ ਨਾਲ ਰੰਗੀ ਹੋਈ ਸੌਂਫ, ਸਫੈਦ ਆਈਸ ਕ੍ਰੀਮ ਦੀ ਥਾਂ 'ਤੇ ਗੁਲਾਬੀ ਲਾਲ ਤੇ ਪੀਲੀ ਆਈਸਕ੍ਰੀਮ। ਬਿਨਾਂ ਰੰਗ ਦੀ ਮਠਿਆਈ, ਜਿਵੇਂ ਜਲੇਬੀ, ਪੇੜਾ, ਬਰਫ਼ੀ, ਕਲਾਕੰਦ ਦੀ ਥਾਂ ਲਾਲ-ਲਾਲ ਜਲੇਬੀ ਗੁਲਾਬੀ ਬਾਲੂ-ਸ਼ਾਹੀ, ਭੂਰੇ ਪੇੜੇ ਤੇ ਤਿਰੰਗੀ ਬਰਫੀ ਖਰੀਦਣਾ ਪਸੰਦ ਕਰਦੇ ਹਨ। ਹਾਲਾਂਕਿ ਇਹ ਚੀਜ਼ਾਂ ਦੇਖਣ ਵਿੱਚ ਖਿੱਚਪਾਊ ਤੇ ਭਰਮਾਊ ਹੁੰਦੀਆਂ ਹਨ, ਪਰ ਖਪਤਕਾਰ ਇਹ ਨਹੀਂ ਮੰਨਦੇ ਕਿ ਇਹਨਾਂ 'ਚ ਅਜਿਹੇ ਜ਼ਹਿਰੀਲੇ ਰੰਗ ਹੋ ਸਕਦੇ ਹਨ, ਜਿਹਨਾਂ ਨਾਲ ਤਰ੍ਹਾਂ-ਤਰ੍ਹਾਂ ਦੇ ਰੋਗ ਵੀ ਹੋ ਸਕਦੇ ਹਨ। ਕੁਝ ਖਪਤਕਾਰ ਜਾਣਦੇ ਹੋਏ ਵੀ ਅਜਿਹੀਆਂ ਖ਼ੁਰਾਕੀ ਚੀਜ਼ਾਂ ਖਰੀਦ ਲੈਂਦੇ ਹਨ, ਜੋ ਸਿਹਤ ਲਈ ਹਾਨੀਕਾਰਕ ਹੋਣ। ਬਾਜ਼ਾਰ ਤੋਂ ਖਰੀਦੇ ਬੇਸਨ 'ਚ ਕੇਸਰੀ ਦਾਲ ਦੀ ਮਿਲਾਵਟ ਹੋ ਸਕਦੀ ਹੈ, ਜੋ ਜ਼ਹਿਰੀਲੀ ਹੁੰਦੀ ਹੈ। ਬਹੁਤੇ ਖਪਤਕਾਰ ਇਹ ਨਹੀਂ ਜਾਣਦੇ ਕਿ ਸ਼ੁੱਧ ਚੀਜ਼ਾਂ ਰੱਖੀਆਂ ਰੱਖੀਆਂ ਵੀ ਅਸ਼ੁੱਧ ਤੇ ਖਾਣ ਦੇ ਕਾਬਲ ਨਹੀਂ ਰਹਿ ਜਾਂਦੀਆਂ, ਭਾਵੇਂ ਹੀ ਉਤਪਾਦਕ ਜਾਂ ਵਿਕ੍ਰੇਤਾ ਨੇ ਮਿਲਾਵਟ ਨਾ ਕੀਤੀ ਹੋਵੇ। ਇਸ ਕਰਕੇ ਖਪਤਕਾਰ ਨੂੰ ਇਹ ਜਾਣਕਾਰੀ ਹੋਣੀ ਲਾਜ਼ਮੀ ਹੈ ਕਿ ਕਿਹੜੇ ਉਪਾਵਾਂ ਰਾਹੀਂ ਖ਼ੁਰਾਕੀ ਪਦਾਰਥ 'ਚ ਮਿਲਾਵਟ ਕੀਤੀ ਜਾਂਦੀ ਹੈ ਜਾਂ ਰੱਖ-ਰਖਾਅ 'ਚ ਲਾਹਪ੍ਰਵਾਹੀ ਵਰਤਣ ਨਾਲ ਖ਼ੁਰਾਕੀ ਚੀਜ਼ਾਂ ਵਰਤਣਯੋਗ ਨਹੀਂ ਰਹਿੰਦੀਆਂ। ਆਮ ਤੌਰ 'ਤੇ ਖਪਤਕਾਰ ਅਜੇ ਸਸਤੀ ਤੇ ਮੁਫਤ ਮਿਲਦੀਆਂ ਚੀਜ਼ਾਂ, ਜਿਵੇਂ ਕੰਕਰ, ਮਿੱਟੀ, ਧੂੜ, ਤੂੜੀ, ਤਿਨਕਾ, ਛੋਟੇ-ਛੋਟੇ ਤਣੇ ਆਦਿ ਨੂੰ ਹੀ ਮਿਲਾਵਟ ਸਮਝਦੇ ਹਨ ਅਤੇ ਇਸ ਕਰਕੇ ਉਹ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿ ਖ਼ੁਰਾਕੀ ਵਸਤੂ 'ਚ ਪਏ ਇਸ ਪ੍ਰਕਾਰ ਦੇ ਪਦਾਰਥਾਂ ਨੂੰ ਉਹ ਛਾਣ ਕੇ ਵੱਖ ਕਰ ਸਕਦੇ ਹਨ, ਜਿਸ ਨਾਲ ਵਸਤੂ ਵਿਸ਼ੇਸ਼ ਸਾਫ਼-ਸੁਥਰੀ ਹੋ ਜਾਂਦੀ ਹੈ। ਅਸਲ ਵਿੱਚ ਇਸ ਤਰ੍ਹਾਂ ਦੀ ਮਿਲਾਵਟ ਏਨੀ ਆਮ ਹੈ ਕਿ ਖਪਤਕਾਰ ਉਸ ਨੂੰ ਮਿਲਾਵਟ ਨਾ ਸਮਝ ਕੇ ਨਜ਼ਰਅੰਦਾਜ ਕਰ ਦਿੰਦੇ ਹਨ ਕਿਉਂਕਿ ਇਸ ਮਿਲਾਵਟ ਨਾਲ ਉਹਨਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈਂਦਾ। ਪਰ ਕੁਝ ਭਰਿਸ਼ਟ ਉਤਪਾਦਕ ਤੇ ਵਿਕ੍ਰੇਤਾ ਨਾ ਸਿਰਫ਼ ਅਜਿਹੀਆਂ ਵਸਤੂਆਂ ਦੀ ਮਿਲਾਵਟ ਕਰਦੇ ਹਨ, ਜਿਹਨਾਂ ਨਾਲ ਪੌਸ਼ਟਿਕਤਾ ਅਸਰਅੰਦਾਜ਼ ਹੋਵੇ ਬਲਕਿ ਅਜਿਹੀਆਂ ਜ਼ਹਿਰੀਲੀਆਂ ਚੀਜ਼ਾਂ ਮਿਠਾਸ ਕਰਨ ਤੋਂ ਵੀ ਨਹੀਂ ਝਿਜਕਦੇ, ਜੋ ਸਿਹਤ ਲਈ ਹਾਨੀਕਾਰਕ ਹੋਣ ਤੇ ਜਿਹਨਾਂ ਦੀ ਵਰਤੋਂ ਨਾਲ ਸਰੀਰ ਰੋਗ ਗ੍ਰਸਿਤ ਹੋ ਜਾਵੇ। ਇਹੀ ਨਹੀਂ ਕਦੀ ਕਦੀ ਤਾਂ ਉਤਪਾਦਕ ਮਿਰੀਡੀਨ, ਮਿਥਾਇਲ ਅਲਕੋਹਲ ਤੇ ਹੋਰ ਰਸਾਇਣ ਪਾ ਕੇ ਨਕਲ ਸ਼ਰਾਬ ਬਣਾ ਕੇ ਵੇਚਦੇ ਹਨ, ਜਿਸ ਨੂੰ ਪੀਣ ਨਾਲ ਸਿਰਫ਼ 3-4 ਘੰਟੇ ਪਿੱਛੋਂ ਹੀ ਅਨੇਕਾਂ ਆਦਮੀ ਮਰ ਜਾਂਦੇ ਹਨ ਅਤੇ ਜੋ ਅੱਗੇ ਕਿਸੇ ਇਲਾਜ ਕਾਰਣ ਬਚ ਜਾਂਦੇ ਹਨ, ਉਹ ਜੀਵਨ ਭਰ ਲਈ ਅਪਾਹਜ ਹੋ ਜਾਂਦੇ ਹਨ। ਇਸ ਤਰ੍ਹਾਂ ਖਪਤਕਾਰ ਨੂੰ ਇਹ ਜਾਨਣਾ ਜ਼ਰੂਰੀ ਹੈ ਕਿ ਖ਼ੁਰਾਕੀ ਪਦਾਰਥ ਵਿਕ੍ਰੇਤਾ ਜਾਂ ਉਤਪਾਦਕ ਵੱਲੋਂ ਕਿਵੇਂ ਮਿਲਾਵਟੀ ਬਣਾਏ ਜਾਂਦੇ ਹਨ ਜਾਂ ਰੱਖ-ਰਖਾਅ ਬਣਾਉਣ 'ਚ ਲਾਹਪ੍ਰਵਾਹੀ ਵਰਤਣ ਕਰਕੇ ਕਿਸ ਹੱਦ ਤੱਕ ਅਸ਼ੁੱਧ ਬਣ ਜਾਂਦੇ ਹਨ ਕਿ ਖਾਣਯੋਗ ਵੀ ਨਹੀਂ ਰਹਿੰਦੇ। ਮਿਲਾਵਟ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ਜਾਂ ਬਿਨਾਂ ਕੁਝ ਮਿਲਾਏ ਹੋਏ ਵੀ ਇਕ ਸ਼ੁਧ ਚੀਜ਼ ਕੁਝ ਸਮੇਂ ਪਿੱਛੋਂ ਏਨੀ ਖਰਾਬ ਹੋ ਜਾਂਦੀ ਹੈ ਕਿ ਖਾਣਯੋਗ ਨਹੀਂ ਰਹਿੰਦੀ ਜਾਂ ਸਟੋਰ ਕਰਨ 'ਚ ਲਾਹਪ੍ਰਵਾਹੀ, ਉਤਪਾਦਨ ਦੇ ਬਰਤਨਾਂ ਦੀ ਗੰਦਗੀ ਤੇ ਉਤਪਾਦਨ ਪਿੱਛੋਂ ਪੈਕਿੰਗ 'ਚ ਲਾਹਪ੍ਰਵਾਹੀ ਆਦਿ ਨਾਲ ਖ਼ੁਰਾਕੀ ਪਦਾਰਥ ਦੀ ਗੁਣਵੰਣਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਕਰਕੇ ਇੱਥੇ ਉਹਨਾਂ ਤਰੀਕਿਆਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਜਿਸ ਨਾਲ ਖ਼ੁਰਾਕੀ ਵਸਤੂ ਅਸ਼ੁੱਧ ਹੋ ਜਾਂਦੀ ਹੈ ਤੇ ਕਦੀ-ਕਦੀ ਵਰਤੋਂ ਦੇ ਯੋਗ ਨਹੀਂ ਰਹਿੰਦੀ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

**1. ਖ਼ੁਰਾਕੀ ਪਦਾਰਥਾਂ 'ਚ ਬਾਹਰੀ ਪਦਾਰਥਾਂ ਦੀ ਮਿਲਾਵਟ** :- ਇਸ ਤਰ੍ਹਾਂ ਦੀ ਮਿਲਾਵਟ ਤੋਂ ਖਪਤਕਾਰ ਭਲੀਭਾਂਤ ਵਾਕਿਫ਼ ਹਨ। ਸਸਤੇ ਤੇ ਫਰੀ ਮਿਲਦੇ ਪਦਾਰਥ, ਜਿਵੇਂ ਮਿੱਟੀ, ਕੰਕਰ, ਧੂੜ, ਕਚਰਾ, ਤਿਨਕਾ, ਤੂੜੀ ਤੇ ਛੋਟੇ ਪੱਥਰ ਤਾਂ ਕਣਕ, ਚੌਲ, ਜੌਂ, ਬਾਜਰੇ 'ਚ ਮਿਲਾਏ ਜਾਂਦੇ ਹਨ। ਜਿਸ ਨੂੰ ਦੇਖ ਕੇ ਹੀ ਪਤਾ ਲਗ ਜਾਂਦੈ ਕਿ ਮਿਲਾਵਟ ਕਿੰਨੀ ਕੁ ਹੈ। ਥੋੜ੍ਹੀ ਮਿਲਾਵਟ ਵਾਲੇ ਅਨਾਜ ਨੂੰ ਹੀ ਖਪਤਕਾਰ ਖਰੀਦ ਲੈਂਦੇ ਹਨ ਅਤੇ ਛਾਣਬੀਨ ਕਰਕੇ ਅਨਾਜ ਸਾਫ਼ ਕਰ ਲੈਂਦੇ ਹਨ। ਇਸ ਤਰ੍ਹਾਂ ਮਿਰਚਾ ਵਿੱਚ ਡੰਨਣ ਦੀ ਮਿਲਾਵਟ ਹੁੰਦੀ ਹੈ, ਜਿਸ ਨੂੰ ਝਾੜ ਝੰਬਕੇ ਵੱਖ ਕੀਤਾ ਜਾ ਸਕਦਾ

ਹੈ। ਧਨੀਏ 'ਚ ਵੀ ਛੋਟੇ-ਛੋਟੇ ਡੰਨਲ ਜਾਂ ਕੰਕਰ ਪਾਏ ਜਾਂਦੇ ਹਨ, ਜਿਹਨਾਂ ਨੂੰ ਵੱਖ ਕੀਤਾ ਜਾ ਸਕਦਾ ਹੈ। ਮਸਰ 'ਚ ਉਸਦੇ ਆਕਾਰ ਤੇ ਰੰਗ ਦੇ ਪੱਥਰ ਮਿਲੇ ਹੁੰਦੇ ਹਨ, ਜਿਹਨਾਂ ਨੂੰ ਚੁਗ ਕੇ ਵੱਖ ਕੀਤਾ ਜਾਂਦੈ। ਇਸ ਮਿਲਾਵਟ ਨੂੰ ਖਪਤਕਾਰ ਮਿਲਾਵਟ ਨਹੀਂ ਮੰਨਦੇ ਤੇ ਅਨਾਜ ਸਾਫ਼ ਕਰਕੇ ਵਰਤ ਲੈਂਦੇ ਹਨ। ਇਸ ਤਰ੍ਹਾਂ ਸਿਹਤ ਤੇ ਅਸਰ ਨਹੀਂ ਪੈਂਦਾ।

2. **ਸਸਤੇ ਭਾਅ ਦੀ ਚੀਜ਼ ਨਾਲ ਮਿਲਾਵਟ** :- ਇਸ ਤੋਂ ਖਪਤਕਾਰ ਭਲੀ-ਭਾਂਤ ਜਾਣੂ ਹਨ। ਘਿਉ 'ਚ ਵਨਸਪਤੀ, ਮਹਿੰਗੇ ਖਾਣ ਵਾਲੇ ਤੇਲ 'ਚ ਸਸਤਾ ਤੇਲ, ਪਾਣੀ ਮਿਲੇ ਦੁੱਧ 'ਚ ਸਪਰੇਟਾ, ਆਈਸਕ੍ਰੀਮ 'ਚ ਸਟਾਰਚ, ਹਿੰਗ 'ਚ ਰਾਲ ਜਾਂ ਗੂੰਦ, ਚਾਹਪੱਤੀ 'ਚ ਜੰਗਲੀ ਚਾਹ ਦੀ ਪੱਤੀ, ਕਣਕ 'ਚ ਜੌਂ, ਸ਼ੱਕਰ ਕਾਲੀ ਮਿਰਚ 'ਚ ਛੋਟੀ ਕਿਸਮ ਦੀ ਖੋਖਲੀ ਮਿਰਚ, ਹਲਦੀ 'ਚ ਬੇਸਣ, ਕੌਫੀ 'ਚ ਜੰਗਲੀ ਖੰਜੂਰ ਦੀ ਪੀਸੀ ਗਿਟਕ, ਸ਼ਹਿਦ 'ਚ ਸ਼ੱਕਰ ਦੀ ਚਾਸ਼ਣੀ, ਮਸਾਲਿਆਂ 'ਚ ਚੌਲਾਂ ਦਾ ਛਿਲਕਾ, ਗੁੜ 'ਚ ਸੀਰਾ, ਖੋਏ ਦੀ ਮਿਠਾਈ 'ਚ ਸੂਜੀ, ਮੱਖਣ 'ਚ ਉਬਲੇ ਆਲੂ, ਸਫੈਦ ਛੇਨੇ ਦੇ ਰੱਸਗੁਲਿਆਂ 'ਚ ਮੈਦਾ ਆਦਿ ਅਜਿਹੇ ਪਦਾਰਥ ਹਨ, ਜੋ ਮਹਿੰਗੇ ਕਿਸਮ ਦੇ ਖੁਰਾਕੀ ਪਦਾਰਥ 'ਚ ਮਿਲਾਏ ਜਾਂਦੇ ਹਨ, ਪਰ ਕੁਝ ਅਜਿਹੇ ਪਦਾਰਥ ਵੀ ਹਨ ਜਿਹਨਾਂ ਨੂੰ ਮਿਲਾਏ ਜਾਣ ਨਾਲ ਵਿਕ੍ਰੇਤਾ ਨੂੰ ਮਿਲਾਵਟ ਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਮਿਸਾਲ ਵਜੋਂ ਦੁੱਧ, ਸ਼ੱਕਰ, ਦਹੀਂ ਜਾਂ ਰਬੜੀ 'ਚ ਸ਼ੱਕਰ ਮਿਲਾ ਕੇ ਵੇਚਣਾ, ਅਪਰਾਧ ਨਹੀਂ ਹੈ ਭਾਵੇਂ ਕਿ ਸ਼ੱਕਰ ਇਕ ਬਾਹਰੀ ਪਦਾਰਥ ਹੈ। ਇਸ ਦਾ ਕਾਰਣ ਇਹ ਹੈ ਕਿ ਖੰਡ/ਸ਼ੱਕਰ ਇਹਨਾਂ ਚੀਜ਼ਾਂ ਨੂੰ ਮਿੱਠਾ ਕਰਨ ਦੇ ਕੰਮ ਆਉਂਦੀ ਹੈ ਜਿਸ ਨੂੰ ਖਪਤਕਾਰ ਚਾਅ ਨਾਲ ਖਾਂਦੇ ਹਨ।

3. **ਜ਼ਹਿਰੀਲੇ ਪਦਾਰਥਾਂ ਨਾਲ ਮਿਲਾਵਟ** :- ਬਹੁਤ ਸਾਰੇ ਖੁਰਾਕੀ ਪਦਾਰਥਾਂ 'ਚ ਅਜਿਹੀਆਂ ਜ਼ਹਿਰੀਲੀਆਂ ਵਸਤੂਆਂ ਮਿਲਾਈਆਂ ਜਾਂਦੀਆਂ ਹਨ। ਜਿਹਨਾਂ ਦੀ ਵਰਤੋਂ ਨਾਲ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ।

ੳ. ਸਰੋਂ ਦੇ ਤੇਲ 'ਚ ਕਤੀਲੀ ਦੇ ਬੀਜ **(Argemone Mexicanseeds) ਦੀ ਮਿਲਾਵਟ** :- ਪੀਲੇ ਫੁੱਲਾਂ ਵਾਲੀ ਬੂਟੀ ਦੇ ਬੀਜਾਂ ਤੋਂ ਇੱਕ ਜ਼ਹਿਰੀਲਾ ਜਿਹਾ ਤੇਲ ਨਿਕਲਦਾ ਹੈ। ਜਿਸ ਨੂੰ ਆਰਜੀਮੋਨ ਤੇਲ ਕਿਹਾ ਜਾਂਦਾ ਹੈ। ਇਸ ਤੇਲ ਦੇ ਕੁਝ ਬੇਇਮਾਨ ਉਤਪਾਦਕ ਸਰਸੋਂ ਪੀੜਦੇ ਸਮੇਂ ਇਹਨਾਂ ਬੀਜਾਂ ਨੂੰ ਵੀ ਪ੍ਰੋਪੇਲਰ 'ਚ ਪਾ ਦਿੰਦੇ ਹਨ, ਜਿਸ ਕਾਰਨ ਇਹ ਤੇਲ ਸਰੋਂ ਦੇ ਤੇਲ ਨਾਲ ਘੁਲ ਜਾਂਦਾ ਹੈ। ਇਸ ਤਰ੍ਹਾਂ ਮਿਲਾਵਟੀ ਤੇਲ ਨੂੰ ਥੋੜ੍ਹੀ ਮਾਤਰਾ ਵਿੱਚ ਵਰਤਣ ਨਾਲ ਹੀ ਕਾਲਾ ਮੋਤੀਆ (ਗੁਲੂਕੋਮਾ) ਹੋ ਜਾਂਦਾ ਹੈ ਤੇ ਅੱਖਾਂ ਦੀ ਰੋਸ਼ਨੀ ਚਲੀ ਜਾਣ ਕਰਕੇ ਬੰਦਾ ਅੰਨ੍ਹਾਂ ਹੋ ਜਾਂਦਾ ਹੈ। ਜੇ ਆਰਜੀਮੋਨ ਤੇਲ ਦੀ ਮਾਤਰਾ ਵੱਧ ਹੋਵੇ ਤਾਂ ਕੁਝ ਹੀ ਦਿਨ ਵਰਤਣ ਨਾਲ ਬੇਰੀ-ਬੇਰੀ ਰੋਗ ਹੋ ਜਾਂਦਾ ਹੈ, ਪੇਟ 'ਚ ਪਾਣੀ ਭਰ ਜਾਂਦਾ ਹੈ ਤੇ ਸਾਰਾ ਸਰੀਰ ਸੁੱਜ ਜਾਂਦਾ ਹੈ, ਕਾਰਬੋਹਾਈਡ੍ਰੇਟ ਦੀ ਸਰੀਰ 'ਚ ਭਾਰੀ ਘਾਟ ਹੋ ਜਾਂਦੀ ਹੈ, ਜਿਸ ਨਾਲ ਸਰੀਰ ਦੀ ਊਰਜਾ ਸ਼ਕਤੀ ਘੱਟ ਹੋ ਜਾਂਦੀ ਹੈ ਤੇ ਸੋਜ ਸਾਰੇ ਸਰੀਰ ਨੂੰ ਆਪਣੀ ਮਾਰ ਹੇਠ ਲੈ ਲੈਂਦੀ ਹੈ। ਦਿਲ ਵੀ ਕੰਮ ਕਰਨਾ ਬੰਦ ਕਰ ਦਿੰਦਾ ਹੈ ਤੇ ਵਧੀਆ ਇਲਾਜ ਦੇ ਬਾਵਜੂਦ ਵੀ 10 ਤੋਂ 25 ਫੀਸਦੀ ਤੱਕ ਰੋਗੀਆਂ ਦੀ ਮੌਤ ਹੋ ਜਾਂਦੀ ਹੈ, ਬਾਜ਼ਾਰ 'ਚੋਂ ਅਜਿਹਾ ਤੇਲ ਹੀ ਖਰੀਦੋ, ਜੋ ਆਈ ਐਸ ਆਈ ਮਾਰਕ ਹੋਵੇ।

**ਅ. ਨਕਲੀ ਜ਼ਹਿਰੀਲਾ ਤੇਲ** :- ਕੁਝ ਭ੍ਰਿਸ਼ਟ ਵਪਾਰੀ ਸਸਤੇ ਕਿਸਮ ਦੇ ਖਣਿਜ ਤੇਲਾਂ 'ਚ ਘੁਲਣਸ਼ੀਲ ਪੀਲਾ ਰੰਗ, ਆਰਜੀਮੋਨ ਤੇਲ ਤੇ ਖੁਸ਼ਬੂ ਪਾਕੇ ਅਜਿਹਾ ਨਕਲੀ ਤੇਲ ਬਣਾ ਦਿੰਦੇ ਹਨ, ਜੋ ਸਰੋਂ ਦੇ ਤੇਲ ਵਰਗਾ ਹੀ ਲਗਦਾ ਹੈ। ਸਰੋਂ ਦੇ ਤੇਲ ਵਰਗੀ ਮਹਿਕ ਪੈਦਾ ਕਰਨ ਵਾਲੇ ਰਸਾਇਣ 'ਚ ਥੋੜ੍ਹੀ ਮਾਤਰਾ 'ਚ ਹਾਈਡੋਸਾਇਨਕ ਐਸਿਡ ਹੋਣ ਨਾਲ ਨਕਲੀ ਤੇਲ ਇਨਾ ਵੱਧ ਜ਼ਹਿਰੀਲਾ ਬਣ ਜਾਂਦਾ ਹੈ ਕਿ ਕਿ ਇਸ ਨੂੰ ਵਰਤਣ ਨਾਲ ਮੌਤ ਹੋ ਸਕਦੀ ਹੈ।

**ੲ. ਨਕਲੀ ਜ਼ਹਿਰੀਲੀ ਸ਼ਰਾਬ** :- ਵੈਸੇ ਤਾਂ ਸ਼ਰਾਬ 'ਚ ਅਕਸਰ ਰੰਗ ਮਿਲਾਏ ਜਾਂਦੇ ਹਨ, ਜੋ ਕਿ ਕਾਨੂੰਨਣ ਸਹੀ ਨਹੀਂ ਹਨ। ਸ਼ਰਾਬ ਨੂੰ ਨਸ਼ੀਲੀ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ ਮਿਲਾਈਆਂ ਜਾਂਦੀਆਂ ਹਨ, ਪਰ ਕਿਉਂਕਿ ਸ਼ਰਾਬ ਦਾ ਮੁੱਖ ਤੱਤ ਜੋ ਇਥਾਇਲ ਅਲਕੋਹਲ ਹੈ, ਸੌਖੀ ਤਰ੍ਹਾਂ ਨਹੀਂ ਮਿਲਦਾ, ਇਸ ਕਾਰਨ ਕੁਝ ਭ੍ਰਿਸ਼ਟ ਵਪਾਰੀ ਨਕਲੀ ਸ਼ਰਾਬ ਬਣਾਉਣ ਦਾ ਧੰਦਾ ਕਰਦੇ ਹਨ, ਜਿਸ 'ਚ ਪਿਰੀਡਨ ਤੇ ਮਿਥਾਇਲ ਅਲਕੋਹਲ ਦੀ ਵਰਤੋਂ ਕਰਦੇ ਹਨ, ਇਸ ਦੀ ਵਰਤੋਂ ਨਾਲ ਸ਼ਰਾਬ ਏਨੀ ਜ਼ਹਿਰੀਲੀ ਬਣ ਜਾਂਦੀ ਹੈ ਕਿ ਪੀਣ ਤੋਂ ਕੁਝ ਘੰਟੇ ਪਿੱਛੋਂ ਹੀ ਮੌਤ ਹੋ ਜਾਦੀ ਹੈ। ਬੀਤੇ ਦਿਨੀਂ ਅਜਿਹੀਆਂ ਘਟਨਾਵਾਂ ਵਾਪਰੀਆਂ ਵੀ ਹਨ।

**ਸ. ਰੰਗੀਨ ਹਲਦੀ ਜੋ ਮੱਠਾ ਜ਼ਹਿਰ ਬਣ ਜਾਵੇ** :- ਹਲਦੀ ਨੂੰ ਖਿਚਪਾਊ ਬਣਾਉਣ ਲਈ ਜਾਂ ਹਲਦੀ ਦੀਆਂ ਗੰਢੀਆਂ 'ਚ ਕੀੜੇ ਵਾਲੇ ਕੀਤੇ ਸੁਰਾਖ ਛੁਪਾਉਣ ਲਈ, ਕੁੱਝ ਵਪਾਰੀ ਇਸ ਨੂੰ ਲੈਂਡਕ੍ਰੋਮੇਟ ਅਕਾਰਬਨਿਕ ਰਸਾਇਣ ਨਾਲ ਰੰਗਦੇ ਹਨ, ਜੋ ਇਸ ਕਾਰਣ ਸਿਹਤ ਲਈ ਹਾਨੀਕਾਰਕ ਹਨ ਕਿ ਸਰੀਰ 'ਚ ਅਜਿਹੀ ਹਲਦੀ ਦੇ ਪਹੁੰਚਦਿਆਂ ਹੀ ਲੈਂਡ ਕ੍ਰੋਮੇਟ ਲੈਂਡ (ਸਿੱਕੇ) ਤੇ ਕ੍ਰੀਮੀਅਮ 'ਚ ਟੁੱਟ ਜਾਂਦਾ ਹੈ ਤੇ ਇਹ ਸਿੱਕਾ ਫੌਰਨ ਖੂਨ 'ਚ ਘੁਲ ਕੇ ਹੀਮੋਗਲੋਬਿਨ ਦੀ ਪੈਦਾਇਸ਼ ਨੂੰ ਅਸਰਅੰਦਾਜ਼ ਕਰਨ ਲਗਦਾ ਹੈ, ਜਿਸ ਕਾਰਣ ਲਾਲ ਰੰਗ ਦੇ ਬਲੱਡ ਸੈੱਲ ਘੱਟ ਬਣਨ ਕਰਕੇ ਪੀਲੀਆ ਹੋ ਜਾਂਦਾ ਹੈ। ਸਿੱਕਾ ਹੱਡਾਂ 'ਚ ਘੁਲ ਕੇ ਕੈਲਸ਼ੀਅਮ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੰਦਾ ਹੈ ਜਿਸ ਕਾਰਨ ਹੱਡੀ ਕਮਜ਼ੋਰ ਹੋ ਕੇ ਕਦੋਂ ਵੀ ਟੁੱਟ ਜਾਂਦੀ ਹੈ। ਇਸ ਦੀ ਵਰਤੋਂ ਨਾਲ ਬੱਚਿਆਂ ਦੇ ਦਿਮਾਗ਼ ਨੂੰ ਹਰਜਾ ਪਹੁੰਚਦਾ ਹੈ, ਬੱਚਿਆਂ 'ਚ ਪੜ੍ਹਨ ਪ੍ਰਤੀ ਰੁਚੀ ਨਹੀਂ ਰਹਿੰਦੀ ਤੇ ਅਣਪਚ ਵੀ ਪੈਦਾ ਹੋ ਸਕਦਾ ਹੈ।

**ਸਟੋਰ ਠੀਕ ਨਾ ਹੋਵੇ ਤਾਂ ਜ਼ਹਿਰੀਲਾਪਣ ਹੋ ਸਕਦੈ** :- ਜੇ ਬਾਜਰੇ ਨੂੰ ਠੀਕ ਢੰਗ ਨਾਲ ਸਟੋਰ ਨਾ ਕੀਤਾ ਜਾਵੇ ਤਾਂ ਅਕਸਰ ਉੱਲੀ ਲੱਗ ਜਾਂਦੀ ਹੈ, ਜੋ ਜ਼ਹਿਰੀਲੀ ਹੁੰਦੀ ਹੈ। ਇਸ ਨਾਲ ਬਾਜਰੇ ਦੇ ਦਾਣੇ ਦਾ ਸੁਆਦ ਵੀ ਬਦਲ ਜਾਂਦਾ ਹੈ। ਬਰਸਾਤ ਦੇ ਮੌਸਮ 'ਚ ਜੇ ਸਰੋਂ ਅਜਿਹੀ ਥਾਂ ਸਟੋਰ ਕੀਤੀ ਜਾਵੇ, ਜਿੱਥੇ ਨਮੀ ਵੱਧ ਹੋਵੇ ਤਾਂ ਉੱਲੀ ਲੱਗ ਜਾਂਦੀ ਹੈ। ਜਿਸ ਤੋਂ ਕੱਢੇ ਗਏ ਤੇਲ ਵਿੱਚ ਏਲਾਇਲ ਆਈਸੋਥਾਇਓ ਸਾਈਨੇਟ ਦੀ ਮਾਤਰਾ ਏਨੀ ਵਧ ਹੋ ਜਾਂਦੀ ਹੈ ਕਿ ਤੇਲ ਕੁਝ ਜ਼ਹਿਰੀਲਾ ਜਿਹਾ ਹੋ ਜਾਂਦਾ ਹੈ, ਜੋ ਸਿਹਤ ਲਈ ਨੁਕਸਾਨਦੇਹ ਹੈ। ਜੇ ਵਿਕਰੀ ਲਈ ਵੱਧ ਮਾਤਰਾ





# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-
ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

'ਚ ਘਿਉ ਖਰੀਦ ਕੇ ਸਟੋਰ ਕੀਤਾ ਜਾਵੇ ਤਾਂ ਨਮੀ ਹੋਣ ਕਾਰਨ ਕੁਝ ਦਿਨਾਂ ਪਿੱਛੋਂ ਹੀ ਐਸਿਡ ਯੁਕਤ ਹੋਣ ਕਰਕੇ ਐਸੀਡਿਟੀ ਵਧਦੀ ਜਾਂਦੀ ਹੈ, ਜਿਸ ਨਾਲ ਘਿਉ ਕੁਝ ਖੱਟਾ-ਖੱਟਾ ਜਿਹਾ ਲੱਗਣ ਲੱਗਦਾ ਹੈ ਤੇ ਜੇ ਉਸੇ ਵਕਤ ਘਿਉ ਦਾ ਸ਼ੁਧੀਕਰਣ ਨਾ ਕੀਤਾ ਜਾਵੇ ਤਾਂ ਮੁਕਤ ਅਮਲ ਟੁੱਟ ਫੁੱਟ ਕੇ ਘਿਉ 'ਚ ਬਦਬੂ ਪੈਦਾ ਕਰ ਦਿੰਦਾ ਹੈ, ਜਿਸ ਕਾਰਣ ਘਿਉ ਖਾਣਯੋਗ ਨਹੀਂ ਰਹਿ ਜਾਂਦਾ ਹੈ, ਜਿੰਨੀ ਮਰਜ਼ੀ ਭਾਵੇਂ ਉਸ ਦੀ ਸਫਾਈ ਕੀਤੀ ਜਾਵੇ ਜਾਂ ਬਦਬੂਮਾਰ ਪਦਾਰਥਾਂ ਦੀ ਵਰਤੋਂ ਕਰਕੇ ਬਦਬੂਮਾਰ ਦਿੱਤੀ ਜਾਵੇ। ਇਹਨਾਂ ਤਿੰਨਾਂ ਹਾਲਤਾਂ 'ਚ ਵਿਕ੍ਰੇਤਾ ਅਪਮਿਸ਼ਰਣ ਦਾ ਦੋਸ਼ੀ ਹੈ, ਭਾਵੇਂ ਕਿ ਉਸ ਨੇ ਕੋਈ ਵੀ ਜ਼ਹਿਰੀਲੀ ਵਸਤੂ ਨਹੀਂ ਮਿਲਾਈ ਹੈ।

ਅਕਸਰ ਕਈ ਦੋਧੀ ਦੁੱਧ ਤੋਂ ਕ੍ਰੀਮ ਕੱਢ ਕੇ ਉਸ ਨੂੰ ਵੇਚ ਦਿੰਦੇ ਹਨ ਤਾਂ ਸਪਰੇਟੇ ਦੁੱਧ 'ਚ ਥੋੜ੍ਹਾ ਜਿਹਾ ਸ਼ੁੱਧ ਦੁੱਧ ਮਿਲਾ ਕੇ ਗਾਹਕਾਂ ਨੂੰ ਦਿੰਦੇ ਹਨ। ਇਸ ਤਰ੍ਹਾਂ ਖਪਤਕਾਰਾਂ ਨੂੰ ਸ਼ੁੱਧ ਦੁੱਧ ਮਿਲਦਾ ਹੀ ਨਹੀਂ। ਅੱਜਕੱਲ੍ਹ ਸਿੰਥੈਟਿਕ (ਨਕਲੀ) ਦੁੱਧ ਬਣਾਉਣ ਵਾਲੇ ਬਹੁਤ ਕੇਸ ਆਉਂਦੇ ਹਨ। ਉਹ ਦੁੱਧ ਦੇ ਨਾਂ ਹੇਠ 'ਚਿੱਟਾ ਜ਼ਹਿਰ' ਹੈ। ਯੂਰੀਆ, ਸਾਬਣ ਆਦਿ ਪਦਾਰਥਾਂ ਨਾਲ ਤਿਆਰ ਹੋਣ ਵਾਲੇ ਇਸ ਦੁੱਧ ਦੀ ਵਰਤੋਂ ਬਹੁਤ ਖਤਰਨਾਕ ਹੈ। ਬਹੁਤ ਸਾਰੇ ਵਪਾਰੀ ਇਲਾਇਚੀ, ਸੌਂਫ਼, ਦਾਲਚੀਨੀ, ਜਾਅਫ਼ਲ ਤੇ ਜੀਰੇ ਦੇ ਬੋਰੇ ਉਹਨਾਂ ਫੈਕਟਰੀਆਂ ਤੋਂ ਲੈ ਜਾਂਦੇ ਹਨ, ਜਿੱਥੇ ਵਿਲਾਅਕ ਰਾਹੀਂ ਵਾਸਪਸੀਲ ਤੇਲ ਕੱਢਿਆ ਜਾਂਦਾ ਹੈ ਅਤੇ ਤੇਲ ਕੱਢੇ ਹੋਏ ਪਦਾਰਥ ਵੇਚ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਖਪਤਕਾਰ ਨੂੰ ਵੱਧ ਮੁੱਲ ਅਦਾ ਕਰਨ 'ਤੇ ਵੀ ਮੁਖ ਸਰਗਰਮ ਤੱਤ ਨਹੀਂ ਮਿਲ ਸਕਦਾ। ਨਕਲੀ ਰੰਜਕਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹਨਾਂ ਰੰਗਾਂ ਦਾ ਵਰਗੀਕਰਣ ਤਿੰਨ ਭਾਗਾਂ 'ਚ ਕੀਤਾ ਜਾ ਸਕਦਾ ਹੈ। ਕੁਦਰਤੀ ਰੰਗ ਤਾਂ ਕੁਦਰਤੀ ਉਤਪਾਦਾਂ 'ਚ ਪਾਇਆ ਜਾਂਦਾ ਹੈ, ਜੋ ਕਿ ਆਮ ਕਰਕੇ ਸਿਹਤ ਲਈ ਹਾਨੀਕਾਰਕ ਨਹੀਂ ਹੈ, ਪਰ ਜੇ ਇਹੀ ਕੁਦਰਤੀ ਰੰਗ ਲਬਾਟਰੀਆਂ 'ਚ ਬਣਾਏ ਜਾਣ ਤਾਂ ਸਿਹਤ ਲਈ ਹਾਨੀਕਾਰਕ ਵੀ ਹੋ ਸਕਦੇ ਹਨ, ਜੇ ਇਹਨਾਂ 'ਚ ਆਰਸੇਨਿਕ ਤੇ ਸੀਸੇ ਦੀ ਮਾਤਰਾ ਵੱਧ ਹੋ ਜਾਵੇ। ਇਹੀ ਕਾਰਣ ਹੈ ਕਿ ਕੁਦਰਤੀ ਰੰਗ ਜੋ ਫੈਕਟਰੀਆਂ 'ਚ ਬਣਾਏ ਜਾਂਦੇ ਹਨ, ਉਹਨਾਂ 'ਚ ਆਰਸੈਨਿਕ ਲੈਡ, ਕਾਪਰ ਤੇ ਜ਼ਿੰਕ ਦੀ ਵੱਧ ਮਾਤਰਾ ਨਿਰਧਾਰਤ ਕਰ ਦਿੱਤੀ ਜਾਂਦੀ ਹੈ। ਇਹ ਰੰਗ ਬੀਟਾ ਕੈਰੋਟਿਨ (ਲਾਲ), ਕਲੋਰੋਫਿਲ (ਹਰਾ), ਕੈਰੇਮਲ (ਭੂਰਾ ਪੀਲਾ), ਏਨੈਟੋ (ਪੀਲਾ ਲਾਲ) ਤੇ ਰਿਬੋਫਲੇਬਿਨ ਸਭ ਤਰ੍ਹਾਂ ਦੇ ਅਕਾਰਬਨਿਕ ਰੰਗਾਂ ਦੀ ਵਰਤੋਂ ਖੁਰਾਕੀ ਪਦਾਰਥਾਂ ਨੂੰ ਰੰਗਣ ਲਈ ਪਾਬੰਦੀਸ਼ੁਧਾ ਹੈ। ਆਮ ਤੌਰ 'ਤੇ ਮੈਗਨੀਸ਼ੀਅਮ ਸਿਲੀਕੇਟ ਜੋ ਸਫੈਦ ਰੰਗ ਦਾ ਚਿਕਨਾ ਜਿਹਾ ਪਦਾਰਥ ਹੈ ਦਾਲਾਂ ਪਾਲਿਸ਼ੀ ਕਰਨ ਲਈ ਵਰਤਿਆ ਜਾਂਦਾ ਹੈ ਤੇ ਲੈਡ ਕ੍ਰੋਮੇਟ ਜੋ ਪੀਲਾ ਲਵਣ ਹੈ, ਜੋ ਹਲਦੀ ਨੂੰ ਰੰਗਣ ਲਈ ਵਰਤਿਆ ਜਾਂਦਾ ਹੈ।

**ਕਾਰਬਨਿਕ ਕੋਲਤਾਰ ਰੰਜਕ** :- ਖੁਰਾਕੀ ਪਦਾਰਥਾਂ ਨੂੰ ਰੰਗਣ ਦੇ ਨਜ਼ਰੀਏ ਤੋਂ ਇਹ ਦੋ ਭਾਗਾਂ 'ਚ ਵੰਡੇ ਜਾਂਦੇ ਹਨ।

**ਪਾਬੰਦੀ ਸ਼ੁਧਾ ਕੋਲਤਾਰ ਰੰਜਕ** :-ਪਬੰਦੀਸ਼ੁਧਾ ਹੋਣ 'ਤੇ ਵੀ ਇਹ ਸਸਤੇ ਹੋਣ ਕਰਕੇ ਹਲਵਾਈ, ਬੇਕਰੀ ਤੇ ਕਨਫੈਕਸ਼ਨਰਸ ਵਲੋਂ ਖੁਰਾਕੀ ਪਦਾਰਥਾਂ ਨੂੰ ਰੰਗਣ ਲਈ ਵਰਤੇ ਜਾਂਦੇ ਹਨ।

**ਲਾਲ ਰੰਗ ਲਈ** :- ਰੋਡਬਿਨ ਬੀ. ਪੀਲੇ ਰੰਗ ਲਈ ਆਰੇਮਿਨ ਤੇ ਮੇਟੇਨਿਲ ਯੇਲੋ, ਬਟਰ ਯੈਲੋ, ਨਾਰੰਗੀ ਰੰਗ ਲਈ - ਆਰੇਂਜ-2, ਹਰੇ ਰੰਗ ਲਈ -ਮੇਲੇਕਾਈਟ ਗ੍ਰੀਨ।

2. **ਇਜਾਜ਼ਤ ਸ਼ੁਧਾ ਕੋਲਤਾਰ ਰੰਜਕ** :-ਇਹ ਸਿਰਫ ਕੁਝ ਹੀ ਪਦਾਰਥਾਂ ਨੂੰ ਜਿਵੇਂ ਫਲੇਵਰਡ ਦੁੱਧ, ਆਈਸ ਕ੍ਰੀਮ ਤੇ ਆਈਸ ਕੈਂਡੀ, ਬਿਸਕੁਟ, ਮਿਠਾਈ, ਡ੍ਰਿੰਕਸ, ਕਸਟਰਡ ਪਾਊਡਰ, ਸ਼ੈਂਪ ਪਾਊਡਰ, ਜੈਲੀ ਕ੍ਰਿਸਟਲ ਤੇ ਸੁਗੰਧਕਾਰੀ ਪਦਾਰਥਾਂ 'ਚ ਵਰਤੇ ਜਾ ਸਕਦੇ ਹਨ, ਪਰ ਰੰਜਕ ਦੀ ਮਾਤਰਾ 0.2 ਗ੍ਰਾਮ ਫੀ ਕਿਲੋਗ੍ਰਾਮ (ਖੁਰਾਕੀ ਪਦਾਰਥ) ਤੋਂ ਵੱਧ ਨਹੀਂ ਹੋਣੀ ਚਾਹੀਦੀ। ਹੋਰ ਪਦਾਰਥ 'ਚ ਕੋਲਤਾਰ ਦੀ ਵਰਤੋਂ ਵਰਜਿਤ ਹੈ। ਇਸ ਕਾਰਣ ਖਪਤਕਾਰਾਂ ਨੂੰ ਰੰਗੇ ਹੋਏ ਖੁਰਾਕੀ ਪਦਾਰਥਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਪਦਾਰਥ ਸਿਹਤ ਲਈ ਹਾਨੀਕਾਰਕ ਹਨ, ਜੇ ਇਜ਼ਾਜਤ ਸ਼ੁਧਾ ਰੰਗਾਂ ਦੀ ਵਰਤੋਂ ਵੱਧ ਮਾਤਰਾ 'ਚ ਹੋਈ ਹੈ। ਬੀਮਾਰ ਜਾਨਵਰਾਂ ਤੇ ਮਰੇ ਹੋਏ ਜਾਨਵਰਾਂ ਦੀ ਵੀ ਦੁਰਵਰਤੋਂ ਹੁੰਦੀ ਹੈ। ਬਹੁਤ ਗਾਵਾਂ ਤੇ ਮੱਝਾਂ ਨੂੰ ਤਪਦਿਕ ਜੋ ਜਾਂਦੀ ਹੈ ਜਾਂ ਉਹਨਾਂ ਦੇ ਥਣਾਂ 'ਚ ਇਨਫੈਕਸ਼ਨ ਹੋ ਜਾਂਦੀ ਹੈ, ਇਸ ਨਾਲ ਦੁੱਧ 'ਚ ਖ਼ੂਨ ਦੇ ਕਣ ਵੀ ਆ ਜਾਂਦੇ ਹਨ। ਇਸ ਤਰ੍ਹਾਂ ਦੇ ਦੁੱਧ ਦੀ ਵਰਤੋਂ ਨਾਲ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ। ਇਸ ਲਈ ਖਪਤਕਾਰ ਨੂੰ ਚੁਕੰਨੇ ਰਹਿਣਾ ਚਾਹੀਦਾ ਹੈ ਕਿ ਕਿਤੇ ਉਹ ਬੀਮਾਰ ਜਾਂ ਮਰੇ ਹੋਏ ਪਸ਼ੂ ਦਾ ਮਾਸ ਤਾਂ ਨਹੀਂ ਖਾ ਰਿਹਾ। ਖਪਤਕਾਰ ਨੂੰ ਇਹ ਧਿਆਨ 'ਚ ਰੱਖਣਾ ਚਾਹੀਦੈ ਕਿਸ ਤਰ੍ਹਾਂ ਦੇ ਵਾਤਾਵਰਣ 'ਚ ਖੁਰਾਕੀ ਪਦਾਰਥ ਤਿਆਰ ਕੀਤਾ ਗਿਆ ਹੈ ਕਿਉਂਕਿ ਤਿਆਰ ਕੀਤੀ ਸਮਗਰੀ ਉਦੋਂ ਖਾਣਯੋਗ ਨਹੀਂ ਰਹਿ ਜਾਂਦੀ, ਜਦ ਵਸਤੂ ਵਿਸ਼ੇਸ਼ ਅਜਿਹੀ ਥਾਂ ਬਣਾਈ ਜਾ ਰਹੀ ਹੋਵੇ, ਜਿੱਥੇ ਮੱਖੀਆਂ ਭਿਣ ਭਿਣਾ ਰਹੀਆਂ ਹੋਣ, ਆਸਪਾਸ ਕੂੜਾ-ਕਰਕਟ ਸੜਣ ਨਾਲ ਬਦਬੂ ਆ ਰਹੀ ਹੋਵੇ, ਮਿੱਟੀ ਉੱਡ ਰਹੀ ਹੋਵੇ। ਇਸ ਤਰ੍ਹਾਂ ਜੇ ਗੰਦੇ ਬਰਤਨਾਂ ਦੀ ਵਰਤੋਂ ਵਸਤੂ ਵਿਸ਼ੇਸ਼ ਬਣਾਉਣ ਲਈ ਕੀਤੀ ਜਾ ਰਹੀ ਹੋਵੇ ਜਾਂ ਅਜਿਹੇ ਬਰਤਨ ਵਰਤੋਂ 'ਚ ਲਿਆਂਦੇ ਜਾ ਰਹੇ, ਹੋਣ ਜਿਨ੍ਹਾਂ ਦੀ ਅੰਦਰੂਨੀ ਪਰਤ ਉਧੜ ਗਈ ਹੋਵੇ ਤਾਂ ਅਜਿਹੀ ਵਸਤੂ ਵਿਸ਼ੇਸ਼ ਖਾਣ ਯੋਗ ਨਹੀਂ ਰਹਿ ਜਾਂਦੀ। ਇਸ ਤਰ੍ਹਾਂ ਵਸਤੂ ਵਿਸ਼ੇਸ਼ ਸਿਹਤਮੰਦ ਵਾਤਾਵਰਣ 'ਚ ਬਣਾਉਣ ਪਿੱਛੋਂ ਜਿਵੇਂ ਸਾਫਟ ਡ੍ਰਿੰਕਸ, ਜਾਂ ਕਾਰਬੋਨੇਟਡ ਡ੍ਰਿੰਕਸ ਅਜਿਹੀਆਂ ਬੋਤਲਾਂ 'ਚ ਪੈਕ ਕਰ ਦਿੱਤੀ ਗਈ ਹੋਵੇ ਜੋ ਗੰਦੀਆਂ ਹੋਣ ਜਾਂ ਬੋਤਲ 'ਚ ਡ੍ਰਿੰਕਸ ਭਰਦੇ ਸਮੇਂ ਮੱਖੀ, ਕਾਕਰੋਚ ਜਾਂ ਹੋਰ ਕੀੜੇ ਘੁਸ ਗਏ ਹੋਣ ਤਾਂ ਵੀ ਵਸਤੂ ਵਿਸ਼ੇਸ਼ ਖਾਣ ਲਾਇਕ ਨਹੀਂ ਰਹਿ ਜਾਂਦੀ ਭਾਵੇਂ ਹੀ ਇਹ ਨਿਰਧਾਰਿਤ ਪੈਮਾਨਿਆਂ ਦੇ ਅਨੁਕੂਲ ਹੋਵੇ। ਉਪਰੋਕਿਤ ਸਭ ਹਾਲਤਾਂ 'ਚ ਉਤਪਾਦਕ ਜਾਂ ਵਿਕ੍ਰੇਤਾ ਅਪਮਿਸ਼ਰਣ ਦਾ ਦੋਸ਼ੀ ਕਿਹਾ ਜਾਵੇਗਾ।

## ✪ ਸੱਪ ਦਾ ਡੱਸਿਆ ਮਾਸੂਮ 'ਅਖੌਤੀ' ਬਾਬੇ ਨੇ ਭੇਜਿਆ ਮੌਤ ਦੇ ਮੂੰਹ

ਰੁੜਕੀ ਕਲਾਂ ਨੇੜੇ ਪੈਂਦੇ ਪਿੰਡ ਛੋਕਰਾਂ ਦਾ ਸੱਪ ਦਾ ਡੱਸਿਆ ਇਕ ਮਾਸੂਮ ਝਾੜਫੂਕ ਦੇਣ ਵਾਲੇ 'ਬਾਬੇ' ਦੀ ਭੇਂਟ ਚੜ੍ਹ ਗਿਆ। ਜਾਣਕਾਰੀ ਅਨੁਸਾਰ, ਜਸਪ੍ਰੀਤ ਸਿੰਘ ਵਾਸੀ ਛੋਕਰਾਂ ਆਪਣੇ ਨਾਨਕੇ ਪਿੰਡ ਬਨਭੌਰੇ ਵਿਖੇ ਆਪਣੀ ਮਾਂ ਨਾਲ ਆਇਆ ਹੋਇਆ ਸੀ, ਜਿਸ ਨੂੰ ਖੇਡਦੇ ਸਮੇਂ ਸੱਪ ਨੇ ਡੱਸ ਲਿਆ। ਬੱਚੇ ਦਾ ਨਾਨਕਾ ਪਰਿਵਾਰ ਉਸ ਨੂੰ ਬਨਭੌਰੇ ਦੇ ਹੀ ਇਕ ਝਾੜਫੂਕ ਕਰਨ ਵਾਲੇ ਕੋਲ ਲੈ ਗਿਆ। ਉਸ ਨੇ ਕਿਹਾ ਕਿ ਬੱਚੇ ਨੂੰ ਕੁੱਝ ਨਹੀਂ ਹੋਇਆ, ਘਰ ਲੈ ਜਾਓ। ਪਰਵਾਰ ਬੱਚੇ ਨੂੰ ਘਰ ਲੈ ਆਇਆ। ਪਰ ਜਦੋਂ ਬੱਚਾ ਮੁੜ ਰੋਣ ਲੱਗਿਆ ਤਾਂ ਪਰਿਵਾਰ ਫਿਰ ਉਸ ਕੋਲ ਲੈ ਗਿਆ, ਜਿਸ ਨੇ ਉਨ੍ਹਾਂ ਨੂੰ ਜਵਾਬ ਦੇ ਕੇ ਮੋੜ ਦਿੱਤਾ।

ਜਦੋਂ ਬੱਚੇ ਦਾ ਸਰੀਰ ਨੀਲਾ ਪੈਣਾ ਸ਼ੁਰੂ ਹੋਇਆ ਤਾਂ ਪਰਿਵਾਰ ਨੇ ਡਾਕਟਰੀ ਸਹਾਇਤਾ ਲਈ ਪਹੁੰਚ ਕੀਤੀ, ਪਰ ਉਦੋਂ ਤਕ ਦੇਰ ਹੋ ਚੁੱਕੀ ਸੀ। ਜ਼ਿਕਰਯੋਗ ਹੈ ਕਿ ਬੱਚੇ ਜਸਪ੍ਰੀਤ ਸਿੰਘ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਮਾਂ ਦੇ ਜਿਉਣ ਦਾ ਜਸਪ੍ਰੀਤ ਹੀ ਸਹਾਰਾ ਸੀ, ਜੋ ਅੰਧਵਿਸ਼ਵਾਸ ਦੀ ਭੇਂਟ ਚੜ੍ਹ ਗਿਆ। ਇਸ ਦੇ ਨਾਲ ਕੀਮਤੀ ਜ਼ਿੰਦਗੀ ਨੂੰ ਮੌਤ ਦੇ ਮੂੰਹ ਵਿਚ ਝੋਕਣ ਵਾਲੇ ਇਸ ਅਖੌਤੀ ਸਿਆਣੇ ਵਿਰੁੱਧ ਸਮਾਜ ਸੇਵੀ ਜਥੇਬੰਦੀਆਂ ਨੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਜੋ ਜਾਣਦੇ ਹਨ ਉਹ ਚੁੱਪ ਹਨ



ਦੋ ਕਿਸਮ ਦੇ ਲੋਕ ਦੁਨੀਆਂ ਨੂੰ ਤਬਾਹ ਕਰਦੇ ਐ, ਇਕ ਤਾਂ ਜਿਹਨਾਂ ਨੂੰ ਪਤਾ, ਹੁੰਦੈ ਪਰ ਉਹ ਬੋਲਦੇ ਨਹੀਂ, ਦੂਜੇ ਜਿਹਨਾਂ ਨੂੰ ਪਤਾ ਨਹੀਂ ਹੁੰਦਾ, ਪਰ ਉਹ ਬੋਲਦੇ ਐ -(ਪੇਜਾ)। ਸਾਡੇ ਦੇਸ਼, ਸਮਾਜ 'ਚ ਆਪਣੇ ਆਪ ਨੂੰ ਤਰਕਸ਼ੀਲ (ਵਿਗਿਆਨਕ ਵਿਚਾਰਧਾਰਾ ਵਾਲੇ) ਕਹਾਉਣ ਵਾਲੇ (ਜੋ ਜਾਣਦੇ ਐ) ਬਹੁਤੇ ਉਹ ਚੁੱਪ ਐ। ਦੂਜੇ ਪਾਸੇ, ਆਸਤਕ (ਧਰਮ ਦੇ ਠੇਕੇਦਾਰ) ਜੋ ਕੁਝ ਵੀ ਨਹੀਂ ਜਾਣਦੇ, ਉਹ ਲਗਾਤਾਰ ਬੋਲ ਰਹੇ ਐ। 'ਅੰਧੀ ਰਯਤ ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰ (ਗੁਰੂ ਨਾਨਕ)' ਅੱਜ ਤੋਂ 600 ਸਾਲ ਪਹਿਲਾਂ ਵੀ ਰਯਤ (ਪਰਜਾ) ਗਿਆਨ ਵਿਹੂਣੀ ਸੀ ਅਤੇ ਉਸਦੇ ਭੇਜੇ (ਦਿਮਾਗ) 'ਚ ਤੂੜੀ ਭਰੀ ਹੋਈ ਸੀ, ਜਿਵੇਂ ਮਰੇ ਹੋਏ ਕਟੜੂ (ਮੂਰੇ) ਦੇ ਸਰੀਰ 'ਚ ਭਰ ਕੇ ਉਸਨੂੰ ਦੁੱਧ ਚੋਣ ਵੇਲੇ ਮੱਝ ਅੱਗੇ ਜਿਉਂਦੇ ਹੋਣ ਦਾ ਭੁਲੇਖਾ ਪਾਉਣ ਲਈ ਰੱਖਿਆ ਜਾਂਦਾ ਹੈ। ਅੱਜ ਵੀ ਹਾਲਾਤ ਤਕਰੀਬਨ ਉਹੀ ਹੈ। ਉਦੋਂ ਗਿਆਨ ਵਿਹੂਣੇ ਵਿਅਕਤੀ ਨੂੰ ਅਨਪੜ ਕਿਹਾ ਜਾਂਦਾ ਸੀ, ਪਰ ਅੱਜ ਗਿਆਨ ਵਿਹੂਣੇ ਅਖੌਤੀ ਪੜ੍ਹੇ ਲਿਖੇ ਹਨ। 11ਵੀਂ ਸਦੀ 'ਚ ਮੁਹੰਮਦ ਗ਼ਜ਼ਨਵੀ ਨੇ ਭਾਰਤ 'ਤੇ 17 ਹਮਲੇ ਕੀਤੇ। ਉਸਦਾ ਮੁੱਖ ਨਿਸ਼ਾਨਾ ਗੁਜਰਾਤ ਦਾ ਸੋਮਨਾਥ ਮੰਦਰ ਹੁੰਦਾ ਸੀ। ਗ਼ਜ਼ਨਵੀ ਕੋਲ ਊਠਾਂ, ਘੋੜਿਆਂ 'ਤੇ 5 ਕੁ ਹਜ਼ਾਰ ਦੇ ਕਰੀਬ ਫੌਜ ਹੁੰਦੀ ਸੀ। ਇਕ ਲੱਖ ਦੇ ਕਰੀਬ ਪੰਡਿਤ (ਸ਼ਰਧਾਲੂ) ਸੋਮਨਾਥ ਦੇ ਮੰਦਰ 'ਚ ਲੱਗੀ ਮੂਰਤੀ ਅੱਗੇ ਅਰਦਾਸ ਕਰਦੇ, ਮੰਤਰ ਪੜ੍ਹਦੇ ਰਹਿੰਦੇ ਕਿ ਇਸ ਹਮਲਾਵਰ ਨੂੰ ਅੰਨ੍ਹਾਂ ਕਰਦੇ। ਗ਼ਜ਼ਨਵੀ ਸਾਰਾ ਮਾਲ ਲੁੱਟ ਕੇ ਅੱਧ-ਪਚੱਧ ਬੈਠੇ ਲੋਕਾਂ ਦਾ ਕਤਲੇਆਮ ਕਰਕੇ, ਸੋਨਾ ਚਾਂਦੀ ਊਠ, ਖਚਰਾਂ 'ਤੇ ਲੱਦ ਕੇ ਆਰਾਮ ਨਾਲ ਆਪਣੇ ਦੇਸ਼ ਅਫ਼ਗਾਨਿਸਤਾਨ 'ਚ ਲੈ ਜਾਂਦਾ। ਇਹ ਇਕ ਵਾਰ ਨਹੀਂ ਪੂਰੇ 17 ਵਾਰ ਹੋਇਆ ਜਦ ਤਕ ਕਿ ਮਹਿਮੂਦ ਗ਼ਜ਼ਨਵੀ ਦੀ ਕੁਦਰਤੀ ਮੌਤ ਨਹੀਂ ਹੋ ਗਈ। ਹਰੀ ਸਿੰਘ ਨਲੂਆ, ਜਦ ਸੋਮਨਾਥ ਮੰਦਰ ਦੇ ਸੋਨਾ ਜੜ੍ਹੇ ਦਰਵਾਜੇ ਵਾਪਸ ਲੈਕੇ ਆਇਆ ਤਾਂ ਪੰਡਿਤਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਮੁਸਲਮਾਨਾਂ ਦੇ ਹੱਥ ਲਾਉਣ ਨਾਲ ਭਿੱਟੇ ਗਏ ਹਨ, ਫਿਰ ਉਹ ਤਖਤੇ ਅੰਮ੍ਰਿਤਸਰ ਹਰਮੰਦਰ ਸਾਹਿਬ 'ਚ ਲਾ ਦਿਤੇ ਗਏ।



**ਅਮਰਜੀਤ ਢਿੱਲੋਂ**
**ਦਬੜ੍ਹੀਖਾਨਾ**

ਪੰਦਰਵੀਂ ਸਦੀ 'ਚ (400 ਸਾਲ ਬਾਅਦ) ਬਾਬਰ ਨੇ ਹਮਲਾ ਕੀਤਾ ਤਾਂ ਉਦੋਂ ਵੀ ਹਾਲਾਤ ਉਸੇ ਤਰ੍ਹਾਂ ਦੇ ਹੀ ਸੀ। (ਹਾਲਾਂਕਿ ਯੂਰਪ 'ਚ ਗਲੈਲੀਓ ਨੇ ਉਸ ਵੇਲੇ ਦੂਰਬੀਨ ਬਣਾ ਕੇ ਚੰਦ ਦੇ ਟੋਏ ਟਿੱਬੇ ਵਿਖਾ ਦਿਤੇ ਸਨ ਅਤੇ ਧਰਤੀ ਘੁੰਮਦੀ ਅਤੇ ਗੋਲ ਹੋਣ ਬਾਰੇ ਲੋਕਾਂ 'ਚ ਪ੍ਰਚਾਰ ਕੀਤਾ ਜਾ ਰਿਹਾ ਸੀ।) ਸਾਡੇ ਦੇਸ਼ 'ਚ ਜਾਤ ਵਰਣ ਕਰਕੇ ਸਿਰਫ ਖੱਤਰੀ ਹੀ ਲੜ ਸਕਦੇ ਸਨ। ਸ਼ੂਦਰ, ਬ੍ਰਿਹਮਣ, ਵੈਸ਼ ਆਦਿ ਕੌਮਾਂ ਨੂੰ ਲੜਣ ਦੀ ਮਨਾਹੀ ਸੀ। ਉਦੋਂ ਵੀ ਪੰਡਿਤਾਂ ਨੇ ਕਿਹਾ ਕਿ ਅਸੀਂ ਮੰਤਰ ਮਾਰਾਂਗੇ ਤਾਂ ਮੁਗਲ ਅੰਨ੍ਹੇ ਹੋ ਜਾਣਗੇ। ਗੁਰੂ ਨਾਨਕ ਦੇਵ ਜੀ (ਜਿਹਨਾਂ ਨੇ ਇਹ ਸਾਰਾ ਕੁਝ ਅੱਖੀਂ ਦੇਖਿਆ ਸੀ ਲਿਖਿਆ ਹੈ ਕਿ 'ਕੋਈ ਮੁਗਲ ਨਾ ਹੋਆ ਅੰਧਾ, ਕਿਨੈ ਪਰਚਾ ਲਾਇਆ।' ਭਾਵ ਨਾ ਕੋਈ ਮੁਗਲ ਅੰਨ੍ਹਾਂ ਹੋਇਆ ਅਤੇ ਨਾ ਹੀ ਕਿਸੇ ਦਾ ਨੁਕਸਾਨ ਹੋਇਆ। ਇਥੋਂ ਤਕ ਕਿ ਗੁਰੂ ਨਾਨਕ ਦੇਵ ਨੂੰ ਰੱਬ ਅੱਗੇ ਦੁਹਾਈ ਦੇਣੀ ਪਈ 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ।' ਇਹ ਸਭ ਕੁਝ ਕਿਉਂ ਹੋਇਆ, ਕਿਉਂਕਿ ਜਿਹੜੇ ਜਾਣਦੇ ਸੀ ਉਹ ਉਦੋਂ ਵੀ ਚੁੱਪ ਰਹੇ ਅਤੇ ਜਿਹੜੇ ਨਹੀਂ ਜਾਣਦੇ ਸੀ, ਉਹ ਬੋਲਦੇ ਰਹੇ। ਫਿਰ ਅੱਜ ਦੇ ਵਿਗਿਆਨਕ ਯੁਗ 'ਚ (ਗੁਰੂ ਨਾਨਕ ਦੇਵ ਤੋਂ 500 ਸਾਲ ਬਾਅਦ) 1996-97 'ਚ ਮੂਰਤੀਆਂ ਦੇ ਦੁੱਧ ਪੀਣ ਦੀ ਅਫ਼ਵਾਹ ਫੈਲੀ। ਮੰਦਰਾਂ 'ਚ ਦੁੱਧ ਦੀਆਂ ਗੜਵੀਆਂ ਲਈ ਉਹ ਲੋਕ ਖੜ੍ਹੇ ਸਨ, ਜਿਹਨਾਂ ਦੇ ਹੱਥ 'ਚ ਕਦੇ ਕਾਲਜ ਦੀ ਡਿਗਰੀਆਂ ਰਹੀਆਂ ਹੋਣਗੀਆਂ। 11ਵੀਂ ਸਦੀ ਤੋਂ ਬਾਅਦ ਸਾਡੇ ਭਾਰਤ ਦੇਸ਼ ਮਹਾਨ 'ਚ (900 ਸਾਲਾਂ 'ਚ) ਲੋਕਾਂ ਦੀ ਸੋਚ ਦਾ ਕਿੰਨਾ ਕੁ ਵਿਕਾਸ ਹੋਇਆ, ਇਸਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅੱਜ ਸਾਡੇ ਚਾਰ-ਚੁਫੇਰੇ ਲਾਊਡ ਸਪੀਕਰਾਂ ਦਾ ਸ਼ੋਰ ਹੈ। ਸਵੇਰੇ ਸਾਝਰੇ ਹੀ ਸਪੀਕਰਾਂ 'ਚ ਉਹ ਬੋਲਣ ਲੱਗ ਜਾਂਦੇ ਹਨ, ਜਿਹੜੇ ਨਹੀਂ ਜਾਣਦੇ। ਜਾਨਣ ਵਾਲੇ ਚੁਪ ਚਾਪ ਬਰਦਾਸ਼ਤ ਕਰਦੇ ਰਹਿੰਦੇ ਹਨ। ਸਿਰਫ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਕ ਦਰਖ਼ਾਸਤ ਲਿਖ ਕੇ ਡਾਕ 'ਚ ਭੇਜਣੀ ਹੁੰਦੀ ਹੈ ਕਿ ਇਹ ਸ਼ੋਰ ਬੰਦ ਕਰਵਾਇਆ ਜਾਵੇ। ਲੋਕ ਕੁੜ-ਕੁੜ ਤਾਂ ਬਹੁਤ ਕਰਦੇ ਹਨ, ਪਰ ਉਡੀਕਦੇ ਹਨ ਕਿ ਦਰਖ਼ਾਸ਼ਤ ਦੇਣ ਵਾਲਾ ਵੀ ਕੋਈ ਭਗਤ ਸਿੰਘ ਬਾਹਰੋਂ ਆਏ, ਸਾਡੇ ਪਰਿਵਾਰ 'ਚੋਂ ਨਾ ਹੋਏ। ਜੇ ਪਰਿਵਾਰ 'ਚ ਭਗਤ ਸਿੰਘ ਪੈਦਾ ਹੋ ਗਿਆ ਤਾਂ ਫਿਰ ਸਾਡਾ ਕਿਤੇ ਆਰਥਿਕ ਨੁਕਸਾਨ ਨਾ ਹੋ ਜਾਵੇ। ਇਸੇ ਨੂੰ ਦੇਖ ਦੇ ਪਾਸ਼ ਨੇ ਕਿਹਾ 'ਸਭ ਤੋਂ ਖ਼ਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ'। ਅੱਜ ਮਨੁੱਖਤਾ ਜੋ ਸੁੱਖ ਸੁਵਿਧਾਵਾਂ ਭੋਗ ਰਹੀ ਹੈ, ਉਹ ਸਭ ਵਿਗਿਆਨ ਦੀ ਬਦੌਲਤ ਹੈ। ਤਰਕਸ਼ੀਲ ਸੋਚ ਅਪਣਾ ਕੇ ਹੀ ਮਨੁੱਖ ਸੁਖੀ ਹੋ ਸਕਦਾ ਹੈ। ਲੋਕਾਂ ਦੇ ਮਨਾਂ 'ਚ ਅੰਧ-ਵਿਸ਼ਵਾਸ਼ ਕੱਢਣ ਵਾਲੇ ਤਰਕਸ਼ੀਲ ਅਤੇ ਵਿਗਿਆਨੀ ਹੀ ਇਨਸਾਨੀਅਤ ਦੇ ਅਸਲ ਹੀਰੇ ਹਨ। ਵਿਹਲੜ ਸਾਧ, ਤਾਂਤਰਿਕ ਅਤੇ ਜੋਤਸ਼ੀ ਆਦਿ ਵਿਗਿਆਨ ਦੀਆਂ ਸਾਰੀਆਂ ਕਾਢਾਂ ਦਾ ਸੁੱਖ ਭੋਗਦੇ ਹਨ ਅਤੇ ਨਾਲ ਹੀ ਵਿਗਿਆਨ ਦੀ ਨਿੰਦਿਆ ਵੀ ਕਰਦੇ ਹਨ। ਆਸਤਿਕ ਬਣਨਾ ਬਹੁਤ ਸੌਖਾ ਹੈ। ਲਾਈਲੱਗ ਬਣਕੇ ਮੱਥਾ ਟੇਕੋ, ਅਨਪੜ੍ਹ ਸਾਧਾਂ ਦੀ ਹਾਂ 'ਚ ਹਾਂ ਮਿਲਾਓ, ਅੱਖਾਂ ਮੀਟ ਕੇ ਸੱਤ ਹੈ ਸੱਤ ਹੈ ਜੀ! ਕਰੀ ਜਾਓ ਤੇ ਬੱਸ ਆਸਤਕ ਦਾ ਸਰਟੀਫਿਕੇਟ ਲਓ। ਆਸਤਕ ਦਾ ਅਸਲੀ ਅਰਥ ਹੁੰਦਾ ਹੈ, ਕਿਸੇ ਦੀ ਆਸ ਤੱਕਣ ਵਾਲਾ। ਜਦੋਂ ਕਿ ਨਾਸਤਕ (ਨਾ-ਆਸਤਕ) ਬਣਨ ਵਾਸਤੇ ਮੱਥੇ ਵਿਚਲਾ ਦੀਪ ਜਗਾਉਣਾ ਪੈਂਦਾ ਹੈ। ਸਦੀਆਂ ਦੇ ਵਹਿਮਾਂ, ਭਰਮਾਂ ਅਤੇ ਲਾਈਲੱਗਤਾ ਦਾ ਕੂੜਾ ਮਨ 'ਚੋਂ ਪੂਰੀ ਤਰ੍ਹਾਂ ਹੂੰਝਣਾ ਪੈਂਦਾ ਹੈ। ਇਸੇ ਲਈ ਆਪਣੇ ਬੱਚਿਆਂ ਨੂੰ ਬਿਗਾਨੀ ਆਸ ਤਕਣ ਵਾਲੇ ਆਸਤਕ ਬਣਨ ਤੋ ਬਚਾਓ।

11 ਅਗਸਤ 2015 ਨੂੰ ਦੈਨਿਕ ਭਾਸਕਰ ਡਾਟ ਕਾਮ ਵਲੋਂ ਕੀਤੇ ਦੱਖਣੀ ਭਾਰਤ ਦੇ ਤ੍ਰਿਪਤੀ ਤ੍ਰਿਪਾਲਾ, ਸ਼ਿਰੜੀ ਸਾਈਂ ਬਾਬਾ, ਕਾਸ਼ੀ ਵਿਸ਼ਵ ਨਾਥ ਅਤੇ ਸਿਧ ਵਿਨਾਇਕ ਮੰਦਰ ਦੇ ਸਰਵੇਖਣ ਤੋਂ ਇਹ ਗਲ ਸਾਹਮਣੇ ਆਈ ਕਿ ਇਹਨਾਂ 'ਚ 132000, (ਇਕ ਲੱਖ

ਬੱਤੀ ਹਜ਼ਾਰ ਕਰੋੜ) ਰੁਪੈ ਪਏ ਹਨ, 5 ਲੱਖ ਸ਼ਰਧਾਲੂ ਰੋਜ਼ਾਨਾ 8 ਕਰੋੜ ਦਾ ਚੜ੍ਹਾਵਾ ਚੜ੍ਹਾਉਦੇ ਐ। ਤ੍ਰਿਪਤੀ ਤ੍ਰਿਮਾਲਾ ਮੰਦਰ 'ਚ ਐਨੇ ਲੋਕ ਮੁੰਡਨ ਕਰਵਾਉਣ ਆਉਂਦੇ ਐ ਕਿ ਉਥੇ 1200 ਨਾਈ ਮੁੰਡਨ ਕਰਨ ਵਾਸਤੇ ਰੱਖੇ ਹੋਏ ਐ। ਇਹਨਾਂ ਵਾਲਾਂ ਤੋਂ 220 ਕਰੋੜ ਸਾਲਾਨਾ ਦੀ ਆਮਦਨ ਹੈ। ਸਾਰੇ ਭਾਰਤ 'ਚ ਇਸ ਤਰ੍ਹਾਂ ਦੇ ਲੱਖਾਂ ਹੀ ਮੰਦਰ ਹਨ। ਲੋਕ ਅੰਨ੍ਹੇ ਵਾਹ ਚੜ੍ਹਾਵਾ ਚੜ੍ਹਾਈ ਜਾਂਦੇ ਹਨ। ਮੰਦਰਾਂ ਦੇ ਪੁਜਾਰੀ ਉਹਨਾਂ ਨੂੰ ਗਿਆਨ ਤੋਂ ਅੰਨ੍ਹੇ ਕਰਨ ਲਈ ਆਪਣਾ ਸਾਰਾ ਜ਼ੋਰ ਲਾਈ ਜਾ ਰਹੇ ਹਨ। ਭਾਰਤ ਦੇ ਸਾਰੇ ਟੈਕਸਾਂ ਦੀ ਸਾਲਾਨਾ ਆਮਦਨ 15 ਲੱਖ ਕਰੋੜ ਹੈ, ਪਰ ਸਾਰੇ ਧਾਰਮਿਕ ਸਥਾਨਾਂ ਦੀ ਸਾਲਾਨਾ ਆਮਦਨ ਤਕਰੀਬਨ 80 ਤੋਂ 90 ਲੱਖ ਕਰੋੜ ਹੈ। ਦੇਸ਼ ਦੇ 6 ਸਾਲ ਦੇ ਬੱਜਟ ਦੇ ਬਰਾਬਰ ਸੋਨਾ (80 ਹਜ਼ਾਰ ਟਨ ਤੋਂ ਜਿਆਦਾ) ਮੰਦਰਾਂ 'ਚ ਪਿਆ ਹੈ। ਜੇ ਮੰਦਰਾਂ 'ਚ (ਸਾਰੇ ਧਾਰਮਿਕ ਸਥਾਨਾਂ) ਪਿਆ ਸਾਰਾ ਸੋਨਾ ਕੌਮੀ ਕਰ ਦਿੱਤਾ ਜਾਵੇ ਤਾਂ ਭਾਰਤ ਦਾ ਰੁਪਈਆ ਅਮਰੀਕਾ ਦੇ ਡਾਲਰ ਤੋਂ ਵਧ ਕੇ ਇੰਗਲੈਂਡ ਦੇ ਪੌਂਡ ਦੇ ਬਰਾਬਰ ਹੋ ਜਾਵੇਗਾ। ਦੇਸ਼ ਦਾ ਹਰ ਆਦਮੀ ਘਰ ਬੈਠਿਆਂ 60 ਗੁਣਾ ਹੋਰ ਅਮੀਰ ਹੋ ਜਾਵੇਗਾ।

ਬਲਰਾਜ ਸਾਹਨੀ ਆਪਣੀ ਜੀਵਨੀ 'ਚ ਲਿਖਦੇ ਹਨ ਕਿ 'ਦੁਨੀਆਂ ਦੇ ਸਾਰੇ ਦੇਸ਼ਾਂ 'ਚ ਮੈਂ ਘੁੰਮਿਆਂ ਹਾਂ। ਇਕ ਅਜੀਬ ਗੱਲ ਦੇਖੀ ਕਿ ਜਿਹੜੇ ਦੇਸ਼ਾਂ ਦੇ ਲੋਕਾਂ ਨੇ ਹੇ ਰੱਬਾ! ਤੈਨੂੰ ਵਿਸਾਰਿਆ, ਤੇਰੇ ਵੱਲ ਪਿੱਠ ਕੀਤੀ, ਉਹ ਜਿਆਦਾ ਖੁਸ਼ਹਾਲ ਹੋਏ। ਉਥੇ ਲੋਕ ਸੁਖੀ ਅਤੇ ਇਮਾਨਦਾਰ ਨੇ, ਉਹਨਾਂ ਅੰਦਰ ਮਨੁੱਖਤਾ ਜਾਗੀ ਹੈ, ਉਹਨਾਂ ਦੇ ਦਿਲ ਮੋਕਲੇ ਹੋਏ ਨੇ, ਫਿਰ ਹੇ ਰੱਬਾ! ਤੂੰ ਅਸਤੀਫ਼ਾ ਕਿਉਂ ਨਹੀਂ ਦਿੰਦਾ।' ਪਰ ਰੱਬ ਨੇ ਅਸਤੀਫ਼ਾ ਕੀ ਦੇਣਾ ਸੀ ਇਥੇ ਤਾਂ ਹਰ ਰੋਜ਼ ਨਵੇਂ ਰੱਬ ਪੈਦਾ ਕੀਤੇ ਜਾ ਰਹੇ ਹਨ। ਅੱਜ ਸਮਾਜ 'ਚ ਜੋ ਖੂਬਸੂਰਤੀ ਤੇ ਖੁਸ਼ਹਾਲੀ ਹੈ। ਇਹ ਸਭ ਵਿਗਿਆਨ ਅਤੇ ਤਰਕਸ਼ੀਲਤਾ ਦੀ ਬਦੌਲਤ ਹੈ। ਇਹ ਗੱਲ ਵੱਖਰੀ ਹੈ ਕਿ ਵਿਗਿਆਨ ਦਾ ਦੁਰ-ਉਪਯੋਗ ਕਰਕੇ ਅੱਜ ਸੁਆਰਥੀ ਅਤੇ ਲਾਲਚੀ ਕਿਸਮ ਦੇ ਲੋਕ ਪ੍ਰਦੂਸ਼ਣ ਵੀ ਫੈਲਾਅ ਰਹੇ ਹਨ। ਲੋਕਾਂ ਨੂੰ ਮਾਇਆ ਨਾਗਣੀ ਕਹਿਣ ਵਾਲੇ ਸਾਧ ਸੰਤ ਸਭ ਤੋਂ ਵੱਧ ਲਾਲਚੀ ਹਨ। 20-20 ਲੱਖ ਦੀਆਂ ਗੱਡੀਆਂ 'ਤੇ ਹੂਟੇ ਲੈਣ ਵਾਲੇ ਇਹ ਸੰਤ ਮਾਇਆ ਦੇ ਢੇਰ ਜੋੜਣ 'ਚ ਲੱਗੇ ਹੋਏ ਹਨ। ਜੱਗ ਰਚਨਾ ਨੂੰ ਝੂਠ ਕਹਿਣ ਵਾਲੇ ਬਾਬੇ ਦੁਨੀਆਂ ਦੀ ਹਰ ਐਸ਼-ਓ ਇਸ਼ਰਤ ਭੋਗਦੇ ਹਨ। ਜੇ ਇਨ੍ਹਾਂ ਸਾਰੇ ਧਾਰਮਿਕ ਸਥਾਨਾਂ ਨੂੰ ਕੌਮੀਕ੍ਰਿਤ ਕਰਕੇ ਸਾਰਾ ਪੈਸਾ ਦੇਸ਼ ਦੇ ਵਿਕਾਸ 'ਤੇ ਲਾਇਆ ਜਾਵੇ ਤਾਂ ਭਾਰਤ ਦੁਨੀਆਂ ਦਾ ਨੰਬਰ ਇੱਕ ਵਿਕਸਤ ਦੇਸ਼ ਬਣ ਸਕਦਾ ਹੈ। ਪਰ ਕਿਉਂਕਿ ਸਿਆਸੀ ਨੇਤਾ ਖੁਦ ਸਾਧਾਂ-ਸੰਤਾਂ ਦੇ ਪੂਰਕ ਹਨ ਅਤੇ ਚਾਹੁੰਦੇ ਹਨ ਕਿ ਇੱਥੋਂ ਦੇ ਲੋਕ ਇਸ ਤਰ੍ਹਾਂ ਹੀ ਅੰਧ-ਵਿਸ਼ਵਾਸੀ, ਲਕੀਰ ਦੇ ਫਕੀਰ ਬਣੇ ਰਹਿਣ। ਇਸ ਲਈ ਅਜਿਹੇ ਨੇਤਾਵਾਂ ਤੋਂ ਅਜਿਹੀ ਆਸ ਰੱਖਣੀ ਫਜ਼ੂਲ ਹੈ। ਜਿਹੜੇ ਵੀ ਜਾਣਦੇ ਹਨ (ਵਿਗਿਆਨਕ ਸੋਚ ਵਾਲੇ) ਅਤੇ ਚੁੱਪ ਹਨ, ਜੇ ਉਹ ਬੋਲ ਕੇ ਲੋਕਾਂ ਦੇ ਮਨਾਂ 'ਚ ਗਿਆਨ ਦਾ ਦੀਪ ਜਗਾਉਣ ਦੇ ਉਪਰਾਲੇ ਕਰਨ ਤਾਂ ਨਾ ਜਾਨਣ ਵਾਲੇ ਫਿਰ ਹੀ ਚੁੱਪ ਹੋ ਸਕਦੇ ਹਨ, ਨਹੀਂ ਤਾਂ ਜਦੋਂ ਤਕ ਜਾਨਣ ਵਾਲੇ ਚੁੱਪ ਰਹਿਣਗੇ ਅਤੇ ਨਾ ਜਾਨਣ ਵਾਲੇ ਬੋਲਦੇ ਰਹਿਣਗੇ, ਉਦੋਂ ਤਕ ਇਹ ਮੁਲਕ ਇਸੇ ਤਰ੍ਹਾਂ ਹੀ ਬਰਬਾਦ ਹੁੰਦਾ ਰਹੇਗਾ। ਬਕੌਲ ਦਰਸ਼ਨ ਸਿੰਘ ਆਵਾਰਾ 'ਉਹ ਦੇਸ਼ ਕਿ ਜਿਥੇ ਕਾਤਲ ਵੀ ਪੂਜੇ ਸਤਿਕਾਰੇ ਜਾਂਦੇ ਨੇ, ਉਹ ਦੇਸ਼ ਕਿ ਜਿਥੇ ਬੇਦੋਸ਼ੇ ਰਾਹ ਜਾਂਦੇ ਮਾਰੇ ਜਾਂਦੇ ਨੇ, ਉਹ ਦੇਸ਼ ਕਿ ਜਿਥੇ ਪੱਥਰਾਂ ਤੋਂ ਦਿਲ ਤੋੜੇ ਵਾਰੇ ਜਾਂਦੇ ਨੇ---, ਉਹ ਦੇਸ਼ ਤੂੰ ਮੈਨੂੰ ਦੱਸ ਵੀਰਾ ਬਰਬਾਦ ਨਾ ਹੋਵੇ ਕੀ ਹੋਵੇ --ਨਾਸ਼ਾਦ ਨਾ ਹੋਵੇ ਤਾਂ ਕੀ ਹੋਵੇ।

94171-20427

# ਤਰਕਸ਼ੀਲ ਅਤੇ ਜਮਹੂਰੀ ਸੰਸਥਾਵਾਂ ਦੀ ਅਗਵਾਈ ਵਿੱਚ ਸਦਭਾਵਨਾ ਮਾਰਚ




ਜਮਹੂਰੀ ਅਧਿਕਾਰ ਸਭਾ ਪੰਜਾਬ ਜਿਲਾ ਬਰਨਾਲਾ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਭਾਰਤ ਵੱਲੋਂ ਹੋਰਨਾਂ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਸਰਗਰਮ ਸ਼ਮੂਲੀਅਤ ਨਾਲ ਅੱਜ ਬਰਨਾਲਾ ਦੇ ਰੇਲਵੇ ਸਟੇਸ਼ਨ ਉੱਪਰ ਇਕੱਤਰ ਹੋਕੇ ਸਦਰ ਬਜਾਰ ਵਿੱਚ ਸਦਭਾਵਨਾ ਮਾਰਚ ਕੀਤਾ ਗਿਆ। ਇਸ ਸਮੇਂ ਵਿਚਾਰ ਪ੍ਰਗਟ ਕਰਨ ਵਾਲੇ ਬੁਲਾਰਿਆਂ ਗੁਰਮੇਲ ਠੁੱਲੀਵਾਲ, ਮੇਘਰਾਜ ਮਿੱਤਰ, ਰਜਿੰਦਰ ਭਦੌੜ ਨੇ ਕਿਹਾ ਕਿ ਅੱਜ ਦਾ ਇਹ ਸਦਭਾਵਨਾ ਮਾਰਚ ਲਿਖਣ ਬੋਲਣ ਵਿਚਾਰਾਂ ਦੇ ਸਵੈ ਪ੍ਰਗਟਾਵੇ ਉੱਪਰ ਫਿਰਕੂ ਫਾਸ਼ੀ ਟੋਲਿਆਂ ਵੱਲੋਂ ਵਿੱਢੇ ਹੱਲੇ ਖਿਲਾਫ,ਭਾਈਚਾਰਕ ਸਾਂਝ ਬਣਾਈ ਰੱਖਣ,ਅਮਨ ਸ਼ਾਤੀ ਦਾ ਸੁਨੇਹਾ ਦੇਣ, ਫਿਰਕਾਪ੍ਰਸਤ ਤਾਕਤਾਂ ਨੂੰ ਭਾਂਜ ਦੇਣ, ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕਰਨ,ਪੁਲਿਸ ਵੱਲੋਂ ਗੋਲੀ ਚਲਾਕੇ ਦੋ ਬੇਦੋਸ਼ਿਆਂ ਨੂੰ ਕਤਲ ਕਰਨ ਦੀ ਨਿਖੇਧੀ ਕਰਨ, ਕਤਲਾਂ ਦੇ ਜ਼ਿੰਮੇਵਾਰ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜਾਵਾਂ ਦਿਵਾਉਣ, ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਸਮੇਤ ਹੋਰ ਤਬਕਿਆਂ ਦਾ ਧਿਆਨ ਬੁਨਿਆਦੀ ਮੁੱਦਿਆਂ ਤੋਂ ਪਾਸੇ ਕਰਕੇ ਵੰਡੀਆਂ ਪਾਉਣ ਦੀ ਸਾਜਿਸ਼ ਦਾ ਪਰਦਾਫਾਸ਼ ਕਰਨ ਦਾ ਸੱਦਾ ਦਿੱਤਾ ਗਿਆ। ਇਸ ਸਮੇਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂ ਸਾਥੀਆਂ ਮਨਜੀਤ ਧਨੇਰ, ਹਰਵਿੰਦਰ ਦੀਵਾਨਾ, ਇਕਬਾਲ ਕੌਰ, ਰਾਜੀਵ ਕੁਮਾਰ ਅਤੇ ਚਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਹਾਕਮ ਪੰਜਾਬ ਦੀ ਇਹ ਹਾਲਾਤ ਬਨਾਉਣ ਲਈ ਜਿੰਮੇਵਾਰ ਹਨ ਜੋ ਧਰਮ ਨੂੰ ਰਾਜਸੀ ਹਿੱਤਾਂ ਲਈ ਵਰਤਦੇ ਹਨ ਅਤੇ ਲੋਕਾਂ ਨੂੰ ਭਰਾਮਾਰ ਜੰਗ ਦੀ ਭੱਠੀ'ਚ ਝੋਕਣ ਦੀ ਜਿੰਮੇਵਾਰੀ ਵੀ ਸਰਕਾਰ ਦੀ ਹੀ ਬਣਦੀ ਹੈ। ਇਸ ਲਈ ਕਿਸਾਨਾਂ-ਮਜਦੂਰਾਂ ਸਮੇਤ ਹੋਰ ਸੱਭੇ ਤਬਕਿਆਂ ਨੂੰ ਆਪਣੇ ਸੰਘਰਸ਼ਾਂ ਨੂੰ ਬਿਲਕੁਲ ਵੀ ਆਂਚ ਨਹੀਂ ਆਉਣ ਦੇਣੀ ਚਾਹੀਦੀ ਸਗੋਂ ਪੂਰੇ ਤਹੱਮਲ ਨਾਲ ਪਿੰਡਾਂ'ਚ ਉਲੀਕੇ ਗਏ ਸੰਘਰਸ਼ਾਂ ਦੀ ਤਿਆਰੀ'ਚ ਜੁੱਟ ਜਾਣਾ ਚਾਹੀਦਾ ਹੈ।ਰੇਲਵੇ ਸਟੇਸ਼ਨ ਬਰਨਾਲਾ ਵਿਖੇ ਇਕੱਤਰ ਹੋ ਕੇ ਸ਼ਹੀਦ ਭਗਤ ਸਿੰਘ ਚੌਕ (ਸਦਰ ਬਜ਼ਾਰ) ਵੱਲ ਮਾਰਚ ਕੀਤੇ ਗਏ ਮਾਰਚ ਦੀ ਅਗਵਾਈ ਲੇਖਕਾਂ, ਬੁੱਧੀਜੀਵੀਆਂ, ਤਰਕਸ਼ੀਲਾਂ, ਕਲਾਕਾਰਾਂ, ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਨੇ ਅਗਵਾਈ ਕੀਤੀ। ਇਸ ਸਮੇਂ ਇਤਿਹਾਸਕਾਰਾਂ ਬੁੱਧੀਜੀਵੀਆਂ ਤਰਕ ਦੇ ਅਧਾਰ ਤੇ ਦਲੀਲ ਸਹਿਤ ਲੋਕਾਈ ਦੇ ਹਿੱਤ'ਚ ਅਵਾਜ ਬੁਲੰਦ ਕਰਨ ਵਾਲਿਆਂ ਦੀ ਅਵਾਜ ਨੂੰ ਕਤਲ ਕਰਨ ਦੇ ਵਿਰੁੱਧ ਅਤੇ ਕਿਸਾਨਾਂ-ਮਜਦੂਰਾਂ ਦੇ ਸਾਂਝੇ ਵਿਸ਼ਾਲ ਅਧਾਰ ਵਾਲੇ ਸੰਘਰਸ਼ ਦੀ ਹਮਾਇਤ 'ਚ ਮੁਲਕ ਭਰ ਦੇ ਸ਼੍ਰੋਮਣੀ ਅਤੇ ਸਾਹਿਤ ਅਕਾਦਮੀ ਐਵਾਰਡ ਜੇਤੂਆਂ ਵੱਲੋਂ ਇਹ ਸਨਮਾਨ ਸਮੇਤ ਨਗਦ ਰਾਸ਼ੀ ਵਾਪਸ ਕਰਨ ਦੇ ਪੱਖ ਦੀ ਜੋਰਦਾਰ ਸ਼ਲਾਘਾ ਕਰਦਿਆਂ ਇਸ ਨੂੰ ਹੋਰਨਾਂ ਲੇਖਕਾਂ ਬੁੱਧੀਜੀਵੀਆਂ ਲਈ ਵੀ ਪ੍ਰੇਰਨਾਸ੍ਰੋਤ ਦੱਸਿਆ। ਇਸ ਨੂੰ ਸੰਘਰਸ਼ ਦਾ ਇੱਕ ਅਹਿਮ ਹਿੱਸਾ ਐਲਾਨਦਿਆਂ ਫਿਰਕੂ ਫਾਸ਼ੀਵਾਦ ਖਿਲਾਫ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕੀਤਾ। ਪ੍ਰਸਿੱਧ ਲੇਖਕ ਓਮ ਪ੍ਰਕਾਸ਼ ਗਾਸੋ ਵੱਲੋਂ ਵੀ ਇਸ ਮੌਕੇ ਆਪਣੇ ਵਿਚਾਰ ਰੱਖਗੇ।

# ਬ੍ਰਹਮ ਦੇਸ਼ ਦੀਆਂ ਮਹਾਂਨਗਰੀਆਂ ਤੇ ਉਨ੍ਹਾਂ ਦੀ ਸੈਰ

**ਮੇਜਰ ਮਾਂਗਟ**

ਸ਼ੁਰੂ ਤੋਂ ਹੀ ਮਨੁੱਖ ਦੀ ਤਮੰਨਾ ਕੁਦਰਤ ਦੇ ਭੇਦ ਜਾਨਣ ਦੀ ਰਹੀ ਹੈ। ਪਰ ਅਫਸੋਸ, ਨਾਂ ਤਾਂ ਸਾਡੇ ਪੰਜਾਬੀਆਂ ਨੂੰ ਪੜ੍ਹਨ ਦਾ ਹੀ ਬਹੁਤਾ ਸ਼ੌਕ ਹੈ ਤੇ ਨਾ ਹੀ ਪੁਲਾੜ ਨਾਲ ਸਬੰਧਤ ਸਾਡੇ ਕੋਲ ਬਹੁਤੇ ਖੋਜੀ ਅਤੇ ਉਨ੍ਹਾਂ ਦੀਆਂ ਲਿਖੀਆਂ, ਕੋਈ ਬਹੁਤੀਆਂ ਪੁਸਤਕਾਂ ਹਨ। ਅਸੀਂ ਆਸਟੋਰੋਨੋਮੀ ਨਾਲੋਂ ਟੁੱਟੇ ਹੋਏ ਅਤੇ ਆਸਟਰੋਲੋਜ਼ੀ ਨਾਲ ਜੁੜੇ ਹੋਏ ਇਨਸਾਨ ਹਾਂ। ਅਸੀਂ ਆਪੋ ਆਪਣੀ ਰਾਸ਼ੀ ਜਾਨਣ ਲਈ ਤਾਂ ਉਤਸੁਕਤ ਰਹਿੰਦੇ ਹਾਂ, ਪਰ ਇਹ ਰਾਸ਼ੀਆਂ ਕੀ ਹਨ, ਇਹ ਸਾਡੇ ਸਮਝ ਤੋਂ ਬਾਹਰ ਹੈ। ਨੱਬੇ ਪ੍ਰਤੀਸ਼ਤ ਲੋਕ ਚੰਗੇ ਮਾੜੇ ਗ੍ਰਹਿਆਂ ਬਾਰੇ ਜਾਨਣ ਲਈ ਤਾਂ ਫਿਕਰਮੰਦ ਹਨ, ਪਰ ਸੂਰਜ ਮੰਡਲ ਦੇ ਗ੍ਰਹਿਆਂ ਬਾਰੇ ਉਨ੍ਹਾਂ ਨੂੰ ਕੋਈ ਬਹੁਤਾ ਗਿਆਨ ਨਹੀਂ। ਮੇਰੀ ਪੁਲਾੜ ਵਿੱਚ ਉਤਸੁਕਤਾ ਉਦੋਂ ਤੋਂ ਹੀ ਹੈ, ਜਦੋਂ ਮੈਂ ਬਚਪਨ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਕੋਠੇ ਤੇ ਮੰਜਾਂ ਡਾਹੀਂ ਪਿਆ ਘੰਟਿਆਂ ਬੱਧੀ ਇਨ੍ਹਾਂ ਤਾਰਿਆਂ ਨੂੰ ਨਿਹਾਰਦਾ ਰਹਿੰਦਾ ਸੀ। ਕੋਈ ਰੌਕਟ ਲੰਘਦਾ ਦੇਖਦਾ, ਤਾਂ ਚਾਅ ਚੜ੍ਹ ਜਾਂਦਾ। ਇਹ ਤਾਂ ਬਾਅਦ ਵਿੱਚ ਪਤਾ ਲੱਗਿਆ ਕਿ ਜਿਸ ਨੂੰ ਅਸੀਂ ਛੜਿਆਂ ਦਾ ਰਾਹ ਸਮਝਦੇ ਸੀ, ਉਹ ਤਾਂ ਦਰਅਸਲ ਸਾਡੀ 'ਮਿਲਕੀਵੇਅ ਗਲੈਕਸੀ' ਸੀ। ਪਰ ਅਜੋਕਾ ਮਨੁੱਖ ਜੋ ਪੈਸੇ ਦੀ ਅੰਨੇਵਾਹ ਦੌੜ ਵਿੱਚ ਸ਼ਾਮਲ ਹੈ, ਉਸ ਕੋਲ ਤਾਂ ਇਹ ਸੁਭਾਗ ਹੀ ਨਹੀਂ ਕਿ ਤਾਰਾ ਮੰਡਲ ਨੂੰ ਵੀ ਚੰਗੀ ਤਰਾਂ ਨਿਹਾਰ ਸਕੇ।



ਮੈਂ ਕੈਨੇਡਾ ਆ ਕੇ ਸਾਹਿਤ ਦੇ ਨਾਲ ਨਾਲ ਬ੍ਰਹਿਮੰਡ ਦੇ ਭੇਦ ਖੋਹਲਣ ਵਾਲੀਆਂ ਸੈਂਕੜੇ ਪੁਸਤਕਾਂ ਪੜ੍ਹੀਆਂ ਅਤੇ ਖੋਜਾਂ ਨੂੰ ਜਾਣਿਆ। ਮੈਂ ਦੂਜੀਆਂ ਕੌਮਾਂ ਵਿੱਚ ਆਸਟਰੌਨੌਮੀ ਬਾਰੇ ਅਨੇਕਾਂ ਕਲੱਬਾਂ ਦੇਖੀਆਂ, ਪਰ ਸਾਡੇ ਪੰਜਾਬੀਆਂ ਦੀ ਇਸ ਸਬੰਧੀ ਇੱਕ ਵੀ ਸੰਸਥਾ ਨਾਂ ਲੱਭੀ। ਅਸੀਂ ਤਾਂ ਅਜਿਹੀਆਂ ਗੱਲਾਂ ਨੂੰ ਵਾਧੂ ਦੀਆਂ ਗੱਲਾਂ ਆਖ ਪੱਲਾ ਝਾੜ ਲੈਂਦੇ ਹਾਂ। ਪੰਜਵੇਂ ਗਰੇਡ ਵਿੱਚ ਮੇਰੀ ਬੇਟੀ ਆਸਟ੍ਰੋਨੌਮੀ ਕਲੱਬ ਦੀ ਮੈਂਬਰ ਬਣੀ। ਗ੍ਰਹਿਆਂ ਨੂੰ ਜਾਨਣ ਦੇ ਨਾਲ-ਨਾਲ ਸਾਨੂੰ ਇਸ ਕਲੱਬ ਨੇ ਇੱਕ ਆਬਜ਼ਰਵੇਟਰੀ ਦਾ ਟੂਰ ਵੀ ਦਿੱਤਾ। ਏਥੇ ਜਾ ਕੇ ਅਸੀਂ ਵੱਡੇ ਪ੍ਰੋਜੈਕਟਰ 'ਤੇ ਦੂਸਰੀਆਂ ਗਲੈਕਸੀਆਂ ਬਾਰੇ ਜਾਣਿਆ ਅਤੇ ਪੁਲਾੜ ਵਿਗਿਆਨੀਆਂ ਦੇ ਭਾਸ਼ਣ ਸੁਣੇ। ਏਥੇ ਹੀ ਅਸੀਂ ਕੈਨੇਡਾ ਦੀ ਸਭ ਤੋਂ ਵੱਡੀ ਟੈਲੀਸਕੋਪ ਜੋ ਇੱਕ ਡੋਮ ਤੇ ਫਿੱਟ ਹੈ ਰਾਹੀਂ ਦੂਸਰੀਆਂ ਗਲੈਕਸੀਆਂ ਵੇਖ ਵਿਸਮਾਦਿਤ ਹੋ ਉੱਠੇ। ਉਦੋਂ ਤੋਂ ਮੈਂ ਬ੍ਰਹਿਮੰਡ ਦੇ ਇਸ ਅਦਭੁਤ ਸੰਸਾਰ ਨੂੰ ਜਾਨਣ ਦੀ ਕੋਸ਼ਿਸ਼ ਵਿੱਚ ਹਾਂ। ਭਾਂਵੇ ਸੰਸਾਰ ਯਾਤਰਾ ਵਾਂਗ ਸਾਰੇ ਯੂਨੀਵਰਸ ਨੂੰ ਤਾਂ ਦੇਖਿਆ ਨਹੀਂ ਜਾ ਸਕਦਾ, ਹਾਂ ਲਿਖਤਾਂ ਰਾਹੀਂ ਇਸ ਦੀ ਸੈਰ ਜਰੂਰ ਕੀਤੀ ਜਾ ਸਕਦੀ ਹੈ। ਆਉ ਫੇਰ ਚੱਲੀਏ ਇਸ ਅਦਭੁੱਤ ਸੈਰ ਤੇ।

ਇਹ ਹੈ ਸਾਡੀ ਦੁਧੀਆ ਆਕਾਸ਼ ਗੰਗਾ, ਭਾਵ ਮਿਲਕੀਵੇਅ ਗਲੈਕਸੀ। ਜਿਸ ਦਾ ਖੇਤਰ ਇੱਕ ਲੱਖ ਪ੍ਰਕਾਸ਼ ਵਰ੍ਹੇ ਤੱਕ ਫੈਲਿਆ ਹੋਇਆ ਹੈ। ਔਹ ਜੋ ਸਾਡਾ ਸੂਰਜ ਚਮਕਦਾ ਹੈ, ਮਿਲਕੀਵੇਅ ਗਲੈਕਸੀ ਦੇ ਕੇਂਦਰ ਤੋਂ ਤੀਹ ਹਜ਼ਾਰ ਪ੍ਰਕਾਸ਼ ਵਰ੍ਹੇ ਦੀ ਦੂਰੀ 'ਤੇ ਹੈ। ਸੂਰਜ ਤੋਂ ਪ੍ਰਕਾਸ਼ ਦੀ ਕਿਰਨ ਧਰਤੀ 'ਤੇ ਆਉਣ ਨੂੰ ਅੱਠ ਮਿੰਟ ਲੱਗਦੇ ਹਨ। ਇਹ ਵੀ ਦੱਸ ਦਵਾਂ ਕਿ ਪ੍ਰਕਾਸ਼ ਦਾ ਵੇਗ 2,99,792 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਯਾਦ ਰੱਖਣ ਲਈ ਤੁਸੀਂ ਲੱਗਭੱਗ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਵੀ ਕਹਿ ਸਕਦੇ ਹੋਂ। ਸਾਡੀ ਦੁਧੀਆ ਅਕਾਸ਼ ਗੰਗਾ ਵਿੱਚ ਅਰਬਾਂ-ਖਰਬਾਂ ਤਾਰੇ ਹਨ। ਚਾਲੀ ਹਜ਼ਾਰ ਦੇ ਲੱਗਭੱਗ ਤਾਰੇ ਤਾਂ ਇਸ ਦੀ ਕੋਰ ਵਿੱਚ ਹੀ ਹਨ। ਜੇਕਰ ਅਸੀਂ ਆਪਣੀ ਗਲੈਕਸੀ ਦੀ ਹੀ ਸੈਰ ਕਰਨੀ ਹੋਵੇ ਅਤੇ ਸਾਡੇ ਕੋਲ ਪ੍ਰਕਾਸ਼ ਦੀ ਸਪੀਡ ਨਾਲ ਚੱਲਣ ਵਾਲਾ ਵਾਹਨ ਹੋਵੇ ਤਾਂ ਸਾਨੂੰ ਇੱਕ ਲੱਖ ਸਾਲ ਲੱਗ ਸਕਦਾ ਹੈ। ਸਾਡੀ ਗਲੈਕਸੀ ਤਾਂ ਇਸ ਪੂਰੇ ਬ੍ਰਹਿਮੰਡ ਵਿੱਚ ਇੱਕ ਰੇਤ ਦੇ ਕਿਣਕੇ ਸਮਾਨ ਵੀ ਨਹੀਂ ਹੈ। ਪ੍ਰਕਾਸ਼ ਤੋਂ ਤੇਜ਼ ਸਿਰਫ ਮਨ ਦੀ ਗਤੀ ਹੀ ਹੋ ਸਕਦੀ ਹੈ, ਸਾਡਾ ਮਨ ਤਾਂ ਹੁਣ ਹੋਰ ਗਲੈਕਸੀਆਂ ਨੂੰ ਜਾਨਣ ਲਈ ਵੀ ਉਤਸੁਕ ਹੋ ਰਿਹਾ ਹੈ।

ਸਾਡੀ ਗਲੈਕਸੀ ਤੋਂ ਅੱਗੇ ਹੁਣ ਸਾਨੂੰ ਹੁਣ ਇੱਕ ਲੱਖ ਸੱਠ ਹਜ਼ਾਰ ਪ੍ਰਕਾਸ਼ ਵਰ੍ਹੇ ਸਫਰ ਕਰਨਾ ਪਵੇਗਾ। ਅੱਗੇ ਜੋ ਇੱਕ ਛੋਟੀ ਜਿਹੀ ਗਲੈਕਸੀ ਹੈ, ਇਸ ਦਾ ਨਾਂ ਹੈ 'ਲਾਰਜ਼ ਮੈਗਲੈਨਿਕ ਕਲਾਊਡ'। ਇਸੇ ਗਲੈਕਸੀ ਵਿੱਚ ਬ੍ਰਹਿਮੰਡ ਦਾ ਸਭ ਤੋਂ ਗਰਮ ਤਾਰਾ ਹੈ, ਜਿਸ ਦਾ ਤਾਪਮਾਨ ਸਾਡੇ ਸੂਰਜ ਤੋਂ ਵੀ ਲੱਗਭੱਗ ਤੇਤੀ ਗੁਣਾ ਜ਼ਿਆਦਾ ਹੈ। ਭਾਵ ਇਹ ਤਾਪਮਾਨ ਦੋ ਲੱਖ ਦਰਜੇ ਸੈਲਸੀਅਸ ਦੇ ਕਰੀਬ ਹੈ। ਜਿਸ ਦੇ ਲੱਖਾਂ ਕਿਲੋਮੀਟਰਾਂ ਦੂਰੋਂ ਵੀ ਲੰਘਣ 'ਤੇ ਵੀ ਇਹ ਸਾੜ ਕੇ ਸੁਆਹ ਕਰ ਦੇਵੇਗਾ। ਆਉ ਜ਼ਰਾ ਹੋਰ ਅੱਗੇ ਚੱਲੀਏ। ਜੇ ਅਸੀਂ ਦੁਧੀਆ ਅਕਾਸ਼ ਗੰਗਾ ਤੋਂ ਇੱਕ ਲੱਖ ਪਚਾਸੀ ਹਜ਼ਾਰ ਪ੍ਰਕਾਸ਼ ਵਰੇ ਦਾ ਸਫਰ ਹੋਰ ਤਹਿ ਕਰਾਂਗੇ ਤਾਂ ਅੱਗੇ ਆਏਗੀ ਇੱਕ ਹੋਰ ਗਲੈਕਸੀ, ਜਿਸ ਦਾ ਨਾਂ ਹੈ 'ਸਮਾਲ ਮੈਗਲੈਨਿਕ ਕਲਾਊਡ'। ਪਰ ਇਹ ਗਲੈਕਸੀਆਂ ਗੈਸਾਂ ਦੇ ਬੱਦਲਾਂ ਦੀਆਂ ਸਮਝੀਆਂ ਜਾਂਦੀਆਂ ਹਨ।

ਜੇ ਪੂਰੇ ਬ੍ਰਹਿਮੰਡ ਨੂੰ ਅਸੀਂ ਇੱਕ ਦੇਸ਼ ਸਮਝ ਕੇ ਯਾਤਰਾ ਕਰੀਏ ਤਾਂ ਗਲੈਕਸੀਆਂ ਇਸ ਦੇਸ਼ ਦੀਆਂ ਛੋਟੀਆਂ ਵੱਡੀਆਂ ਮਹਾਂਨਗਰੀਆਂ ਹਨ। ਜੇ ਅਸੀਂ ਆਪਣੀ ਮਹਾਂਨਗਰੀ ਤੋਂ ਸਭ ਤੋਂ ਨੇੜੇ ਦੀ ਕਿਸੇ ਹੋਰ ਮਹਾਂਨਗਰੀ ਬਾਰੇ ਜਾਨਣਾ ਹੈ ਤਾਂ ਉਹ ਹੈ 'ਐਂਡਰੋਮਿਡਾ ਗਲੈਕਸੀ'। ਜੋ ਮੈਗਲੈਨਿਕ ਬੱਦਲਾਂ ਦੀਆਂ ਗਲੈਕਸੀਆਂ ਤੋਂ ਵੀ ਦਸ ਗੁਣਾ ਦੂਰ ਹੈ। ਇਸ ਦਾ ਆਕਾਰ ਸਾਡੀ ਮਿਲਕੀਵੇਅ ਗਲੈਕਸੀ ਤੋਂ ਡੇਢ ਗੁਣਾ ਹੈ। ਜੋ ਇੱਕ ਲੱਖ ਸੱਠ ਹਜ਼ਾਰ ਪ੍ਰਕਾਸ਼ ਵਰ੍ਹੇ ਵਿੱਚ ਫੈਲੀ ਹੋਈ ਹੈ। ਜੇ ਤੁਸੀਂ ਧਰਤੀ ਤੋਂ ਇਨ੍ਹਾਂ ਦੀ ਦੂਰੀ ਮਿਣਨੀ ਹੋਵੇ ਤਾਂ ਪ੍ਰਕਾਸ਼ ਦੀ ਗਤੀ ਦਾ ਮੀਟਰ ਲਗਾ ਕੇ ਵੇਖ ਲਵੋ ਜੋ ਇੱਕ ਸੈਕਿੰਡ ਵਿੱਚ ਤਿੰਨ ਲੱਖ ਕਿਲੋਮੀਟਰ ਸਫਰ ਤਹਿ ਕਰਦਾ ਹੈ। ਏਥੇ ਤਾਂ ਲੱਖਾਂ ਪ੍ਰਕਾਸ਼ ਵਰ੍ਹਿਆਂ ਦੀਆਂ ਗੱਲਾਂ ਹੋ ਰਹੀਆਂ ਨੇ। ਮੇਰਾ ਤਾਂ ਜਦ ਸਿਰ ਚਕਰਾਉਣ ਲੱਗ ਪੈਂਦਾ ਹੈ ਮੈਂ ਮਹਾਂ ਕੁਦਰਤ ਦੇ ਪਾਸਾਰ ਅੰਦਰ ਨਤਮਸਤਕ ਹੋ ਉੱਠਦਾ ਹਾਂ।



ਗਲੈਕਸੀਆਂ ਦੇ ਲੋਕਲ ਗਰੁੱਪ ਵਿੱਚ ਸਾਡੀ ਦੁਧੀਆ ਆਕਾਸ਼ ਗੰਗਾ ਦੂਸਰੇ ਨੰਬਰ 'ਤੇ ਹੈ। ਤੀਸਰੇ ਨੰਬਰ 'ਤੇ ਹੈ 'ਟਰੈਂਗੁਲਮ ਸਪਾਇਰਲ'। ਜਿਸ ਦਾ ਵਿਆਸ ਚਾਲੀ ਹਜ਼ਾਰ ਪ੍ਰਕਾਸ਼ ਵਰ੍ਹੇ ਹੈ ਤੇ ਭਾਰ ਸਾਡੇ ਸੂਰਜ ਜਿਹੇ ਪੰਦਰਾਂ ਹਜ਼ਾਰ ਮਿਲੀਅਨ ਦੇ ਸੂਰਜਾਂ ਦੇ ਭਾਰ ਜਿੰਨਾ। ਕਿਉਂ ਚਕਰਾ ਗਿਆ ਨਾ ਦਿਮਾਗ? ਅੱਗੇ ਅਜੇ ਹੋਰ ਸੁਣੋ ਸਾਡੀਆਂ ਗਲੈਕਸੀਆਂ ਦਾ ਲੋਕਲ ਗਰੁੱਪ ਛੇ ਸੌ ਕਿਲੋਮੀਟਰ ਪ੍ਰਤੀ ਸੈਕਿੰਡ ਦੇ ਹਿਸਾਬ ਨਾਲ ਆਕਾਸ਼ ਵਿੱਚ ਤੁਰ ਰਿਹਾ ਹੈ। ਤੁਸੀਂ ਘਰ ਬੈਠੇ, ਕੰਮ ਕਰਦੇ ਜਾਂ ਸੁੱਤੇ ਹੋਏ ਵੀ ਤੇਜ਼ ਰਫਤਾਰ ਸਫਰ ਵਿੱਚ ਹੋ। ਇਸੇ ਕਰਕੇ ਤਾਂ ਕਹਿੰਦੇ ਹਨ ਕਿ ਮਨੁੱਖ ਦੇ ਹੱਥ ਵਸ ਕੁੱਝ ਵੀ ਨਹੀਂ ਹੈ, ਸਾਰਾ ਕੁੱਝ ਉਸ ਕੁਦਰਤ ਦੇ ਭਾਣੇ ਵਿੱਚ ਚੱਲ ਰਿਹਾ ਹੈ। ਨਾਂ ਸਮਝ ਮਨੁੱਖ ਤਾਂ ਐਵੇਂ ਤੀਂਗੜਦਾ ਰਹਿੰਦਾ ਹੈ, ਜਿਵੇਂ ਟਟੀਰੀ ਨੂੰ ਆਪਣੀਆਂ ਲੱਤਾਂ ਤੇ ਅਸਮਾਨ ਰੋਕਣ ਦਾ ਭੁਲੇਖਾ ਹੁੰਦਾ ਹੈ। ਸਾਡੇ ਘਰ ਅਹੁਦੇ ਸਾਡਾ ਹੰਕਾਰ ਕੁੱਝ ਵੀ ਅਹਿਮੀਅਤ ਨਹੀਂ ਰੱਖਦਾ। ਜਿਉਂ-ਜਿਉਂ ਤੁਸੀਂ ਸੋਚ ਦੇ ਧਰਾਤਲ ਤੋਂ ਉੱਠਦੇ ਜਾਂਦੇ ਹੋ ਤਾਂ ਇਹ ਨਿਗੂਣੀਆਂ ਚੀਜ਼ਾਂ ਤੁਹਾਨੂੰ ਨਜ਼ਰ ਆਉਣੋਂ ਉਸੇ ਤਰ੍ਹਾਂ ਹਟ ਜਾਂਦੀਆਂ ਨੇ, ਜਿਵੇਂ ਜਹਾਜ਼ 'ਚ ਉਡਦਿਆਂ ਤੁਹਾਡਾ ਘਰ ਅਤੇ ਪੁਲਾੜ ਵਿੱਚੋਂ ਧਰਤੀ। ਇਸ ਬ੍ਰਹਿਮੰਡ ਵਿੱਚ ਇਸ ਦਾ ਹਿੱਸਾ ਬਣਕੇ ਜੀਣ ਦਾ ਵੀ ਆਪਣਾ ਹੀ ਆਨੰਦ ਹੈ। ਜਦੋਂ ਮੈਂ ਇਸ ਪਰਮ ਆਨੰਦ ਨੂੰ ਮਹਿਸੂਸ ਕਰਦਾ ਹਾਂ ਤਾਂ ਵਿਸਮਾਦੁ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹਾਂ।

ਆਉ ਹੁਣ ਇਸ ਤੋਂ ਵੀ ਅੱਗੇ ਚੱਲੀਏ। ਔਹ ਜੋ ਤੁਹਾਨੂੰ ਅਨੇਕਾਂ ਦਾਇਰੇ ਚਮਕਦੇ ਅਤੇ ਘੁੰਮਦੇ ਨਜ਼ਰ ਆ ਰਹੇ ਨੇ, ਇਹ ਬ੍ਰਹਿਮੰਡ ਦੀਆਂ ਮਹਾਂਨਗਰੀਆਂ ਦਾ ਝੁੰਡ ਹੈ। ਇਸ ਦੀ ਦੂਰੀ ਮਿਲਕੀਵੇਅ ਗਲੈਕਸੀ ਤੋਂ ਬਹੱਤਰ ਮਿਲੀਅਨ ਪ੍ਰਕਾਸ਼ ਵਰੇ ਹੈ।ਇਹ ਢਾਈ ਹਜ਼ਾਰ ਗਲੈਕਸੀਆਂ ਦਾ ਝੁੰਡ ਹੈ। ਇਸਦੀ ਹਰ ਗਲੈਕਸੀ ਨੇ ਤਕਰੀਬਨ ਸਾਡੀ ਗਲੈਕਸੀ ਜਿੰਨਾ ਹੀ ਅਕਾਸ਼ ਮੱਲਿਆ ਹੋਇਆ ਹੈ। ਇੱਕ ਝੁੰਡ ਕਿੰਨੇ ਖੇਤਰ ਵਿੱਚ ਫੈਲਿਆ ਹੋਵੇਗਾ, ਜੇ ਤੁਹਾਡੇ 'ਚੋਂ ਕੋਈ ਬਹੁਤ ਵੱਡਾ ਵਿਦਵਾਨ ਹੈ ਪਤਾ ਲਗਾ ਲਵੇ। ਮੇਰੀ ਅਕਲ ਤਾਂ ਪਹਿਲਾਂ ਹੀ ਜਵਾਬ ਦੇ ਗਈ ਸੀ। ਮੈਂ ਤਾਂ ਅਜੇ ਵੀ ਤੂੰ ਹੀ ਤੂੰ, ਤੂੰ ਹੀ ਤੂੰ ਦੀ ਅਵਸਥਾ ਵਿੱਚ ਹਾਂ।

ਜਿਉਂ-ਜਿਉਂ ਅੱਗੇ ਤੁਰਦੇ ਜਾਵਾਂਗੇ ਤਾਂ ਲੱਖਾਂ ਕਰੋੜਾਂ ਪ੍ਰਕਾਸ਼ ਵਰਿਆਂ 'ਚ ਫੈਲੀਆਂ ਅਰਬਾਂ ਖਰਬਾਂ ਗਲੈਕਸੀਆਂ ਆਉਣਗੀਆਂ। ਜੇ ਇੱਕ ਮਨੁੱਖ ਕਰੋੜਾਂ ਵਾਰ ਵੀ ਜਨਮ ਲੈ ਲਵੇ ਤਾਂ ਇਸ ਦੀ ਥਾਂ ਨਹੀਂ ਪਾ ਸਕਦਾ। ਜੇ ਧਰਤੀ ਤੇ ਫੈਲੀ ਸਾਰੀ ਬਨਸਪਤੀ ਦੀਆਂ ਕਲਮਾਂ ਬਣਾ ਲਈਏ ਅਤੇ ਸਮੁੰਦਰਾਂ ਦੀ ਸਿਆਹੀ ਤਾਂ ਵੀ ਬ੍ਰਹਿਮੰਡ ਦੇ ਭੇਦ ਨਹੀਂ ਲਿਖੇ ਜਾ ਸਕਦੇ। ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਾਉਣਾ ਤਾਂ ਬਹੁਤ ਅਸਾਨ ਹੈ ਪਰ 'ਬ੍ਰਹਮ' ਨੂੰ ਸਮਝਣਾ ਅਤਿ ਮੁਸ਼ਕਲ ਹੈ। ਇਨਸਾਨ ਜੇ ਜੰਮਣ ਸਾਰ ਰੋਸ਼ਨੀ ਦੀ ਰਫਤਾਰ ਨਾਲ ਸਫਰ ਤਹਿ ਕਰਨਾ ਸ਼ੁਰੂ ਕਰੇ ਤਾਂ ਸੌ ਸਾਲ ਦੀ ਉਮਰ ਤੱਕ ਤਾਂ ਉਹ ਸਿਰਫ ਮਿਲਕੀਵੇਅ ਗਲੈਕਸੀ ਦਾ ਦਸਵਾਂ ਹਿੱਸਾ ਹੀ ਮਸਾਂ ਪਾਰ ਕਰੇਗਾ। ਜਦ ਕਿ ਪੂਰਾ ਬ੍ਰਹਿਮੰਡ ਤਾਂ ਪੰਦਰਾਂ ਬਿਲੀਅਨ ਪ੍ਰਕਾਸ਼ ਵਰਿਆਂ ਵਿੱਚ ਫੈਲਿਆ ਹੋਇਆ ਹੈ। ਹੁਣ ਤੱਕ ਹੋਈ ਖੋਜ ਅਨੁਸਾਰ ਸੌ ਬਿਲੀਅਨ ਗਲੈਕਸੀਆਂ ਲੱਭੀਆਂ ਜਾ ਚੁੱਕੀਆਂ ਨੇ। ਪਰ ਅਜੇ ਵੀ ਕੋਈ ਅੰਤ ਨਹੀਂ ਤੇ ਨਾਂ ਹੀ ਕੋਈ ਅੰਤਮ ਸੱਚ ਹੈ। ਅਜੇ ਤਾਂ ਸਾਨੂੰ ਬ੍ਰਹਿਮੰਡ ਵਿੱਚ ਫੈਲੇ 90% ਮੈਟਰ ਦੀ ਵੀ ਕੋਈ ਸਮਝ ਨਹੀਂ।

ਪੂਰਾ ਬ੍ਰਹਿਮੰਡ ਤੇਜ ਸਪੀਡ ਨਾਲ ਫੈਲ ਰਿਹਾ ਹੈ। ਗਲੈਕਸੀਆਂ ਗਿਆਰਾਂ ਸੌ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫਤਾਰ ਇੱਕ ਦੂਸਰੀ ਤੋਂ ਦੂਰ ਜਾ ਰਹੀਆਂ ਹਨ। ਕਈ ਗਲੈਕਸੀਆਂ ਤਾਂ ਦੋ ਹਜ਼ਾਰ ਕਿਲੋਮੀਟਰ ਪ੍ਰਤੀ ਸੈਕਿੰਡ ਦੇ ਹਿਸਾਬ ਨਾਲ ਇੱਕ ਦੂਜੀ ਤੋਂ ਪੱਲਾ ਛੁਡਾ ਦੌੜ ਰਹੀਆਂ ਹਨ। ਪਰ ਅਫਸੋਸ ਕਿ ਮਨੁੱਖ ਕੋਲ ਕੁਦਰਤ ਦਾ ਇਹ ਕ੍ਰਿਸ਼ਮਾਂ ਵੇਖਣ ਵਾਲੀ ਅੱਖ ਹੀ ਨਹੀਂ ਹੈ। ਉਹ ਤਾਂ ਕੋਹਲੂ ਦੇ ਬਲਦ ਵਾਂਗੂ ਅੱਖਾਂ ਤੇ ਪੱਟੀ ਬੰਨੀ ਦੌਲਤ ਕਮਾਉਣ ਵਿੱਚ ਖਚਿਤ ਹੈ। ਉਸ ਨੂੰ ਤਾਂ ਪਤਾ ਵੀ ਨਹੀਂ ਕਿ ਉਹ ਕੁਦਰਤ ਦੇ ਵਾਹਨ ਤੇ ਸਵਾਰ ਕਿਸ ਅਲੌਕਿਕ ਯਾਤਰਾ ਵਿੱਚ ਸ਼ਾਮਲ ਹੈ। ਉਸ ਨੂੰ ਤਾਂ ਜਦ ਤੱਕ ਗੱਲ ਦੀ ਸਮਝ ਆਉਣ ਲੱਗਦੀ ਹੈ ਤਦ ਤੱਕ ਉਸਦੀ ਜੀਵਨ ਯਾਤਰਾ ਸਮਾਪਤ ਹੋ ਜਾਂਦੀ ਹੈ।

ਇਹ ਬ੍ਰਹਿਮੰਡ ਜੋ ਤੁਸੀਂ ਆਪਣੇ ਆਲੇ ਦੁਆਲੇ ਪਸਰਿਆ ਵੇਖ ਰਹੇ ਹੋਂ, ਇਸ ਵਿੱਚ ਸਭ ਤੋਂ ਵੱਧ ਹਾਈਡਰੋਜਨ ਗੈਸ ਭਰੀ ਹੋਈ ਹੈ। ਦੂਸਰੇ ਨੰਬਰ ਤੇ ਹੀਲੀਅਮ ਹੈ। ਪਰ ਹਾਈਡਰੋਜਨ ਹੀਲੀਅਮ ਤੋਂ ਦਸ ਗੁਣਾ ਵਧੇਰੇ ਹੈ। ਜਿਵੇਂ ਕਹਿੰਦੇ ਨੇ ਕਿ ਅਜੇ ਕੋਹ ਵੀ ਨਾ ਆਈ ਅਖੇ ਬਾਬਾ ਮੈਂ ਤਿਹਾਈ ਵਾਲੀ ਗੱਲ ਹੈ। ਆਉ ਹੁਣ ਅਪਣੀ ਗਲੈਕਸੀ ਨੂੰ ਹੀ ਪਰਤ ਚੱਲਦੇ ਹਾਂ।

ਸਾਡੀ ਦੁਧੀਆ ਆਕਾਸ਼ ਗੰਗਾ ਦੇਖੋ ਕਿੰਨੀ ਖੂਬਸੂਰਤ ਲੱਗਦੀ ਹੈ। ਐਨਕ ਦੇ ਲੈਨਜ਼ ਵਾਂਗ ਵਿਚਕਾਰੋਂ ਉੱਭਰੀ ਹੋਈ ਤੇ ਇੱਕ ਲੱਖ ਪ੍ਰਕਾਸ਼ ਵਰਿਆਂ ਵਿੱਚ ਫੈਲੀ ਹੋਈ। ਦੇਖੋ ਸੂਰਜ ਕਿਵੇਂ ਇੱਸ ਮੱਥੇ ਤੇ ਟਿੱਕੇ ਵਾਂਗੂੰ ਚਮਕਦਾ ਹੈ।ਜੋ ਇਸਦੇ ਕੇਂਦਰ ਤੋਂ ਸਤਾਈ ਹਜ਼ਾਰ ਪ੍ਰਕਾਸ਼ ਵਰੇ ਦੀ ਦੂਰੀ ਤੇ ਹੈ। ਸਾਡੀ ਅਕਾਸ਼ ਗੰਗਾ ਦੇ ਕੇਂਦਰ ਦੀ ਮੋਟਾਈ ਪੰਜ ਹਜ਼ਾਰ ਪ੍ਰਕਾਸ਼ ਵਰੇ ਹੈ।ਜਿਥੇ ਸੂਰਜ ਦਾ ਟਿੱਕਾ ਚਮਕਦਾ ਹੈ ਉਥੇ ਮੋਟਾਈ ਸਿਰਫ ਇਕ ਹਜ਼ਾਰ ਪ੍ਰਕਾਸ਼ ਵਰੇ ਹੈ। ਕਿਉਂਕਿ ਸੂਰਜ ਇੱਕ ਪਾਸੇ ਨੂੰ ਸਥਿਤ ਹੈ। ਬ੍ਰਹਿਮੰਡ ਵਿੱਚ ਸਭ ਕੁੱਝ ਗਤੀਸ਼ੀਲ ਹੈ,ਜੋ ਅਰਬਾਂ ਸਾਲਾਂ ਤੋਂ ਮਧਾਣੀਆਂ ਵਾਂਗੂੰ ਘੁੰਮ ਰਿਹਾ ਹੈ। ਸਾਡਾ ਸੂਰਜ ਵੀ ਮਿਲਕੀਵੇਅ ਗਲੈਕਸੀ ਦੇ ਕੇਂਦਰ ਦੁਆਲੇ 250 ਕਿਲੋਮੀਟਰ ਪ੍ਰਤੀ ਸੈਕਿੰਡ ਜਾਂ ਨੌ ਲੱਖ ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਨਿਰੰਤਰ ਚੱਕਰ ਕੱਟ ਰਿਹਾ ਹੈ।

ਸਾਡੀ ਅਕਾਸ਼ ਗੰਗਾ ਦਾ ਪੁੰਜ ਸਾਡੇ ਸੂਰਜ ਤੋਂ 150 ਬਿਲੀਅਨ ਗੁਣਾ ਜ਼ਿਆਦਾ ਹੈ। ਪਤਲੇ ਅਤੇ ਲੰਬੇ ਕੱਦ ਵਾਲੀ ਮਿਲਕੀਵੇਅ ਗਲੈਕਸੀ ਇੱਕ ਬਹੁਤ ਹੀ ਸੁੰਦਰ ਔਰਤ ਵਾਂਗ ਮਿਸ ਯੂਨੀਵਰਸ ਅਖਵਾਉਣ ਦੀ ਹੱਕਦਾਰ ਵੀ ਹੈ। ਏਹੋ ਜਿਹੀਆਂ 100 ਬਿਲੀਅਨ ਗਲੈਕਸੀਆਂ ਜਾਂ ਬ੍ਰਹਿਮੰਡੀ ਸੁੰਦਰੀਆਂ ਨਿਰੰਤਰ ਵਿਚਰ ਰਹੀਆਂ ਨੇ। ਕੁਦਰਤ ਦੀ ਏਨੀ ਵੱਡੀ ਖੇਲ ਅੱਗੇ ਮੈਂ ਫੇਰ ਨਤਮਸਤਕ ਹਾਂ। ਕੁਦਰਤ ਜੋ ਮਨੁੱਖ ਦੀ ਮਾਂ ਹੈ। ਪਰ ਮਨੁੱਖ ਵਲੋਂ ਇਸ ਨਾਲ ਖਿਲਵਾੜ ਲਗਾਤਾਰ ਜਾਰੀ ਹੈ। ਜੇ ਉਹ ਨਾ ਸਮਝਿਆ ਤਾਂ ਇਸਦੀ ਉਸ ਨੂੰ ਵੱਡੀ ਕੀਮਤ ਉਤਾਰਨੀ ਪਵੇਗੀ, ਕਿਉਂਕਿ ਕੁਦਰਤ ਆਪਣਾ ਦਸਤੂਰ ਨਹੀਂ ਬਦਲਦੀ, ਉਸਦੇ ਨਿਯਮ ਅਟੱਲ ਹਨ। ਜਿੱਥੇ ਏਨੇ ਵੱਡੇ ਪਾਸਾਰ ਵਿੱਚ ਧਰਤੀ ਜਾਂ ਪੂਰੀ ਗਲੈਕਸੀ ਵੀ ਰੇਤ ਦੇ ਕਿਣਕੇ ਸਮਾਨ ਹੋਵੇ ਤਾਂ ਮਨੁੱਖ ਦਾ ਫੋਕਾ ਹੰਕਾਰ ਕੀ ਮਾਇਨੇ ਰੱਖਦਾ ਹੈ? ਉਮੀਦ ਕਰਦਾ ਹਾਂ ਕਿ ਬ੍ਰਹਮ ਦੇਸ਼ ਦੀਆਂ ਕੁੱਝ ਮਹਾਨਗਰੀਆਂ ਦੀ ਮੇਰੇ ਨਾਲ ਕੀਤੀ ਯਾਤਰਾ ਤੁਹਾਨੂੰ ਚੰਗੀ ਲੱਗੀ ਹੋਵੇਗੀ। ਹੁਣ ਮੈਨੂੰ ਜੀ ਭਰਕੇ ਆਕਾਸ਼ ਵਲ ਦੇਖਣ ਦੇਵੋ ਤੇ ਆਪਣੇ ਬਾਰੇ ਸੋਚਣ ਦੇਵੋ:-

ਜਦ ਮੈਂ ਤੱਕਾਂ ਆਪਣੇ ਵੱਲੇ ਕੁੱਝ
ਨਹੀਂ ਮੇਰੇ ਪੱਲੇ

E MAIL- majormangat@rogers.com

# ਸ਼ਰਧਾ ਦਾ ਵਾਇਰਸ

ਲੇਖਕ: ਅਵਿਜੀਤ ਰਾਏ

**ਜਦੋਂ ਧਰਮ, ਅਕਾਰਨ ਮੱਧਯੁੱਗੀ ਰੂਪ ਧਾਰ ਲੈਂਦਾ ਹੈ, ਤਾਂ ਉਹ ਆਧੁਨਿਕ ਹਥਿਆਰ ਨਾਲ ਲੈਸ ਹੋ ਕੇ ਸਾਡੀ ਅਸਲੀ ਆਜ਼ਾਦੀ ਲਈ ਖ਼ਤਰਾ ਬਣ ਜਾਂਦਾ ਹੈ--ਸਲਮਾਨ ਰਸ਼ਦੀ**



7 ਜਨਵਰੀ 2015 ਨੂੰ ਧਰਮ ਸ਼ਾਂਤੀ ਦੇ ਅਖੌਤੀ ਫ਼ੌਜੀਆਂ ਵਲੋਂ ਵਰਾਏ ਕਹਿਰ ਦੀ ਦੁਨੀਆ ਗਵਾਹ ਹੈ, ਜਦੋਂ ਰਾਈਫ਼ਲਾਂ ਨਾਲ ਲੈਸ ਦੋ ਇਸਲਾਮਵਾਦੀ ਨਕਾਬਪੋਸ਼ ਸ਼ਾਰਲੀ ਹੈਬਦੋ (ਇਕ ਫ਼ਰਾਂਸੀਸੀ ਵਿਅੰਗਾਤਮਕ ਹਫ਼ਤਾਵਾਰੀ ਅਖ਼ਬਾਰ) ਦੇ ਦਫ਼ਤਰ ਵਿਚ ਆ ਵੜੇ ਅਤੇ 12 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਜਿਨਾਂ ਵਿਚ ਦੋ ਪੁਲਿਸ ਅਫ਼ਸਰ, ਤਿੰਨ ਕਾਰਟੂਨਿਸਟ, ਅਤੇ ਸੱਤ ਪੱਤਰਕਾਰ ਸਨ। ਹਥਿਆਰਬੰਦ ਵਿਅਕਤੀ 'ਅੱਲਾ ਹੂ ਅਕਬਰ' ਅਤੇ 'ਅਸੀਂ ਪੈਗੰਬਰ ਮੁਹੰਮਦ ਦਾ ਬਦਲਾ ਲੈ ਲਿਆ' ਦੇ ਨਾਅਰੇ ਲਾ ਰਹੇ ਸਨ। ਇਸ ਘਟਨਾ ਤੋਂ ਮਹਿਜ਼ ਤਿੰਨ ਹਫ਼ਤੇ ਪਹਿਲਾਂ, ਪਾਕਿਸਤਾਨੀ ਤਾਲਿਬਾਨ ਨਾਲ ਸਬੰਧਤ ਨੌਂ ਹਥਿਆਰਬੰਦ ਵਿਅਕਤੀਆਂ ਨੇ, 16 ਦਸੰਬਰ 2014 ਨੂੰ ਪਾਕਿਸਤਾਨ ਦੇ ਪੇਸ਼ਾਵਰ ਵਿਚ ਹਮਲਾ ਕੀਤਾ ਸੀ। ਉਹ ਸਕੂਲ ਵਿਚ ਦਾਖ਼ਲ ਹੋਏ ਅਤੇ ਸ਼ਰੇਆਮ ਗੋਲੀਆਂ ਚਲਾ ਕੇ 145 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ, ਜਿਨਾਂ ਵਿਚੋਂ 132 ਸਕੂਲੀ ਬੱਚੇ ਸਨ।

ਮੇਰੇ ਲਈ, ਇਸ ਤਰਾਂ ਦੇ ਧਾਰਮਿਕ ਕੱਟੜਪੰਥੀ ਬੇਹੱਦ ਛੂਆ-ਛਾਤ ਨਾਲ ਫ਼ੈਲਣ ਵਾਲੇ ਵਿਸ਼ਾਣੂ (ਵਾਇਰਸ) ਦੀ ਤਰਾਂ ਹੀ ਹਨ। ਮੇਰੇ ਅਪਣੇ ਹਾਲੀਆ ਤਜਰਬੇ ਇਸ ਕਰੂਰਤਾ ਦੀ ਸ਼ਾਹਦੀ ਭਰਦੇ ਹਨ ਕਿ ਇਸ ਤਰਾਂ ਦਾ ਧਾਰਮਿਕ ਕੱਟੜਵਾਦ 'ਸ਼ਰਧਾ ਦਾ ਵਾਇਰਸ' ਹੈ।

ਇਹ ਸਭ ਇਕ ਕਿਤਾਬ ਤੋਂ ਸ਼ੁਰੂ ਹੋਇਆ। ਬੰਗਲਾਦੇਸ਼ ਵਿਚ ਹਰ ਫ਼ਰਵਰੀ ਦੌਰਾਨ ਕੌਮੀ ਪੁਸਤਕ ਮੇਲਾ (ਆਮ ਤੌਰ 'ਤੇ ਐਕੂਸ਼ੇ ਬੁਕ ਫ਼ੇਅਰ ਨਾਲ ਪ੍ਰਸਿੱਧ ਹੈ) ਲਗਦਾ ਹੈ। ਮੇਲੇ ਵਿਚ ਪੰਜ ਸੌ ਸਟਾਲਾਂ 'ਤੇ ਪ੍ਰਕਾਸ਼ਤ ਕੀਤੀਆਂ ਨਵੀਆਂ ਕਿਤਾਬਾਂ ਪੇਸ਼ ਕੀਤੀਆਂ ਜਾਂਦੀਆਂ ਹਨ।

ਹਜ਼ਾਰਾਂ ਲੋਕ ਰੋਜ਼ਾਨਾ ਮੇਲੇ ਵਿਚ ਆਉਂਦੇ ਹਨ ਅਤੇ ਨਵੀਆਂ ਕਿਤਾਬਾਂ ਖ਼ਰੀਦਦੇ ਹਨ। ਮੇਲੇ ਤੋਂ ਉਤਸ਼ਾਹਤ ਪ੍ਰਕਾਸ਼ਨ ਅਪਣੀਆਂ ਕਿਤਾਬਾਂ ਛੇਤੀ ਤਿਆਰ ਕਰਨ ਵਿਚ ਰੁਝੇ ਰਹਿੰਦੇ ਹਨ। ਇਨਾਂ ਵਿਚੋਂ ਇਕ ਪ੍ਰਕਾਸ਼ਨ ਜਾਗਰਤੀ ਪ੍ਰਕਾਸ਼ਨੀ ਨੇ ਹਾਲ ਹੀ ਵਿਚ ਮੇਰੀ ਕਿਤਾਬ 'ਬਿਸਵਾਸ਼ਰ ਵਾਇਰਸ' (ਬੰਗਾਲੀ, ਫੇਥ ਆਫ਼ ਵਾਇਰਸ) ਪੁਸਤਕ ਮੇਲਾ-2014 ਵਿਚ ਸ਼ੁਮਾਰ ਕਰ ਲਈ।

ਕਾਹਲੀ ਵਿਚ ਰਿਲੀਜ਼ ਕੀਤੀ ਗਈ ਇਹ ਕਿਤਾਬ ਛੇਤੀ ਹੀ ਮੇਲੇ ਦੇ ਚੋਟੀ ਦੇ ਕਿਤਾਬ ਵਿਕਰੇਤਾਵਾਂ ਦੀ ਸੂਚੀ ਵਿਚ ਸ਼ਾਮਲ ਹੋ ਗਈ। ਕਿਤਾਬ ਕਾਰਨ ਇਸਲਾਮੀ ਮੂਲਵਾਦੀਆਂ ਨੂੰ ਠੇਸ ਪਹੁੰਚੀ। ਈ-ਮੇਲ ਰਾਹੀਂ ਮੈਨੂੰ ਲਗਾਤਾਰ ਕਤਲ ਕਰ ਦੇਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ। ਮੈਂ ਛੇਤੀ ਹੀ ਇਸਲਾਮੀ ਖਾੜਕੂਆਂ ਅਤੇ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਆ ਗਿਆ। ਇਨਾਂ ਵਿਚੋਂ ਇਕ ਕੱਟੜਪੰਥੀ ਫ਼ਰਾਬੀ ਸ਼ੈਫ਼ੀਉਰ ਰਹਿਮਾਨ ਨੇ ਆਪਣੇ ਅਣਗਿਣਤ ਫ਼ੇਸਬੁਕ ਸਟੇਟਸਾਂ ਰਾਹੀਂ ਸ਼ਰੇਆਮ ਮੇਰੀ ਮੌਤ ਦੇ ਫ਼ੁਰਮਾਨ ਜਾਰੀ ਕਰ ਦਿੱਤੇ। ਇਕ ਵੱਡੇ ਪੱਧਰ 'ਤੇ ਜਾਰੀ ਕੀਤੇ ਸਟੇਟਸ 'ਤੇ ਰਹਿਮਾਨ ਨੇ ਲਿਖਿਆ, "ਅਵਿਜੀਤ ਰਾਏ ਇਸ ਵੇਲੇ ਅਮਰੀਕਾ ਰਹਿੰਦਾ ਹੈ, ਇਸ ਲਈ ਉਸ ਨੂੰ ਮਾਰਨ ਦਾ ਇਹ ਸਹੀ ਮੌਕਾ ਨਹੀਂ ਹੈ, ਪਰ

ਡਾ. ਅਵਿਜੀਤ ਰਾਏ ਇਕ ਪ੍ਰਸਿੱਧ ਬੰਗਲਾਦੇਸ਼ੀ ਮੂਲ ਦਾ ਅਮਰੀਕੀ ਬਲਾਗਰ ਸੀ। ਉਸ ਦੀਆਂ ਰਚਨਾਵਾਂ ਕਾਫ਼ੀ ਪਸਿੱਧ ਸਨ, ਜਿਹੜੀਆਂ ਉਸ ਦੇ ਆਪਣੇ ਬਲਾਗ 'ਮੁਕਤੋ-ਮੋਨਾ' ਵਿੱਚ ਛਪਦੀਆਂ ਸਨ। ਉਸ ਦੀਆਂ ਬੰਗਾਲੀ ਭਾਸ਼ਾ ਵਿਚ ਅੱਠ ਕਿਤਾਬਾਂ ਛੱਪ ਚੁੱਕੀਆਂ ਹਨ ਅਤੇ ਬਹੁਤ ਸਾਰੇ ਲੇਖ ਵੱਖ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪਦੇ ਰਹੇ ਹਨ। ਉਹ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਆਪਣੀਆਂ ਲਿਖਤਾਂ ਵਿਚ ਧਾਰਮਿਕ ਮੂਲਵਾਦੀਆਂ ਦਾ ਪਰਦਾਫ਼ਾਸ ਕਰਦਾ ਸੀ, ਜਿਹੜੇ ਇਨਸਾਨੀਅਤ ਦਾ ਖ਼ੂਨ ਵਹਾਅ ਰਹੇ ਹਨ। ਇਸ ਤੋਂ ਪ੍ਰੇਸ਼ਾਨ ਧਾਰਮਿਕ ਕੱਟੜਪੰਥੀਆਂ ਵਲੋਂ ਅਵਿਜੀਤ ਰਾਏ ਨੂੰ ਧਮਕੀਆਂ ਮਿਲਣ ਲੱਗੀਆਂ। ਇਸਲਾਮੀ ਕੱਟੜਪੰਥੀਆਂ ਵੱਲੋਂ ਅਵੀਜੀਤ ਰਾਏ ਅਤੇ ਉਸ ਦੀ ਪਤਨੀ 'ਤੇ ਉਸ ਸਮੇਂ ਹਮਲਾ ਕੀਤਾ ਗਿਆ, ਜਦੋਂ ਉਹ ਬੰਗਲਾਦੇਸ਼ ਦੀ ਯਾਤਰਾ 'ਤੇ ਸੀ। ਇਸ ਹਮਲੇ ਵਿਚ ਅਵੀਜੀਤ ਰਾਏ ਦੀ ਮੌਤ ਹੋ ਗਈ, ਜਦੋਂਕਿ ਉਸ ਦੀ ਪਤਨੀ ਜ਼ਖ਼ਮੀ ਹੋ ਗਈ। (ਅਵਿਜੀਤ ਰਾਏ ਤੇ ਕੀਤੇ ਹਮਲੇ ਦੀ ਤਸਵੀਰ)

ਅਸੀਂ 'ਸ਼ਰਧਾ ਦੇ ਵਾਇਰਸ' ਲੇਖ ਦਾ ਕੁੱਝ ਹਿੱਸਾ ਇਸ ਕਰਕੇ ਛਾਪ ਰਹੇ ਹਾਂ ਕਿਉਂਕਿ ਕਰਨਾਟਕ ਦੀ ਹੰਪੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਮ.ਐਮ. ਕੁਲਬਰਗੀ ਦਾ ਕਤਲ ਅਤੇ ਅਵਿਜੀਤ ਰਾਏ ਦੇ ਕਤਲ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ। ਦੋਵੇਂ ਕਤਲ ਧਾਰਮਿਕ ਮੂਲਵਾਦੀਆਂ ਵਲੋਂ ਕੀਤੇ ਗਏ ਹਨ। ਦੋਵੇਂ ਵਿਦਵਾਨ, ਤਰਕਸ਼ੀਲ ਅਤੇ ਆਜ਼ਾਦ ਵਿਚਾਰਾਂ ਦੇ ਸਨ। ਫ਼ਰਕ ਸਿਰਫ਼ ਇਨਾਂ ਕੁ ਹੈ ਕਿ ਅਵਿਜੀਤ ਰਾਏ ਨੂੰ ਇਸਲਾਮੀ ਕੱਟੜਪੰਥੀਆਂ ਨੇ ਕਤਲ ਕੀਤਾ ਹੈ ਅਤੇ ਕਲਬੁਰਗੀ ਨੂੰ ਭਾਰਤ ਵਿਚ ਹਿੰਦੂ ਕੱਟੜਪੰਥੀਆਂ ਨੇ।

ਜਦੋਂ ਵਾਪਸ ਆਇਆ ਤਾਂ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਵੇਗਾ।"

ਜਿਉਂ ਹੀ ਮੈਂ ਪਾਠਕਾਂ ਨੂੰ ਕਿਤਾਬ ਦੀ ਪਿੱਠਭੂਮੀ ਬਾਰੇ ਕੁੱਝ ਅੰਸ਼ ਮੁਹੱਈਆ ਕਰਵਾਏ, ਤਿਉਂ ਹੀ ਰਹਿਮਾਨ ਪਾਸਿਉਂ ਧਮਕੀਆਂ ਆਈਆਂ। ਮੈਂ ਜਾਣਦਾ ਸੀ ਕਿ ਬਾਜ਼ਾਰ ਵਿਚ ਆਉਣ ਤੋਂ ਪਹਿਲਾਂ 'ਫ਼ੇਥ ਆਫ਼ ਵਾਇਰਸ' ਦੀ ਮੰਗ ਵਧਣੀ ਸੀ। ਇਹ ਸਭ ਉਦੋਂ ਸ਼ੁਰੂ ਹੋਇਆ, ਜਦੋਂ ਮੈਂ ਇਸ ਮੁੱਦੇ ਬਾਰੇ ਬਲਾਗਜ਼ ਖ਼ਾਸ ਕਰ ਕੇ ਮੁਕਤੋ-ਮੋਨਾ (ਖ਼ਾਸ ਕਰ ਬੰਗਾਲੀ ਆਜ਼ਾਦ ਵਿਦਵਾਨਾਂ ਲਈ ਇਕ ਵੈੱਬਸਾਈਟ) 'ਤੇ ਲਿਖਿਆ। ਸ਼ਰਧਾ ਦੀ ਸਿਆਸਤ ਦੇ ਆਧਾਰਤ 'ਤੇ ਸਾਲ ਪਹਿਲਾਂ ਬੰਗਲਾਦੇਸ਼ ਵਿਚ ਜੋ ਕੁੱਝ ਵਾਪਰਿਆ, ਉਸ ਵਿਚੋਂ ਕੁੱਝ ਨੂੰ ਮੈਂ ਆਪਣੀਆਂ ਲਿਖਤਾਂ ਵਿਚ ਸ਼ਾਮਲ ਕਰਨ ਦਾ ਯਤਨ ਕੀਤਾ। ਜਦੋਂ ਬਹੁਤ ਸਾਰੇ ਬਲਾਗਰ ਖੁੱਲੇਆਮ ਇਸ ਮੁਹਿੰਮ ਵਿਚ ਸ਼ਾਮਲ ਹੋ ਗਏ, ਮੈਂ ਆਪਣੀਆਂ ਲਿਖਤਾਂ ਪ੍ਰਕਾਸ਼ਤ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਨਾਂ ਵਿਚੋਂ ਇਕ ਫ਼ਰੀ ਇਨਕੁਆਇਰੀ ('ਬੰਗਲਾਦੇਸ਼ ਵਿਚ ਆਜ਼ਾਦ ਸੋਚ ਵਾਲੇ ਹਮਲੇ ਦੀ ਮਾਰ ਹੇਠ' ਅਕਤੂਬਰ/ਨਵੰਬਰ 2013) ਵਿਚ ਵੀ ਛਪੀ ਹੈ। ਜਿਹੜੀਆਂ ਘਟਨਾਵਾਂ ਦਾ ਮੈਂ ਜ਼ਿਕਰ ਕੀਤਾ, ਉਨਾਂ ਵਿਚ ਸ਼ਾਬਾਗ ਮੂਵਮੈਂਟ ਵੀ ਸੀ। ਸਿਰਫ਼ ਇਹ ਹੀ ਉਹ ਘਟਨਾ ਸੀ, ਜਿਸ ਕਾਰਨ ਕੱਟੜਪੰਥੀਆਂ ਵਲੋਂ ਨਾਸਤਿਕ ਬਲਾਗਰਾਂ ਅਹਿਮਦ ਰਜਬ ਹੈਦਰ ਅਤੇ ਆਸਿਫ਼ ਮੋਹੀਉਦੀਨ 'ਤੇ ਕਰੂਰਤਾ ਭਰਿਆ ਹਮਲਾ ਕੀਤਾ ਗਿਆ। ਮੋਹੀਉਦੀਨ ਬੁਰੀ ਤਰਾਂ ਜ਼ਖ਼ਮੀ ਹੋ ਗਿਆ, ਪਰ 14 ਜਨਵਰੀ, 2014 ਨੂੰ ਉਸ ਦਾ ਮੁੜ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ; ਦੂਜੇ ਪਾਸੇ, ਇਕ ਮਹੀਨੇ ਮਗਰੋਂ ਹੈਦਰ ਦੀ ਗਲਾ ਰੇਤ ਕੇ ਹੱਤਿਆ ਕੀਤੀ ਗਈ। ਮੈਂ ਇਨਾਂ ਲਿਖਤਾਂ ਵਿਚ ਆਮ ਹੀ ਕਿਹਾ: ਸ਼ਰਧਾ ਦਾ ਵਾਇਰਸ ਹੀ ਇਕ ਅਜਿਹਾ ਹਥਿਆਰ ਹੈ, ਜਿਸ ਰਾਹੀਂ ਇਸ ਕਰੂਰਤਾ ਨੂੰ ਅੰਜਾਮ ਦੇਣਾ ਸੰਭਵ ਸੀ।

ਇਕ ਹੋਰ ਦਿਲਚਸਪ ਮਾਮਲਾ ਬੰਗਾਲੀ ਵਿਦਿਆਰਥੀ ਕੁਆਜ਼ੀ ਮੁਹੰਮਦ ਰੇਜ਼ਵਨੁਲ ਅਹਿਸਾਨ ਨਫ਼ੀਸ ਨਾਲ ਸਬੰਧਤ ਹੈ, ਜੋ ਇਸਲਾਮਕ 'ਜੇਹਾਦ' ਦੇ ਕਹਿਣ 'ਤੇ ਅਮਰੀਕਾ ਵਿਚ ਸਟੂਡੈਂਟ ਵੀਜ਼ੇ (ਵਿਦਿਆਰਥੀ ਵੀਜ਼ਾ) 'ਤੇ ਆਇਆ ਸੀ। ਮੈਨਹਟਨ ਵਿਚ ਫ਼ੈਡਰਲ ਰਿਜ਼ਰਵ ਇਮਾਰਤ ਦੇ ਬਾਹਰ ਇਕ ਫ਼ਰਜ਼ੀ ਕਾਰ ਬੰਬ ਰੱਖਣ ਦੀ ਕੋਸ਼ਿਸ਼ ਤੋਂ ਬਾਅਦ ਇਕ ਸਟਿੰਗ ਆਪ੍ਰੇਸ਼ਨ ਵਿਚ ਅਮਰੀਕੀ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ.ਆਈ.) ਨੇ ਨਫ਼ੀਸ ਨੂੰ 2012 ਵਿਚ ਗ੍ਰਿਫ਼ਤਾਰ ਕਰ ਲਿਆ। ਅਤਿਵਾਦ ਵਿਚ ਸ਼ਮੂਲੀਅਤ ਪਾਏ ਜਾਣ 'ਤੇ ਸ਼ਾਇਦ ਉਸ ਨੂੰ 30 ਸਾਲਾਂ ਦੀ ਕੈਦ ਹੋਵੇ। ਕਿਤਾਬ ਵਿਚ, ਮੈਂ ਇਸ ਗੱਲ ਬਾਰੇ ਦੱਸਣ ਦਾ ਯਤਨ ਕੀਤਾ ਕਿ ਕਿਵੇਂ ਦਹਿਸ਼ਤਪਸੰਦ ਦਿਮਾਗ਼ ਦਾ ਨਫ਼ੀਸ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਕੇ ਸਾਡੀ ਸਭਿਅਤਾ ਲਈ ਬਹੁਤ ਵੱਡਾ ਖ਼ਤਰਾ ਬਣ ਸਕਦਾ ਹੈ। ਧਾਰਮਿਕ ਕਿਤਾਬ ਵਿਚ ਨਫ਼ੀਸ ਦੀ ਡੂੰਘੀ ਸ਼ਰਧਾ ਹੈ ਅਤੇ ਉਹ ਇਸ ਭਰੋਸੇ ਕਿ 'ਕੁਫ਼ਰਾਂ' ਵਿਰੁਧ 'ਜੇਹਾਦੀ' ਮਿਸ਼ਨ ਜਾਰੀ ਰੱਖ ਕੇ ਮੌਤ ਤੋਂ ਬਾਅਦ ਜੰਨਤ ਨਸੀਬ ਹੁੰਦੀ ਹੈ; ਵਾਇਰਸ ਦੀ ਕਾਰਵਾਈ ਨੂੰ ਸੌਖਿਆ ਕਰ ਸਕਣ ਲਈ ਕਾਫ਼ੀ ਹੈ।

ਸ਼ਰਧਾ ਆਧਾਰਤ ਅਤਿਵਾਦ ਕਦੇ ਵੀ ਭਰੋਸੇਯੋਗ ਵਾਇਰਸ ਨਹੀਂ ਹੈ, ਜੇਕਰ ਇਸ ਨੂੰ ਖੁੱਲਾ ਛੱਡ ਦਿਤਾ ਜਾਵੇ, ਤਾਂ ਇਹ ਬਦਲਾ ਲੈਣ ਲਈ ਆਪਸੀ ਭਾਈਚਾਰਕ ਸਾਂਝ ਵਾਲੇ ਸਭਿਆਚਾਰ ਨੂੰ ਤਬਾਹ ਕਰ ਦੇਵੇਗਾ। ਸਤੰਬਰ, 2011 ਵਿਚ ਅਮਰੀਕੀ ਤਜਰਬਾ ਇਕ ਭਿਆਨਕ ਕਰੂਰਤਾ ਸੀ, ਜਿਥੇ ਆਪਣੀ ਹੀ ਧਰਤੀ 'ਤੇ ਕਰੀਬ ਤਿੰਨ ਹਜ਼ਾਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਘੱਟੋ-ਘੱਟ ਦਸ ਬਿਲੀਅਨ ਡਾਲਰ ਦੀ ਜਾਇਦਾਦ ਅਤੇ ਬੁਨਿਆਦੀ ਢਾਂਚਾ ਤਬਾਹ ਹੋ ਗਿਆ। ਅਫ਼ਸੋਸ ਹੈ ਕਿ ਇਹ ਧਰਮ ਦਾ ਵਿਸ਼ਾਣੂ (ਵਾਇਰਸ) ਹੀ ਸੀ। ਮੁਹੰਮਦ ਅਤਾ ਅਤੇ ਅਠਾਰਾਂ ਹੋਰਾਂ ਲਈ ਇਹ ਸਿਰਫ਼ ਨੈਤਿਕ ਕੰਮ ਹੀ ਨਹੀਂ, ਸਗੋਂ ਪਵਿੱਤਰ ਫ਼ਰਜ਼ ਵੀ ਸੀ। ਕੋਚੀ ਭਰਾਵਾਂ ਨੇ ਅੱਲਾ ਅਤੇ ਪੈਗੰਬਰ ਦੇ ਨਾਂਅ ਹੇਠ ਸ਼ਾਰਲੀ ਹੈਬਦੋ 'ਤੇ ਹਮਲਾ ਕਰ ਕੇ 12 ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਕਈ ਨੂੰ ਜ਼ਖ਼ਮੀ ਕਰ ਦਿਤਾ।

ਨਫ਼ੀਸ ਅਤੇ ਕੋਚੀ ਭਰਾਵਾਂ ਦਾ ਮਾਮਲਾ ਧਰਮ ਦੇ ਵਾਇਰਸਾਂ ਦੇ ਉਦੇਸ਼ਾਂ ਤੋਂ ਵੱਖਰਾ ਨਹੀਂ ਹੈ। 80ਵਿਆਂ ਵਿਚ ਅਮਰੀਕੀ ਮੰਤਰੀ ਰੇਵ ਮਾਈਕਲ ਬ੍ਰੇਅ ਨੂੰ ਲੜੀਵਾਰ ਕਲਿਨੀਕਲ ਗਰਭਪਾਤ ਦਾ ਦੋਸ਼ੀ ਪਾਇਆ ਗਿਆ, ਉਸ ਨੇ ਵੀ ਅਪਣੀਆਂ ਅਤਿਵਾਦੀ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਬਾਈਬਲ ਦੇ ਸਲੋਕਾਂ ਦਾ ਹਵਾਲਾ ਦਿੱਤਾ ਸੀ। 1992 ਵਿਚ, ਹਿੰਦੂ ਕੱਟੜਪੰਥੀਆਂ ਨੇ 'ਰਾਮ ਜਨਮਭੂਮੀ' ਦੀ ਮਿਥ ਨੂੰ ਆਧਾਰ ਬਣਾ ਕੇ ਭਾਰਤ ਦੇ ਉਤਰ ਪ੍ਰਦੇਸ਼ ਵਿਚ ਸਥਿਤ ਸੱਭ ਤੋਂ ਪੁਰਾਣੀ ਅਤੇ ਬਹੁਤ ਵੱਡੀ ਮਸਜਿਦ ਬਾਬਰੀ ਮਸਜਿਦ ਨੂੰ ਢਾਹ ਦਿੱਤਾ। ਇਸ ਕਾਰਵਾਈ ਕਾਰਨ ਭਾਰਤ ਅਤੇ ਗੁਆਂਢੀ ਦੇਸ਼ਾਂ ਵਿਚ ਦੰਗੇ ਭੜਕ ਗਏ। ਜਿਵੇਂ ਕਿ ਮੈਂ ਇਸ ਲੇਖ ਵਿਚ ਲਿਖਿਆ ਹੈ, ਆਈ.ਐਸ.ਆਈ.ਐਸ. ਉਨਾਂ ਬਦਨਾਮ ਕੱਟੜਪੰਥੀ ਗਰੁੱਪਾਂ ਵਿਚੋਂ ਇਕ ਹੈ, ਜਿਹੜੇ ਅੱਲਾ ਦੇ ਨਾਮ 'ਤੇ ਘੱਟਗਿਣਤੀਆਂ 'ਤੇ ਲਗਾਤਾਰ ਜ਼ੁਲਮ ਅਤੇ ਲੋਕਾਂ ਦਾ ਸਿਰ ਕਲਮ ਕਰਦੇ ਹਨ। ਨਾਈਜੀਰੀਆ ਦੀ ਅਤਿਵਾਦੀ ਜਥਬੰਦੀ ਬੋਕੋ ਹਰਾਮ, ਔਰਤਾਂ ਨੂੰ ਵੇਸ਼ਵਾਵਿਰਤੀ ਦੇ ਧੰਦੇ ਵਿਚ ਧੱਕਣ ਲਈ ਮਜ਼ਬੂਰ ਹੀ ਨਹੀਂ ਕਰ ਰਹੀ, ਸਗੋਂ ਰੱਬ ਦੇ ਨਾਮ 'ਤੇ ਹਜ਼ਾਰਾਂ ਲੋਕਾਂ ਦਾ ਬੇਰਹਿਮੀ ਨਾਲ ਖ਼ੂਨ ਵੀ ਵਹਾਅ ਰਹੀ ਹੈ। ਸ਼ਰਧਾ ਦੇ ਵਾਈਰਸਾਂ ਦੀਆਂ ਇਹ ਕੁੱਝ ਹੀ ਉਦਾਹਰਣਾਂ ਹਨ, ਅਤੇ ਇਹ ਸਭ ਕੁੱਝ ਸਾਡੇ ਆਲੇ-ਦੁਆਲੇ ਵਾਪਰ ਰਿਹਾ ਹੈ।

ਵਿਸਵਾਸ਼ਰ ਵਾਈਰਸ ਵਿਚ ਮੈਂ ਨਵੀਂ ਜਾਂ ਨਵੀਨ ਧਾਰਨਾ ਲਿਆਉਣ ਦਾ ਦਾਅਵਾ ਨਹੀਂ ਕੀਤਾ। ਪ੍ਰਸਿੱਧ ਰਿਚਰਡ ਡਾਕਿਨਜ਼ ਦੇ 'ਦ ਮੇਮੇ' (1976 ਵਿਚ ਪੇਸ਼ ਕੀਤੇ ਗਈ ਮੈਗਨਮ, ਓਪਸ, ਦ ਸੈਲਫ਼ਿਸ਼ ਜੀਨ) ਦਾ ਜੋ ਕ੍ਰਾਂਤੀਕਾਰੀ ਵਿਚਾਰ ਹੈ, ਉਹ ਧਾਰਮਿਕ ਵਿਚਾਰਾਂ ਲਈ ਛੁਪੇ ਹੋਏ ਵਾਇਰਲ ਬਾਰੇ ਚਾਨਣਾ ਪਾਉਂਦਾਹੈ। ਇਸ ਵਿਚਾਰ ਦੇ ਆਧਾਰ 'ਤੇ ਅਨੇਕਾਂ ਲੇਖਕਾਂ ਨੇ ਸੁਝਾਅ ਦਿੱਤਾ ਕਿ ਜਿਸ ਤਰਾਂ ਜਿਉਂ ਰਹੀ ਜ਼ਿੰਦਗੀ ਵਿਚ 'ਬਾਇਓਲਾਜੀਕਲ ਵਾਇਰਸ' ਕਾਰਵਾਈ ਕਰਦਾ ਹੈ, ਉਸੇ ਤਰਾਂ ਹੀ ਧਰਮ ਵੀ ਕਰ ਸਕਦਾ ਹੈ। ਕੰਪਿਊਟਰ ਵਿਗਿਆਨੀ ਕ੍ਰੇਗ ਜੇਮਸ (ਦ ਰਿਲੀਜ਼ਨ ਵਾਈਰਸ ਦਾ ਲੇਖਕ) ਅਤੇ ਮਨੋਰੋਗ ਮਾਹਰ ਡਾਰੈਲ ਡਬਲਯੂ. ਰੇਅ (ਦ ਗਾਡ ਵਾਈਰਸ) ਖ਼ੁਦ ਇਸ ਦਾ ਜ਼ਿਕਰ ਕੀਤਾ ਹੈ ਕਿ 'ਧਾਰਮਿਕ ਵਿਚਾਰ' ਵਾਇਰਸ ਵਾਂਗ ਹੋ ਸਕਦੇ ਹਨ। ਫ਼ਿਲਾਸਫ਼ਰ ਡੇਨੀਅਲ ਸੀ. ਡੈਨਟ ('ਬ੍ਰੇਕਿੰਗ ਦ ਸਪੈਲ' ਦੇ ਲੇਖਕ) ਨੇ ਕਿਹਾ ਕਿ ਜਿਸ ਤਰਾਂ ਪੈਰਾਸਾਈਟ ਅੰਗਾਂ 'ਤੇ ਖ਼ੁਦ ਕੰਟਰੋਲ ਕਰਦਾ ਹੈ, ਉਸੇ ਤਰਾਂ ਧਰਮ, ਲੋਕਾਂ ਨੂੰ ਅਪਣੇ ਪ੍ਰਭਾਵ ਹੇਠ ਰੱਖਦਾ ਹੈ। ਉਦਾਹਰਣ ਦੇ ਤੌਰ 'ਤੇ ਕਿਸੇ ਦੇ ਕੱਟਣ ਜਾਂ ਹਮਲਾ ਕਰਨ 'ਤੇ, ਹਲਕਾਅ ਦੇ ਵਿਸ਼ਾਣੂ (ਵਾਈਰਸ) ਕਾਰਨ ਜੀਵਾਂ ਦੇ ਦਿਮਾਗ਼ਾਂ ਦੀਆਂ ਵਿਸ਼ੇਸ਼ ਤੰਤਰਿਕਾਂ ਪ੍ਰਭਾਵਿਤ ਹੁੰਦੀਆਂ ਹਨ। ਲੈਂਸਟ ਫਲੂਕ (ਡਿਕ੍ਰੋਕੋਲੀਅਮ ਡੈਂਡਰਿਟੀਕਮ) ਇਕ ਅਜਿਹਾ ਪਰਜੀਵੀ ਹੈ, ਜਿਹੜਾ ਕੀੜੀਆਂ ਦੇ ਦਿਮਾਗ਼ 'ਤੇ ਕੰਟਰੋਲ ਕਰ ਲੈਂਦਾ ਹੈ ਅਤੇ ਆਪਣੇ ਅਨੁਸਾਰ ਚਲਾਕੇ ਉਨਾਂ ਨੂੰ ਘਾਹ ਦੀਆਂ ਪੱਤੀਆਂ 'ਤੇ ਚਾੜ ਦਿੰਦਾ ਹੈ, ਜਿਥੋਂ ਗਾਵਾਂ ਉਨਾਂ ਨੂੰ ਖਾ ਜਾਂਦੀਆਂ ਹਨ। ਇਕ ਹੋਰ ਪਰਜੀਵੀ, ਵਾਲਾਂ ਵਿਚ ਛੁਪਣ ਵਾਲਾ ਕੀੜਾ ਹੈ, ਜਿਸ ਨੂੰ ਵਿਗਿਆਨ ਦੀ ਭਾਸ਼ਾ ਵਿਚ 'ਸਪਾਈਨੋਕੋਰਡੋਡਸ ਟੈਲਿਨੀ' ਕਹਿੰਦੇ ਹਨ। ਇਹ ਟਿੱਡਿਆਂ ਦੇ ਦਿਮਾਗ਼ 'ਤੇ ਕਬਜ਼ਾ ਕਰ ਲੈਂਦਾ ਹੈ ਅਤੇ ਆਪਣੇ ਸੰਗੀਆਂ ਨੂੰ ਮਿਲਣ ਦੀ ਲਾਲਸਾ ਵਿਚ ਟਿੱਡੇ ਪਾਣੀ ਵਿਚ ਛਾਲ ਮਾਰ ਦਿੰਦੇ ਹਨ ਅਤੇ ਖ਼ੁਦ ਹੀ ਆਪਣੀ ਜੀਵਨ-ਲੀਲਾ ਖ਼ਤਮ ਕਰ ਲੈਂਦੇ ਹਨ।

ਕੀ ਇਸੇ ਤਰਾਂ ਦੇ ਵਰਤਾਰੇ ਅਸੀਂ ਸਾਡੇ ਮਨੁੱਖੀ ਸਮਾਜ ਵਿਚ ਨਹੀਂ ਵੇਖਦੇ? ਆਈ.

ਐਸ.ਆਈ.ਐਸ. ਵਲੋਂ ਇਕ ਕੈਦੀ ਦੇ ਸਿਰ ਕਲਮ ਕਰਨ ਦੀ ਜਾਰੀ ਕੀਤੀ ਗਈ ਭੈਭੀਤ ਕਰਨ ਵਾਲੀ ਵੀਡਿਓ, ਇਸ ਤਰਾਂ ਦੀ ਇਕ ਉਦਾਹਰਣ ਹੈ। ਇਸ ਗੱਲ ਤੋਂ ਬੇਪਰਵਾਹ ਰਾਸ਼ਟਰਪਤੀ ਬਰਾਕ ਓਬਾਮਾ ਕਈ ਵਾਰ ਸਾਫ਼ ਕਰ ਚੁੱਕੇ ਹਨ ਕਿ ਅਮਰੀਕਾ ਦੀ ਇਸਲਾਮ ਨਾਲ ਕੋਈ ਲੜਾਈ ਨਹੀਂ ਹੈ। ਆਈ.ਐਸ. ਆਈ.ਐਸ.(ਜਾਂ ਬਦਲੇ ਵਜੋਂ ਆਈ.ਐਸ. ਆਈ.ਐਲ.) ਨਾਲ ਨਜਿੱਠਣ ਦੀ ਰਣਨੀਤੀ ਦਾ ਓਬਾਮਾ ਨੇ ਐਲਾਨ ਕੀਤਾ, "ਹੁਣ ਦੋ ਚੀਜ਼ਾਂ ਸਾਫ਼ ਹੋ ਗਈਆਂ ਹਨ: ਆਈ.ਐਸ. ਆਈ.ਐਲ. ਇਸਲਾਮਕ ਨਹੀਂ ਹੈ। ਕੋਈ ਵੀ ਧਰਮ ਨਿਰਦੋਸ਼ਾਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦਾ ਅਤੇ ਆਈ.ਐਸ.ਆਈ.ਐਲ. ਦੇ ਸਤਾਏ ਲੋਕਾਂ ਵਿਚੋਂ ਬਹੁਤੇ ਮੁਸਲਮਾਨ ਹਨ।... ..ਇਹ ਸਾਫ਼ ਹੈ ਕਿ ਆਈ.ਐਸ. ਆਈ.ਐਲ. ਇਕ ਅਤਿਵਾਦੀ ਜਥੇਬੰਦੀ ਹੈ।" ਓਬਾਮਾ ਨੇ ਜ਼ਿਕਰ ਕੀਤਾ, "ਆਈ.ਐਸ. ਆਈ.ਐਲ. ਦਾ ਕੋਈ ਧਰਮ ਨਹੀਂ ਹੈ। ਉਸ ਦੇ ਪੀੜਤ ਜ਼ਿਆਦਾਤਰ ਮੁਸਲਮਾਨ ਹੀ ਹਨ ਅਤੇ ਕੋਈ ਵੀ ਸ਼ਰਧਾ ਲੋਕਾਂ ਨੂੰ ਬੇਕਸੂਰਾਂ ਦਾ ਖ਼ੂਨ ਵਹਾਉਣ ਨੂੰ ਨਹੀਂ ਕਹਿੰਦੀ। ਕੋਈ ਵੀ ਰੱਬ ਇਸ ਦਾ ਹਾਮੀ ਨਹੀਂ ਹੋਵੇਗਾ ਕਿ ਉਸ ਨੇ ਕੱਲ ਕੀ ਕੀਤਾ ਸੀ ਅਤੇ ਰੋਜ਼ਾਨਾ ਕੀ ਕਰ ਰਹੇ ਹਨ।"

ਓਬਾਮਾ ਦੇ ਬਿਆਨ ਦੇਣ ਪਿੱਛੇ ਜੋ ਵੀ ਮਕਸਦ ਹੋਵੇ, ਚਾਹੇ ਆਮ ਰਣਨੀਤੀ ਜਾਂ ਅਖੌਤੀ ਸਿਆਸੀ ਗਿਣਤੀ-ਮਿਣਤੀ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਈ.ਐਸ. ਆਈ.ਐਸ. ਸਿਰਫ਼ ਇਸਲਾਮ ਬਾਰੇ ਬੋਲਦਾ ਹੈ। ਆਈ.ਐਸ.ਆਈ.ਐਸ. ਉਦੋਂ ਪੈਦਾ ਹੋਇਆ, ਜਦੋਂ ਸ਼ਰਧਾ ਦੇ ਵਾਇਰਸ ਨੂੰ ਅਮਲ ਵਿਚ ਲਿਆਂਦਾ ਗਿਆ ਅਤੇ ਇਕ ਮਹਾਂਮਾਰੀ ਬਣ ਕੇ ਫੈਲ ਗਿਆ।

ਆਈ.ਐਸ.ਆਈ.ਐਸ. ਬਿਲਕੁਲ ਉਸੇ 'ਤੇ ਅਮਲ ਕਰ ਰਹੀ ਹੈ, ਜੋ ਹਜ਼ਾਰਾਂ ਸਾਲ ਤੋਂ ਵੱਧ ਸਮਾਂ ਪਹਿਲਾਂ ਤੋਂ ਉਸ ਦੇ ਧਾਰਮਿਕ ਪੈਗੰਬਰ ਨੇ ਕਾਇਮ ਕੀਤਾ ਸੀ। ਅਸੀਂ ਡੇਨੀਅਲ ਪਰਲ, ਨਿੱਕ ਬਰਗ, ਕਿਮ ਸੁਨ ਦੂਜਾ ਅਤੇ ਪੌਲ ਜੌਹਨਸਨ ਬਾਰੇ ਜਾਣਦੇ ਹਾਂ, ਜਿਨਾਂ ਨੂੰ ਅੱਲਾ ਦੇ 'ਸਿਪਾਹੀਆਂ' ਨੇ ਫੜ ਲਿਆ ਸੀ ਅਤੇ ਫਿਰ ਸਿਰ ਕਲਮ ਕਰ ਦਿੱਤੇ। ਅਸੀਂ ਇਸੇ ਤਰਾਂ ਅਮਰੀਕੀ ਪੱਤਰਕਾਰ ਜੇਮਸ ਫੋਲੇ, ਸਟੀਵਨ ਸੋਟਲੋਫ਼ ਅਤੇ ਬਰਤਾਨਵੀ ਸਵੈ-ਸੇਵੀ ਕਾਰਕੁਨ ਡੇਵਿਡ ਹੈਂਸ ਦਾ ਵੀ ਹਸ਼ਰ ਵੇਖਿਆ।

ਆਈ.ਐਸ.ਆਈ.ਐਸ. ਵੀ ਕਾਫ਼ਰਾਂ ਇਸਲਾਮ ਸ਼ਰੀਆ ਕਾਨੂੰਨ ਅਤੇ ਪਵਿੱਤਰ ਗ੍ਰੰਥਾਂ ਵਿਚ ਦਿੱਤੇ ਸਿਧਾਂਤਾਂ ਅਨੁਸਾਰ ਕਤਲ ਕਰਨ ਦੇ ਰਾਹ ਪਈ ਹੋਈ ਹੈ। ਜੀਵ ਵਿਗਿਆਨੀ ਜੈਰੀ ਕੋਨੇ ਨਿਊ ਰੀਪਬਲਿਕ ਵਿਚ ਲਿਖੇ ਅਪਣੇ ਲੇਖ ਵਿਚ ਸਹੀ ਕਹਿੰਦਾ ਹੈ, "ਜੇਕਰ ਆਈ.ਐਸ.ਆਈ.ਐਸ. ਇਸਲਾਮਿਕ ਨਹੀਂ, ਫਿਰ ਕੈਥੋਲਿਕ ਨੂੰ ਵਾਚਣ ਦੀ ਲੋੜ ਨਹੀਂ।"

ਅਜਿਹਾ ਲਗਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਸਮੁੱਚੇ ਧਰਮਾਂ ਖ਼ਾਸ ਕਰ ਕੇ ਇਸਲਾਮ ਦੀ ਆਲੋਚਨਾ ਕਰਨ ਤੋਂ ਬਚ ਰਹੇ ਹਨ। ਇਸ ਤਰਾਂ ਦਾ ਵਿਵਹਾਰ ਨਵਾਂ ਨਹੀਂ ਹੈ। 11 ਸਤੰਬਰ 2001 ਨੂੰ ਹੋਏ ਅਤਿਵਾਦੀ ਹਮਲੇ ਤੋਂ ਸਿਰਫ਼ ਕੁੱਝ ਦੇਰ ਬਾਅਦ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਨੇ ਮੁੜ ਉਹੀ ਦਾਅਵਾ ਕੀਤਾ ਕਿ ਇਸਲਾਮ 'ਸ਼ਾਂਤੀ ਦਾ ਧਰਮ' ਹੈ।

ਜਿਵੇਂ ਪੈਰਾਸਾਈਟ ਟਿੱਡੇ ਦੇ ਦਿਮਾਗ਼ ਨੂੰ ਹਾਈਜੈਕ ਕਰ ਕੇ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ, ਇਸੇ ਤਰਾਂ ਧਾਰਮਿਕ ਪੁਸਤਕ ਅਤਿਵਾਦੀ ਦੇ ਦਿਮਾਗ਼ ਨੂੰ ਉਕਸਾਉਂਦੀ ਹੈ। ਇਸ ਦੀਆਂ ਉਦਾਹਰਣਾਂ ਨਫ਼ੀਸ ਅਤੇ ਅਤਾ ਹਨ, ਜਿਹੜੇ ਕਰੂਰਤਾਪੂਰਨ ਕੰਮ ਕਰਨ ਲਈ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾ ਦਿੰਦੇ ਹਨ।

ਪਰ ਅਸੀਂ ਜਾਣਦੇ ਹਾਂ ਕਿ ਸਾਰੇ ਮੁਸਲਮਾਨ ਅਤਿਵਾਦੀ ਨਹੀਂ ਹਨ; ਉਹ ਸ਼ਾਂਤੀਪਸੰਦ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਉਨਾਂ ਨੇ ਕੁਰਾਨ ਦਾ ਡੂੰਘਾਈ ਨਾਲ ਅਧਿਐਨ ਨਹੀਂ ਕੀਤਾ ਹੁੰਦਾ।

# ਮੰਗਲ ਗ੍ਰਹਿ ਨੂੰ ਰਹਿਣਯੋਗ ਬਣਾਉਣ ਲਈ ਪ੍ਰਮਾਣੂ ਬੰਬ ਸੁੱਟਣ ਦੀ ਯੋਜਨਾ



ਐਲੋਨ ਮਸਕ ਮੰਗਲ ਗ੍ਰਹਿ ਉਪਰ ਦੋ ਪ੍ਰਮਾਣੂ ਬੰਬ ਸੁੱਟਣ ਦੀ ਯੋਜਨਾ ਬਣਾ ਰਿਹਾ ਹੈ, ਜਿਹੜਾ ਹਰ ਕੁੱਝ ਮਿੰਟਾਂ ਮਗਰੋਂ ਫਟੇਗਾ ਅਤੇ ਇਹ ਇੰਨਾਂ ਕੁ ਜ਼ਿਆਦਾ ਗਰਮੀ ਪੈਦਾ ਕਰੇਗਾ, ਜਿਸ ਨਾਲ ਮਨੁੱਖੀ ਜਿਉਂਦਾ ਰਹਿ ਸਕੇ। ਮਸਕ ਨੇ ਇਸ 'ਮਹਾਂਧਮਾਕੇ' ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਗ੍ਰਹਿ 'ਤੇ ਪ੍ਰਮਾਣੂ ਬੰਬ ਸੁੱਟਣਾ ਚਾਹੁੰਦਾ ਹੈ ਤਾਂ ਕਿ ਉਹ ਬਸਤੀ ਵਸਾਉਣ ਲਈ ਤਿਆਰ ਹੋ ਸਕੇ। ਹਾਲਾਂਕਿ, ਉਹ ਇਹ ਯੋਜਨਾ ਬਣਾ ਰਿਹਾ ਹੈ ਕਿ ਇਸ ਨੂੰ ਗ੍ਰਹਿ ਦੇ ਉਪਰ ਸੁਟਿਆ ਜਾਵੇ ਜਾਂ ਨੇੜੇ-ਤੇੜੇ, ਜਿਸ ਵਿਚੋਂ 'ਬਹੁਤ ਛੋਟੀਆਂ ਕਿਰਨਾਂ' ਪੈਦਾ ਹੋਣਗੀਆਂ। ਮਸਕ ਨੇ ਕਿਹਾ ਕਿ ਉਹ ਇਸ ਬਾਰੇ ਗੱਲ ਕਰ ਰਿਹਾ ਹੈ। ਉਨਾਂ ਕਿਹਾ ਕਿ ਸਾਡੇ ਪੱਧਰ 'ਤੇ ਇਹ ਲੜੀ ਬਹੁਤ ਲੰਮੀ ਹੈ, ਪਰ ਸੰਕਟ ਦੇ ਪੱਧਰ 'ਤੇ ਬਹੁਤ ਛੋਟੀ ਹੈ। ਜਦੋਂ ਉਸ ਤੋਂ ਪੁੱਛਿਆ ਗਿਆ ਕਿ ਕੀ ਇਸ ਯੋਜਨਾ ਨਾਲ ਖ਼ਤਰਾ ਪੈਦਾ ਨਹੀਂ ਹੋਵੇਗਾ। ਉਨਾਂ ਕਿਹਾ ਕਿ ਅਸਲ ਵਿਚ ਉਹ ਇਸ ਨੂੰ ਗ੍ਰਹਿ 'ਤੇ ਨਹੀਂ, ਸਗੋਂ ਗ੍ਰਹਿ ਤੋਂ ਬਾਹਰ ਸੁੱਟ ਰਹੇ ਹਨ। ਉਹ ਆਪਣੀ ਊਰਜਾ ਕੰਪਨੀ ਸੋਲਰ ਸਿਟੀ ਦੇ ਇਕ ਪ੍ਰੋਗਰਾਮ ਦੌਰਾਨ ਬੋਲ ਰਹੇ ਸਨ। ਇਸ ਸਮੇਂ ਮੰਗਲ ਗ੍ਰਹਿ ਮਨੁੱਖ ਲਈ ਰਹਿਣ ਯੋਗ ਨਹੀਂ ਹੈ, ਕਿਉਂਕਿ ਕਿ ਉਥੋਂ ਦਾ ਵਾਤਾਵਰਨ ਬਹੁਤ ਹੀ ਠੰਢਾ ਹੈ। ਇਕੋ-ਇਕ ਰਸਤਾ ਇਹ ਹੈ ਕਿ ਗ੍ਰਹਿ ਦੁਆਲੇ ਗਰੀਨ ਹਾਊਸ ਬਣਾ ਕੇ, ਇਸ ਦੇ ਵਾਤਾਵਰਣ ਵਿਚ ਤਬਦੀਲੀ ਕਰ ਕੇ ਇਸ ਨੂੰ ਰਹਿਣ ਯੋਗ ਬਣਾਇਆ ਜਾਵੇਗਾ। ਸੂਰਜ ਦੀ ਗਰਮੀ ਗ੍ਰਹਿ 'ਤੇ ਇੰਨੀ ਜ਼ਿਆਦਾ ਤਪਸ ਪੈਦਾ ਕਰੇਗੀ, ਜਿਸ ਨਾਲ ਉਸ 'ਤੇ ਜੰਮੀ ਕਾਰਬਨ ਡਾਇਆਕਸਾਈਡ ਭਾਫ਼ ਵਿਚ ਬਦਲ ਸਕੇ, ਇਸ ਨਾਲ ਧਰਤੀ ਵਰਗਾ ਵਾਤਾਵਰਨ ਬਣੇਗਾ ਅਤੇ ਮਨੁੱਖ ਲੰਬੇ ਸਮੇਂ ਤਕ ਉਥੇ ਰਹਿ ਸਕੇਗਾ।

# ਮੁਹੰਮਦਪੁਰ ਵਾਸੀਆਂ ਤੋਂ ਤਾਂ ਰੱਬ ਵੀ ਡਰਦਾ ਹੈ...

ਹਮਜ਼ਾ ਖ਼ਾਨ






ਕਾਨਪੁਰ ਦਿਹਾਤੀ ਜ਼ਿਲੇ ਦੇ ਪਟੇਲ ਚੌਕ ਵਿਚ ਜਦੋਂ 2011 ਦੀ ਮਰਦਮਸ਼ੁਮਾਰੀ ਕਰਨ ਵਾਲਿਆਂ ਨੇ 64 ਸਾਲਾ ਵਿਸ਼ਰਾਮ ਸਵਰੂਪ ਕਟਿਆਰ ਦਾ ਦਰਵਾਜ਼ਾ ਖੜਕਾਇਆ ਅਤੇ ਉਸ ਨੂੰ ਧਰਮ ਬਾਰੇ ਪੁਛਿਆ ਤਾਂ ਉਸ ਨੇ ਕਿਹਾ, "ਸੰਵਿਧਾਨ ਹੀ ਮੇਰਾ ਧਰਮ ਹੈ।"

ਧੋਤੀ ਕੁੜਤਾ ਪਾਈਂ ਪਹਿਲੀ ਮੰਜ਼ਿਲ 'ਤੇ ਸਥਿਤ ਅਰਜਕ ਸੰਘ ਦੇ ਦਫ਼ਤਰ ਵਿਚ ਬੈਠੇ ਐਨਕਾਂ ਵਾਲੇ ਵਿਅਕਤੀ (ਜੋ ਸੰਘ ਦਾ ਮੈਂਬਰ ਵੀ ਹੈ) ਨੇ ਇਸ ਬਾਰੇ ਯਾਦ ਕਰਦਿਆਂ ਕਿਹਾ "ਮੈਨੂੰ ਨਹੀਂ ਪਤਾ ਅਖ਼ੀਰ ਉਸ ਨੇ ਕੀ ਲਿਖਿਆ, ਪਰ ਮੈਂ ਜਾਣਦਾ ਸੀ ਕਿ ਮੈਂ ਉਸ ਨੂੰ ਕੀ ਕਿਹਾ।" ਬਾਹਰੀ ਢਾਂਚੇ ਤੋਂ, ਅਰਜਕ ਸੰਘ ਦਾ ਦਫ਼ਤਰ ਉਤਰ ਪ੍ਰਦੇਸ਼ ਦੀਆਂ ਛੋਟੀਆਂ-ਮੋਟੀਆਂ ਸੰਸਥਾਵਾਂ ਦੇ ਦਫ਼ਤਰ ਵਾਂਗ ਵਿਖਾਈ ਦਿੰਦਾ ਹੈ; ਸਿਵਾਏ ਇਸ ਦੇ ਕਿ ਦਫ਼ਤਰ ਅੰਦਰ ਬੈਠ ਸਾਰੇ ਦੇ ਸਾਰੇ ਖ਼ੁਦ ਨੂੰ ਨਾਸਤਿਕ ਮੰਨਦੇ ਹਨ।

ਉਨਾਂ ਦੀ ਦਫ਼ਤਰ ਦੀ ਕੰਧ 'ਤੇ ਲਿਖਿਆ ਹੋਇਆ ਸੀ,

"ਭਗਵਾਨ ਸੇ ਯਦੀ ਨਿਆਇ ਮਿਲਤਾ ਤੋ ਨਿਆਲਯ ਨਹੀਂ ਹੋਤੇ।

ਸਰਸਵਤੀ ਸੇ ਯਦੀ ਵਿਦਿਆ ਮਿਲਤੀ ਤੋ ਵਿਦਿਆਲਯ ਨਹੀਂ ਹੋਤੇ।"

ਹੁਣੇ-ਹੁਣੇ ਮਰਦਮਸ਼ੁਮਾਰੀ 2011 ਦੇ ਧਰਮ ਸਬੰਧੀ ਤਾਜ਼ਾ ਅੰਕੜੇ ਜਾਰੀ ਕੀਤੇ ਗਏ ਹਨ। ਇਨਾਂ ਵਿਚੋਂ 28 ਲੱਖ ਤੋਂ ਵੱਧ ਲੋਕ ਅਜਿਹੇ ਹਨ, ਜਿਨਾ ਨੇ ਮਰਦਮਸ਼ੁਮਾਰੀ ਦੇ ਸੂਚੀ ਫ਼ਾਰਮ ਵਿਚ ਦਿੱਤੇ ਛੇ ਧਰਮਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ।, ਉਨਾਂ ਵਿਚੋਂ ਕਿਸੇ ਧਰਮ ਨੂੰ ਨਹੀਂ ਮੰਨਦੇ। ਇਨਾਂ ਵਿਚੋਂ 5.82 ਲੱਖ ਉਤਰ ਪ੍ਰਦੇਸ਼ ਤੋਂ ਹਨ। ਸਪਸ਼ਟ ਤੌਰ 'ਤੇ ਇਸ ਦਾ ਇਕ ਕਾਰਨ ਦੇਸ਼ ਦੇ 20 ਕਰੋੜ ਲੋਕਾਂ ਦੀ ਸੱਭ ਤੋਂ ਸੰਘਣੀ ਆਬਾਦੀ ਵਾਲਾ ਸੂਬਾ ਹੋਣਾ ਵੀ ਹੈ। ਮਰਦਮਸ਼ੁਮਾਰੀ ਦੇ ਫ਼ਾਰਮ ਦੇ ਪ੍ਰਸ਼ਨ ਨੰਬਰ 7 ਵਿਚ ਛੇ ਧਰਮਾਂ ਦਾ ਜ਼ਿਕਰ ਕੀਤਾ ਹੋਇਆ ਹੈ, ਜਿਨਾਂ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ ਗਿਆ ਹੈ। ਹਾਲਾਂਕਿ, ਮਰਦਮਸ਼ੁਮਾਰੀ ਕਰਨ ਵਾਲੇ ਹੋਰ ਧਰਮਾਂ ਦੇ ਨਾਮਾਂ ਅਤੇ ਬਿਨਾਂ ਕੋਡ ਤੋਂ ਸੂਚੀ ਵੀ ਬਣਾ ਸਕਦੇ ਹਨ ਤਾਂ ਕਿ ਨਾਸਤਿਕਾਂ, ਪਦਾਰਥਵਾਦੀਆਂ, ਤਰਕਸ਼ੀਲਾਂ ਅਤੇ ਮਨੁੱਖਤਾਵਾਦੀਆਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਵੇ।

ਯੂਪੀ ਵਿਚ, ਉਪਰੋਕਤ ਅੰਕੜਿਆਂ ਦਾ ਸਿਹਰਾ ਅਰਜਕ ਸਿੰਘ ਨੂੰ ਦਿੱਤਾ ਜਾ ਸਕਦਾ ਹੈ, ਜੋ ਸ਼ਾਇਦ ਸੂਬੇ ਵਿਚ ਸਭ ਤੋਂ ਵੱਡਾ ਨਾਸਤਿਕ ਗਰੁਪ ਹੈ, ਜਿਹੜਾ ਸ਼ਹਿਰੀ ਅਤੇ ਦਿਹਾਤੀ ਖੇਤਰ ਵਿਚ ਸਰਗਰਮ ਹੈ। ਇਸ ਦੇ ਮੈਂਬਰ ਕਾਨਪੁਰ, ਬਸਤੀ, ਫ਼ੈਜ਼ਾਬਾਦ, ਪ੍ਰਤਾਪਗੜ੍ਹ, ਵਾਰਾਨਸੀ ਅਤੇ ਗੁਆਂਢੀ ਸੂਬੇ ਬਿਹਾਰ ਅਤੇ ਝਾਰਖੰਡ ਵਿਚ ਰਾਮ ਸਵਰੂਪ ਵਰਮਾ ਦੀ ਲਿਖੀ 32 ਪੇਜਾਂ ਦੀ ਹੱਥ ਲਿਖਤ 'ਤੇ ਪਹਿਰਾ ਦੇ ਰਹੇ ਹਨ। ਰਾਮ ਸਵਰੂਪ ਵਰਮਾ ਦਾ ਜਨਮ ਕਾਨਪੁਰ ਵਿਚ ਹੋਇਆ ਸੀ ਅਤੇ ਉਹ 1967 ਵਿਚ ਤਤਕਾਲੀ ਮੁੱਖ ਮੰਤਰੀ ਚਰਨ ਸਿੰਘ ਦੀ ਸਰਕਾਰ ਵਿਚ ਯੂ.ਪੀ. ਦੇ ਵਿੱਤ ਮੰਤਰੀ ਵੀ ਰਹੇ। 'ਅਰਜਕ' ਹੱਥੀਂ ਕਿਰਤ ਕਰਨ ਵਾਲਿਆਂ ਦੀ ਤਰਜ਼ਮਾਨੀ ਕਰਦਾ ਹੈ। ਇਸ ਲਈ 'ਉਚ' ਜਾਤੀਆਂ ਜਾਂ ਬ੍ਰਾਹਮਣਾਂ ਨੂੰ ਇਸ ਦੇ ਮੈਂਬਰ ਨਹੀਂ ਬਣਾਇਆ ਜਾਂਦਾ । ਹਾਲਾਂਕਿ, 'ਬ੍ਰਾਹਮਣਵਾਦ' ਦਾ ਤਿੱਖਾ ਵਿਰੋਧ ਕਰਦਿਆਂ ਅਰਜਕ ਸੰਘ, ਚੇਤਨ ਮੁਨੱਖਤਾ ਦੀ ਬਰਾਬਰਤਾ ਦੀ ਗੱਲ ਕਰਦਾ ਹੈ। ਮੂਰਤੀ ਪੂਜਾ, ਕਿਸਮਤ, ਪੁਨਰ-ਜਨਮ ਅਤੇ ਆਤਮਾ ਅਜਿਹੀਆਂ ਚੀਜ਼ਾਂ ਹਨ, ਜਿਨਾਂ ਵਿਰੁਧ ਵੀ ਉਹ ਇਕਜੁਟ ਹਨ।

ਅਰਜਕ ਸੰਘ ਦੇ ਮੈਂਬਰ, ਨਗਰ ਪਾਲਿਕਾ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਅਧਿਆਪਕ 66 ਸਾਲਾ ਸੁਰੇਸ਼ ਬਾਬੂ ਕਟਿਆਰ, ਜਿਸ ਦਾ ਘਰ ਦਫ਼ਤਰ ਦੇ ਨੇੜੇ ਹੀ ਹੈ, ਨੇ ਕਿਹਾ ਕਿ ਧਰਮ 'ਤੇ ਬਹਿਸ ਉਨਾਂ ਦੇ ਕੰਮ ਨੂੰ ਹੋਰ ਦ੍ਰਿੜਤਾ ਬਖ਼ਸ਼ਦੀ ਹੈ। ਉਨਾਂ ਕਿਹਾ, "ਰਾਮ ਦੇ ਸਮੇਂ ਸਬੰਧੀ ਸਾਨੂੰ ਕੋਈ ਸਬੂਤ ਨਹੀਂ ਮਿਲਦੇ, ਜਿਸ ਤੋਂ ਇਹ ਸਿੱਧ ਹੋਵੇ ਕਿ ਉਸ ਦੀ ਹੋਂਦ ਸੀ, ਪਰ ਉਹ ਨਹੀਂ ਸੁਣਨਾ ਚਾਹੁੰਦੇ।" ਉਸ ਨੇ ਸਾਫ਼ ਸਪਸ਼ਟ ਕਿਹਾ ਕਿ ਉਸ ਦੇ 30 ਮੈਂਬਰੀ ਕਾਲਜ ਸਟਾਫ਼ ਵਿਚੋਂ ਪੰਜ ਨਾਸਤਿਕ ਸਨ।

ਸਾਬਕਾ ਸਾਇਕੋਲੋਜੀ ਡਾਕਟਰ ਸ੍ਰੀਰਾਮ ਸਵਰੂਪ ਕਟਿਆਰ ਦੀ ਨੂੰਹ ਇਕ ਡਾਕਟਰ ਹੈ, ਜਿਸ ਬਾਰੇ ਉਹ ਦਸਦਾ ਹੈ ਕਿ ਉਹ ਵੀ ਉਨਾਂ ਵਿੱਚ ਕਿਵੇਂ ਸ਼ਾਮਲ ਹੋ ਗਈ। ਉਨਾਂ ਮੁਸਕਰਾਉਂਦਿਆਂ ਕਿਹਾ, "ਤਿੰਨ-ਚਾਰ ਸਾਲ ਪਹਿਲਾਂ, ਉਸ ਨੇ (ਨੂੰਹ ਨੇ) ਘਰ ਵਿਚ ਇਕ ਮੰਦਰ ਬਣਾਇਆ ਅਤੇ ਵੈਸ਼ਣੋ ਖਾਣਾ ਖਾਣਾ ਸ਼ੁਰੂ ਕਰ ਦਿੱਤਾ। ਬਾਅਦ ਵਿਚ, ਉਸ ਨੇ ਪੂਜਾ-ਪਾਠ ਕਰਨਾ ਬੰਦ ਕਰ ਦਿੱਤਾ ਅਤੇ ਮੀਟ ਖਾਣ ਲੱਗ ਪਈ; ਮੈਨੂੰ ਯਕੀਨ ਹੈ ਕਿ ਉਹ ਮੇਰੇ ਵਿਚਾਰਾਂ ਬਾਰੇ ਸੋਚਦੀ ਹੈ।" ਸ੍ਰੀ ਰਾਮ ਦੇ ਦੋ ਪੁੱਤਰ ਅਤੇ ਇਕ ਪੁੱਤਰੀ ਹੈ, ਉਹ ਵੀ ਨਾਸਤਿਕ ਹਨ।

ਸੰਘ ਮੈਂਬਰਾਂ ਲਈ ਇਹ ਹਮੇਸ਼ਾ ਸੌਖਾ ਨਹੀਂ ਰਿਹਾ। ਇਕ ਵਾਰ ਵਿਸ਼ਰਾਮ ਨੇ ਆਪਣੀ ਛੋਟੀ ਭੈਣ ਦੇ ਵਿਆਹ ਦੇ ਪ੍ਰਬੰਧ ਲਈ ਸਾਥੀਆਂ ਦੀ ਮੀਟਿੰਗ ਬੁਲਾਈ। ਉਨਾਂ ਕਿਹਾ, "ਉਨਾਂ ਨੂੰ (ਲੜਕੀ ਦੇ ਸਹੁਰੇ ਪਰਿਵਾਰ ਨੂੰ) ਸਾਡੇ ਨਾਸਤਿਕ ਹੋਣ ਬਾਰੇ ਪਤਾ ਚੱਲ ਗਿਆ ਸੀ ਅਤੇ ਉਨਾਂ ਨੇ ਮੰਗਣੀ ਤੋੜ ਦਿਤੀ।" ਉਨਾਂ ਕਿਹਾ, "ਉਨਾਂ ਨੂੰ ਪੁੱਛਿਆ ਜਾ ਸਕਦਾ ਸੀ, ਤੁਸੀਂ ਨੈਤਿਕਤਾ ਕਿਵੇਂ ਤੈਅ ਕਰਦੇ ਹੋ? ਅਸੀਂ

ਜੋ ਕਹਿੰਦੇ ਹਾਂ, ਉਹ ਤੱਥਾਂ ਅਤੇ ਸਬੂਤਾਂ 'ਤੇ ਖਰਾ ਉਤਰਦਾ ਹੈ।"

ਅਰਜਕ ਸੰਘ ਦੇ ਜ਼ਿਲਾ ਪ੍ਰਧਾਨ ਸੀਤਾਰਾਮ ਕਟਿਆਰ, ਰਾਮਾਇਣ ਦਾ ਇਕ ਸਲੋਕ ਸਾਂਝਾ ਕਰਦਾ ਹੈ, "ਹਿੰਦੂ ਧਰਮ ਵਾਂਗ , ਹੋਰ ਧਰਮ ਵੀ ਰੱਬ ਦੀ ਇੱਛਾ ਦਸਦੇ ਹਨ; ਰੱਬ ਦੀ ਇੱਛਾ ਹੈ ਕਿ ਤੁਸੀਂ ਆਪਣੇ ਕਰਮਾਂ ਅਨੁਸਾਰ ਨੀਵੀਂ ਜਾਤੀ ਵਿਚ ਪੈਦਾ ਹੋਏ ਹੋ ਅਤੇ ਬ੍ਰਾਹਮਣ ਸਮਾਜਿਕ ਵਿਵਸਥਾ ਵਿਚ ਸਰਵੋਤਮ ਹਨ।" ਉਨਾਂ ਕਿਹਾ, "ਤੁਸੀਂ ਰੱਬ ਵਿਰੁਧ ਬਗ਼ਾਵਤ ਨਹੀਂ ਕਰ ਸਕਦੇ, ਇਸ ਤਰਾਂ ਸਮਾਜ ਅਤੇ ਸਰਕਾਰ ਰਾਹੀਂ ਬ੍ਰਾਹਮਣਾਂ ਵਲੋਂ 'ਨੀਵੀਂਆਂ ਜਾਤੀਆਂ' ਨੂੰ ਦਬਾਉਣ ਦੀ ਖੇਡ ਜਾਰੀ ਹੈ।" ਰਾਮਾਇਣ "ਬ੍ਰਾਹਮਣ ਮਹਿਮਾ (ਬ੍ਰਾਹਮਣਾਂ ਦੀ ਪ੍ਰਸੰਸਾ)" ਦੇ ਰੂਪ ਵਿਚ ਹੈ। ਉਸ ਨੇ ਗੰਭੀਰ ਹੁੰਦਿਆਂ ਕਿਹਾ, "ਹੁਣ ਪ੍ਰਧਾਨ ਮੰਤਰੀ ਖ਼ੁਦ ਪ੍ਰਾਚੀਨ ਭਾਰਤ ਵਿਚ ਪਲਾਸਟਿਕ ਸਰਜਰੀ ਹੋਣ ਦੀ ਗੱਲ ਕਰ ਰਿਹਾ ਹੈ। ਇਹ ਬਿਲਕੁਲ ਪਿਛੜਮੋੜਾ ਹੈ।"

ਸੀਤਾਰਾਮ ਉਨਾਂ 80 ਵਿਅਕਤੀਆਂ ਵਿਚੋਂ ਇਕ ਸੀ, ਜਿਹੜੇ 1978 ਵਿਚ ਜੇਲ ਗਏ ਸਨ, ਕਿਉਂਕਿ ਮੋਢੀ ਰਾਮਸਵਰੂਪ ਵਰਮਾ ਨੇ ਪੁਲਿਸ ਦੀ ਮੌਜੂਦਗੀ ਵਿਚ ਪਿੰਡ ਦਿਆਨਪੁਰ ਵਿਚ ਧਾਰਮਿਕ ਕਿਤਾਬ ਦੀਆਂ ਕਾਪੀਆਂ ਸਾੜ ਦਿੱਤੀਆਂ ਸਨ। ਉਨਾਂ ਕਿਹਾ, "ਲੋਕਾਂ ਨੂੰ ਮਜ਼ਬੂਰਨ ਇਹ ਕਦਮ ਉਠਾਉਣਾ ਪਿਆ। ਇਸ ਤੋਂ ਪਹਿਲਾਂ, ਉਹ ਸਮਝਦੇ ਸਨ ਕਿ ਪੰਡਿਤ ਮੰਦਰਾਂ ਅਤੇ ਵਿਆਹ-ਸ਼ਾਦੀਆਂ ਵਿਚ ਸਲੋਕ ਹੀ ਪੜਦਾ ਹੈ। ਹੁਣ ਉਨਾਂ ਨੇ ਪੜਿਆ ਅਤੇ ਵੇਖਿਆ ਕਿ ਇਹ ਇਕ ਆਦਮੀ ਦਾ 'ਗੱਪ' ਹੈ।" ਅੰਦੋਲਨ 1970 ਵਿਆਂ ਅਤੇ 80ਵਿਆਂ ਵਿਚ ਉਭਰਿਆ, ਜਦੋਂਕਿ ਵਰਮਾ ਜੀ ਦਾ ਦਿਹਾਂਤ 1998 ਵਿਚ ਹੋਇਆ। ਹਾਲਾਂਕਿ, ਲਗਾਤਾਰ ਨੁੱਕੜ ਨਾਟਕ, ਹਫ਼ਤਾਵਾਰੀ ਅਖ਼ਬਾਰ ਅਤੇ ਕਨਵੈਨਸ਼ਨਾਂ ਨੇ ਇਹ ਯਕੀਨੀ ਬਣਾ ਦਿਤਾ ਕਿ ਇਸ ਖੇਤਰ 'ਤੇ ਵਰਮਾ ਜੀ ਦੀ ਸੋਚ ਦਾ ਰੰਗ ਚੜ ਗਿਆ ਸੀ। ਹਾਲਾਂਕਿ, ਇਹ ਇਸ ਤਰਾਂ ਨਾ ਹੁੰਦਾ ਜੇ ਸੰਘ ਦੇ ਨਵੇਂ ਮੈਂਬਰ, ਪੁਰਾਣੇ ਮੈਂਬਰਾਂ ਦੇ ਪੁੱਤਰ ਅਤੇ ਧੀਆਂ ਅਪਣੇ ਅੰਧਵਿਸ਼ਵਾਸਾਂ ਨਾਲ ਲਗਾਤਾਰ ਨਾ ਲੜਦੇ।

ਦਫ਼ਤਰ ਤੋਂ 10 ਕੁ ਮਿੰਟ ਦੂਰੀ 'ਤੇ ਮੁਹੰਮਦਪੁਰ ਨਗਰ ਪੰਚਾਇਤ ਦੇ ਦਫ਼ਤਰ ਵਿਚ ਲੱਗੇ ਇਕ ਦਰੱਖਤ ਦੀ ਛਾਂ ਹੇਠ ਹੋਰਾਂ ਨਾਲ ਬੈਠੇ 70 ਸਾਲਾ ਬਜ਼ੁਰਗ ਬਲਕ ਰਾਮ ਦੀ ਧਾਰਨਾ ਹੈ ਕਿ ਸਮੁੱਚਾ ਧਰਮ 'ਪਾਖੰਡ' ਹੈ। ਉਸ ਨਾਲ ਬੈਠੇ ਹੋਰ ਵਿਅਕਤੀ ਵੀ ਭਾਵੇਂ ਅਰਜਕ ਸੰਘ ਦੇ ਮੈਂਬਰ ਨਹੀਂ ਹਨ, ਪਰ ਉਹ ਵੀ ਇਸ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਰਾਮ ਕਹਿੰਦਾ ਹੈ, "ਸਾਰੇ ਧਰਮ ਝੂਠੇ ਹਨ, ਮੈਂ ਇਕ ਮਾਨਵਤਾਵਾਦੀ ਹਾਂ।" ਉਹ ਕਹਿੰਦਾ ਹੈ, "ਵਰਮਾ ਜੀ ਨੇ ਸਾਨੂੰ ਜਾਗਰੂਕ ਕੀਤਾ।" ਦੂਜਿਆਂ ਨੇ ਵੀ ਇਸ ਗੱਲ ਦੀ ਪ੍ਰੋੜਤਾ ਕੀਤੀ।

ਸਿਕੰਦਰਾ ਅਸੈਂਬਲੀ ਸੀਟ ਅਧੀਨ ਆਉਂਦੇ ਮੁਹੰਮਦਪੁਰ ਵਿਚ 400 ਪਿੰਡ ਪੈਂਦੇ ਹਨ। ਪਿੰਡਾਂ ਦੇ ਬਹੁਤੇ ਵਸਨੀਕ ਇਸ ਵਿਚਾਰਧਾਰਾ ਦੇ ਹਾਮੀ ਹਨ, ਜ਼ਰੂਰੀ ਨਹੀਂ ਕਿ ਉਹ ਅਰਜਕ ਸੰਘ ਦੇ ਮੈਂਬਰ ਹੀ ਹੋਣ। ਹਰ ਥਾਂ ਅਵਿਸ਼ਵਾਸੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਕੁੱਝ ਨਾਸਤਿਕਾਂ ਜਾਂ ਪਦਾਰਥਵਾਦੀਆਂ ਦੇ ਨੇੜੇ ਹਨ, ਕੁੱਝ ਇਹ ਤਾਂ ਮੰਨਦੇ ਹਨ ਕਿ ਕੋਈ ਗ਼ੈਬੀ ਸ਼ਕਤੀ ਹੈ, ਪਰ ਉਹ ਮੂਰਤੀ ਪੂਜਾ ਵਿਚ ਵਿਸ਼ਵਾਸ ਨਹੀਂ ਕਰਦੇ ਜਾਂ ਕੁੱਝ ਨਾਸਤਿਕ, ਧਾਰਮਿਕ ਦਬਾਅ ਕਾਰਨ ਰੀਤੀ-ਰਿਵਾਜ ਨਿਭਾਉਂਦੇ ਹਨ। ਉਹ ਸ਼ਾਇਦ ਮਾਨਵਤਾਵਾਦੀ ਹਨ ਜਾਂ ਅਜਿਹੇ ਕਾਰਕਾਂ ਨੂੰ ਮੰਨਦੇ ਹਨ ਕਿ ਜਿਹੜੇ ਅਸਲੀਅਤ ਵਿਚ ਜ਼ਿੰਦਗੀ ਨੂੰ ਚਲਾਉਂਦੇ ਹਨ ਅਤੇ ਇਸ ਲਈ ਉਹ ਹਨ। ਦਰੱਖਤ ਹੇਠ ਬੈਠੇ ਆਰਾਮ ਕਰ ਰਹੇ ਲੋਕਾਂ ਨੂੰ, ਇਸ ਦੇਸ਼ ਦੀ 'ਖ਼ਾਸ ਕਰ ਕੇ ਦੱਖਣੀ ਭਾਰਤ' ਵਿਚੋਂ 'ਸੱਭ ਤੋਂ ਘੱਟ ਅੰਧਵਿਸ਼ਵਾਸੀਆਂ' ਦੀ ਅਸੈਂਬਲੀ ਸੀਟ ਹੋਣ ਦਾ ਮਾਣ ਹੈ। 'ਸਾਡੇ ਚੇਤਨ ਸਮਾਜ' ਵਿਚ 'ਗੁੰਡਿਆਂ ਵਰਗੇ' ਸਿਆਸਤਦਾਨ ਖੜੇ ਹੋਣ ਦੇ ਕਾਬਲ ਨਹੀਂ ਹਨ।

45 ਸਾਲਾ ਵੇਦ ਪ੍ਰਕਾਸ਼ ਵਿਸਥਾਰ ਨਾਲ ਦੱਸਦਾ ਹੈ ਕਿ ਕਿਵੇਂ ਜੋਤਸ਼ੀ ਇਕ ਬੱਚੇ ਨੂੰ ਨਾਲ ਲੈ ਕੇ ਲੋਕਾਂ ਨੂੰ ਮੂਰਖ ਬਣਾਉਂਦਾ ਹੈ, ਜਿਸ ਦਾ ਚਿਹਰਾ ਚਾਦਰ ਨਾਲ ਢਕਿਆ ਹੁੰਦਾ ਹੈ। "ਉਹ ਆਪਣੇ ਬੋਲਾਂ ਰਾਹੀਂ ਬੱਚੇ ਨੂੰ ਸੰਕੇਤ ਅਤੇ ਇਸ਼ਾਰੇ ਕਰੇਗਾ ਅਤੇ ਬੱਚਾ ਵਿਅਕਤੀ ਨੂੰ ਭਵਿੱਖ ਦੱਸਣ ਦਾ ਨਾਟਕ। ਮੈਂ ਉਸ ਨੂੰ ਬੱਚੇ ਦੀ ਥਾਂ ਅਪਣੇ ਬੇਟੇ ਨੂੰ ਬਿਠਾਉਣ ਦੀ ਚੁਣੌਤੀ ਦਿੱਤੀ ਅਤੇ ਦਬਾਅ ਕਾਰਨ ਉਹ ਸਹਿਮਤ ਹੋ ਗਿਆ। ਹਾਲਾਂਕਿ , ਮੇਰਾ ਲੜਕਾ ਭਵਿੱਖ ਬਾਰੇ ਕੁੱਝ ਨਹੀਂ ਦੱਸ ਸਕਿਆ। ਜਦੋਂ ਬਾਬਾ ਨੇ ਪੁੱਛਿਆ 'ਤੂੰ ਪੁਰਾਣਾ ਮੰਦਰ ਵੇਖ ਸਕਦਾਂ?' ਤਾਂ ਉਸ ਨੇ ਨਾ ਵਿਚ ਜਵਾਬ ਦਿਤਾ।" ਵਰਮਾ ਦੇ ਸਾਥੀ ਵਲੋਂ 1973-74 ਵਿਚ ਲਿਖੇ 'ਰਾਕਾ ਕਾਕਾ' ਨਾਟਕ, ਜਿਸ ਵਿਚ ਵਿਭਚਾਰੀ ਦੇਵਤੇ ਬਾਰੇ ਦੱਸਿਆ ਗਿਆ ਸੀ, ਦਾ ਜ਼ਿਕਰ ਕਰਦਿਆਂ ਪ੍ਰਕਾਸ਼ ਨੇ ਕਿਹਾ, "ਆਸਾਰਾਮ ਬਾਪੂ (ਸਕੈਂਡਲ)ਸਬੰਧੀ ਜੋ ਕੁੱਝ ਹੁਣ ਵਾਪਰ ਰਿਹਾ ਹੈ, ਅਸੀਂ ਇਸ ਬਾਰੇ ਚਾਰ ਦਹਾਕੇ ਪਹਿਲਾਂ ਹੀ ਦੱਸ ਦਿੱਤਾ ਸੀ।"

ਮੁਹੰਮਦਪੁਰ ਵਿਚ ਇਸ ਵੇਲੇ ਤਿੰਨ ਮੰਦਰ ਅਤੇ ਦੋ ਮਸੀਤਾਂ ਹਨ ਅਤੇ ਇਨਾਂ ਸਾਲਾਂ ਦੌਰਾਨ ਇਥੇ ਨਵਾਂ ਕੁੱਝ ਨਹੀਂ ਬਣਿਆ। ਹਾਲਾਂਕਿ, ਅਰਜਕ ਸਿੰਘ ਉਨਾਂ ਪਹਿਲੂਆਂ ਨੂੰ 'ਅਗਾਊਂ ਵੇਖਦੇ' ਹਨ, ਜਿਥੇ ਮੁਹਿੰਮ ਕਮਜ਼ੋਰ ਹੈ। ਕੁੱਝ ਔਰਤਾਂ ਉਨਾਂ ਦੀ ਮੀਟਿੰਗ ਵਿਚ ਸ਼ਾਮਲ ਹੁੰਦੀਆਂ ਹਨ, ਜਿਹੜੀਆਂ ਔਰਤਾਂ ਮੀਟਿੰਗ ਵਿਚ ਸ਼ਾਮਲ ਨਹੀਂ ਹੁੰਦੀਆਂ ਤਾਂ ਉਨਾਂ ਦੇ ਪਤੀ ਆਪਣੀਆਂ ਪਤਨੀਆਂ ਦੇ ਨਾਸਤਿਕ ਹੋਣ ਦਾ ਇਕ ਦੂਜੇ ਤੋਂ ਵੱਧ ਕੇ ਮੁਕਾਬਲਾ ਕਰਦੇ ਹਨ। 65 ਸਾਲਾ ਕਿਸਾਨ ਜਗਦੀਸ਼ ਨਾਰਾਇਣ ਦਾ ਕਹਿਣਾ ਹੈ, "ਜੇ ਸਾਡੇ ਆਲੇ-ਦੁਆਲੇ ਬਹੁਤ ਸਾਰੇ ਨਾਸਤਿਕ ਹਨ (ਕਿਤੇ ਵੀ), ਤਾਂ ਆਸਤਿਕ ਵੀ ਹਨ।" ਉਨਾਂ ਕਿਹਾ, "ਸਾਡੇ ਸਾਹਮਣੇ, ਔਰਤਾਂ ਰੱਬ ਦੀਆਂ ਗੱਲਾਂ ਨਹੀਂ ਕਰਦੀਆਂ, ਪਰ ਕੀ ਪਤਾ, ਸਾਡੇ ਪਿੱਛੋਂ ਉਹ ਅਜਿਹੀਆਂ ਗੱਲਾਂ ਕਰਦੀਆਂ ਹੋਣ।" ਵਿਸ਼ਰਾਮ ਕਟਿਆਰ ਨੇ ਕਿਹਾ, "ਜਦੋਂ ਅਸੀਂ ਸੂਬਾ ਪੱਧਰੀ ਜਾਂ ਕੌਮੀ ਪੱਧਰ ਵੱਡੀ ਕਨਵੈਨਸ਼ਨ ਕਰਦੇ ਹਾਂ, ਔਰਤਾਂ ਉਦੋਂ ਹੀ ਆਉਂਦੀਆਂ ਹਨ।"

ਬੱਚੇ ਸਕੂਲੋਂ ਪਰਤਦੇ ਹਨ ਅਤੇ ਧਰਮ ਬਾਰੇ 'ਅਸਹਿਜ' ਸਵਾਲ ਪੁੱਛਦੇ ਹਨ ਜਾਂ ਪਿਛਲੇ ਦਹਾਕਿਆਂ ਤੋਂ ਆਸਤਿਕ ਅਤੇ ਨਾਸਤਿਕ ਵਿਚਕਾਰ ਭਾਈਚਾਰਕ ਤੌਰ 'ਤੇ ਆਪਸ ਵਿਚ ਰਹਿਣ ਲਈ ਸਿੱਖਣ ਵਿਚ ਘਾਟ ਰਹੀ ਹੈ। ਇਕ ਹੋਰ 63 ਸਾਲਾ ਕਿਸਾਨ ਰਾਧੇ ਸ਼ਿਆਮ ਨੇ ਕਿਹਾ, "ਦੀਵਾਲੀ ਜਾਂ ਦੁਸਹਿਰਾ ਆਦਿ ਤਿਉਹਾਰਾਂ ਮੌਕੇ, ਜੇ ਲੋੜ ਹੋਵੇ ਤਾਂ ਅਸੀਂ ਬੱਚਿਆਂ ਨੂੰ ਮਿਠਾਈ ਵੰਡਦੇ ਹਾਂ।" ਇਸ ਤੋਂ ਇਲਾਵਾ ਉਨਾਂ ਦੇ 'ਤਿਉਹਾਰ' 26 ਜਨਵਰੀ (ਗਣਤੰਤਰ ਦਿਵਸ), 14 ਅਪ੍ਰੈਲ ਨੂੰ ਡਾ. ਅੰਬੇਦਕਰ ਦੇ ਜਨਮ ਦਿਹਾੜੇ 'ਤੇ 'ਚੇਤਨਾ ਦਿਵਸ', ਪਹਿਲੀ ਨਵੰਬਰ (ਮਹਾਰਾਜਾ ਸਿੰਘ ਦਾ ਜਨਮ ਦਿਹਾੜਾ) ਨੂੰ ਵਿਗਿਆਨਕ ਦਿਹਾੜਾ ਆਦਿ ਹਨ। ਜਦੋਂ ਵਿਆਹ ਹੁੰਦੇ ਹਨ ਤਾਂ ਨਾਸਤਿਕ ਚਾਰ ਵਿਅਕਤੀਆਂ ਦੀ ਹਾਜ਼ਰੀ ਵਿਚ ਸਹੁੰ ਚੁੱਕਦੇ ਹਨ ਅਤੇ ਇਕ ਪੇਪਰ 'ਤੇ ਦਸਤਖ਼ਤ ਕਰਦੇ ਹਨ। ਉਹ ਅੰਤਿਮ ਰਸਮਾਂ ਕਰਨ ਤੋਂ ਬਚਦੇ ਹਨ, ਇਸ ਤੋਂ ਪਹਿਲਾਂ ਉਹ ਪੀੜਤ ਪਰਿਵਾਰ ਕੋਲ ਜਾਂਦੇ ਹਨ।

ਇਸ ਖੇਤਰ ਦੇ ਬ੍ਰਾਹਮਣਾਂ ਵਿਚ ਨਾਸਤਿਕਾਂ ਅਤੇ ਤਰਕਸ਼ੀਲਾਂ, ਖ਼ਾਸ ਕਰ ਕੇ ਅਰਜਕ ਸੰਘ ਦਾ ਡਰ ਹੈ। ਨੇੜਲੀ ਗਲੀ ਵਿਚ ਖ਼ਾਦ ਵੇਚਣ ਵਾਲੇ 40 ਸਾਲਾ ਸਤਿਆ ਨਾਰਾਇਣ ਤਿਵਾੜੀ ਨੇ ਕਿਹਾ, "ਉਹ ਦਾਅਵਾ ਕਰਦੇ ਹਨ ਕਿ ਉਨਾਂ ਨੇ ਧਾਰਮਿਕ ਪੁਸਤਕ ਸਾੜ ਦਿੱਤੀ, ਪਰ ਅਸੀਂ ਇਸ ਬਾਰੇ ਸਿਰਫ਼ ਸੁਣਿਆ ਹੈ।" ਉਹ ਕਹਿੰਦਾ ਹੈ, "ਹੁਣ ਤੱਕ ਇਹ ਸਭ ਵਧੀਆ ਰਿਹਾ ਹੈ, ਪਰ ਜੇਕਰ ਉਹ ਅਪਣੇ ਜੰਗਲੀ ਵਿਚਾਰਾਂ ਦਾ ਪ੍ਰਭਾਵ ਸਾਡੇ ਬੱਚਿਆਂ 'ਤੇ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਅਸੀਂ ਉਨਾਂ ਤੋਂ ਹਮਾਇਤ ਵਾਪਸ ਲੈ ਲਵਾਂਗੇ।" ਉਸ ਦਾ 70 ਸਾਲਾ ਪਿਤਾ ਰਮੇਸ਼ ਚੰਦਰਾ ਕਹਿੰਦਾ ਹੈ ਕਿ ਰਾਮਸਵਰੂਪ ਵਰਮਾ ਇਕ ਚੰਗਾ ਇਨਸਾਨ ਸੀ, ਪਰ ਉਹ ਵਰਮਾ ਜੀ ਦੇ ਚੰਗੇ ਗੁਣ ਸਾਡੇ ਬੱਚਿਆਂ ਵਿਚ ਪੈਦਾ ਹੋਣ ਤੋਂ ਰੋਕਦਾ ਹੈ।

# ਮੈਡੀਕਲ ਸਾਇੰਸਜ਼

**ਸੁਖਮੰਦਰ ਸਿੰਘ ਤੂਰ**

## ✪ ਭਾਰ ਘਟਾਉਣ ਲਈ ਕਸਰਤ ਵੱਧ ਫ਼ਾਇਦੇਮੰਦ

ਭਾਰ ਘਟਾਉਣ ਲਈ ਖਾਣਾ ਘੱਟ ਖਾਣ ਵਾਲਿਆਂ ਲਈ ਬੁਰੀ ਖ਼ਬਰ ਹੈ, ਕਿਉਂਕਿ ਖੋਜੀਆਂ ਨੇ ਇਹ ਸਾਬਤ ਕੀਤਾ ਹੈ ਕਿ ਭਾਰ ਘਟਾਉਣ ਵਾਸਤੇ ਕਸਰਤ ਅਤੇ ਖ਼ੁਰਾਕ ਵਿੱਚ ਕੈਲੋਰੀਆਂ ਦੀ ਮਾਤਰਾ ਘੱਟ ਕਰਕੇ ਭਾਰ ਵਧੇਰੇ ਘਟਾਇਆ ਜਾ ਸਕਦਾ ਹੈ। ਖੋਜ਼ਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਕਈ ਦਵਾਈਆਂ ਵੀ ਕੁਝ ਪ੍ਰਤੀਸ਼ਤ ਭਾਰ ਘੱਟ ਕਰ ਸਕਦੀਆਂ ਹਨ ਅਤੇ ਉਹ ਵੀ ਮੋਟੂ ਵਿਅਕਤੀਆਂ ਉੱਤੇ, ਪਰ 55% ਮੋਟੂ ਅਮਰੀਕਨ ਭਾਰ ਘਟਾਉਣ ਲਈ ਕਸਰਤ ਅਤੇ ਘੱਟ ਕੈਲੋਰੀਆਂ ਵਾਲੀ ਖ਼ੁਰਾਕ ਦਾ ਸੇਵਨ ਕਰਨ ਉੱਤੇ ਹੀ ਜ਼ੋਰ ਦਿੰਦੇ ਹਨ। ਮੋਟੇ ਵਿਅਕਤੀਆਂ ਬਾਰੇ ਅਧਿਐਨ ਕਰ ਰਹੀ ਉੱਤਰੀ ਅਮਰੀਕਾ ਦੀ ਇੱਕ ਐਸੋਸੀਏਸ਼ਨ ਦੀ ਹੋਈ ਮੀਟਿੰਗ ਵਿੱਚ ਇਹ ਮੱਤ ਪੇਸ਼ ਕੀਤਾ ਗਿਆ ਕਿ ਵਿਸ਼ਵ ਭਰ ਵਿੱਚ ਅਜਿਹੀ ਕੋਈ ਚਮਤਕਾਰੀ ਦਵਾਈ ਨਹੀਂ, ਜੋ ਭਾਰ ਘਟਾਉਣ ਵਿੱਚ ਮੱਦਦਗਾਰ ਸਾਬਤ ਹੋ ਸਕੇ। ਮੀਟਿੰਗ ਵਿੱਚ ਸੈਮ ਕਲੀਨ ਨਾਂ ਦੇ ਇੱਕ ਡਾਕਟਰ ਨੇ ਅਪਣਾ ਪੱਖ ਪੇਸ਼ ਕੀਤਾ ਕਿ ਮੋਟਾਪਾ ਘਟਣ ਨਾਲ ਜ਼ਿੰਦਗੀ ਦਾ ਲੁਤਫ਼ ਹੀ ਬਦਲ ਜਾਂਦਾ ਹੈ ਅਤੇ ਇਸ ਵਾਸਤੇ ਜ਼ਰੂਰੀ ਹੈ ਕਿ ਖ਼ੁਰਾਕ ਵਿੱਚ ਕੈਲੋਰੀਆਂ ਘਟਾਈਆਂ ਜਾਣ ਅਤੇ ਵਧੇਰੇ ਕਸਰਤ ਕੀਤੀ ਜਾਵੇ।



## ✪ ਸ਼ਹਿਰੀਆਂ ਲਈ ਖ਼ਤਰਨਾਕ ਹੋ ਸਕਦੀ ਹੈ ਜਾੱਗਿੰਗ

ਸਵੇਰੇ-ਸਵੇਰੇ ਦੀ ਜਾੱਗਿੰਗ ਸਿਹਤ/ਤੰਦਰੁਸਤੀ ਲਈ ਫਾਇਦੇਮੰਦ ਹੈ, ਪਰ ਸ਼ਹਿਰਾਂ ਵਿੱਚ ਰਹਿਣ ਵਾਲਿਆਂ ਲਈ ਇਹ ਖ਼ਤਰਨਾਕ ਸਿੱਧ ਹੋ ਸਕਦੀ ਹੈ। ਇੱਕ ਅਧਿਐਨ ਵਿੱਚ ਦੇਖਿਆ ਗਿਆ ਹੈ ਕਿ ਸ਼ਹਿਰਾਂ ਵਿੱਚ ਵਾਹਨਾਂ ਤੋਂ ਨਿਕਲਣ ਵਾਲੇ ਧੂੰਏ ਕਾਰਨ ਵਾਤਾਵਰਨ ਵਿੱਚ ਕਾਬਰਨ ਮੋਨੋਆਕਸਾਈਡ ਦੀ ਅਧਿਕਤਾ ਹੋ ਜਾਂਦੀ ਹੈ। ਇਜਰਾਇਲੀ ਅਧਿਐਨ ਕਰਤਾਵਾਂ ਨੇ ਵੇਖਿਆ ਕਿ ਇਸ ਸ਼ਹਿਰੀ ਵਾਯੂ ਪ੍ਰਦੂਸ਼ਣ ਕਾਰਨ ਤੰਦਰੁਸਤ ਲੋਕ ਵੀ ਜਾੱਗਿੰਗ ਕਰਨ 'ਤੇ ਥਕਾਵਟ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੇ ਕੰਮ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਅਧਿਐਨ ਕਾਰਾਂ ਨੇ ਆਪਣੇ ਅਧਿਐਨਾਂ ਵਿੱਚ ਦੇਖਿਆ ਕਿ ਪ੍ਰਦੂਸ਼ਿਤ ਵਾਤਾਵਰਣ ਇੱਕ ਕਸਰਤ ਕਰਨ 'ਤੇ ਲੋਕਾਂ ਦੀ ਸਿਹਤ 'ਤੇ ਕਾਰਬਨ ਮੋਨੋਆਕਸਾਈਡ ਦਾ ਜ਼ਿਆਦਾ ਬੁਰਾ ਅਸਰ ਪੈਂਦਾ ਹੈ।

ਸਿਹਤ ਵਿਗਿਆਨੀਆਂ ਅਨੁਸਾਰ ਕਾਰਬਨ ਮੋਨੋਆਕਸਾਈਡ ਰੰਗਹੀਣ ਅਤੇ ਗੰਧਹੀਣ ਗੈਸ ਹੈ। ਇਹ ਬਾਲਣ ਦੇ ਪੂਰੀ ਤਰ੍ਹਾਂ ਨਾਲ ਨਾ ਜਲਣ ਕਾਰਨ ਪੈਦਾ ਹੁੰਦੀ ਹੈ ਅਤੇ ਇਹ ਵਾਯੂ-ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਨ ਹੈ। ਇਹ ਗੈਸ ਖ਼ੂਨ ਦੇ ਆਕਸੀਜਨ ਨੂੰ ਵਹਿਣ ਕਰਨ ਵਾਲੇ ਯੌਗਿਕਾਂ ਵਿਚਾਲੇ ਬੰਧਨ ਕਾਇਮ ਕਰ ਦਿੰਦੀ ਹੈ, ਜਿਸ ਨਾਲ ਕੋਸ਼ਿਕਾਵਾਂ ਦੀ ਕਿਰਿਆਸ਼ੀਲਤਾ ਘੱਟ ਜਾਂਦੀ ਹੈ। ਕਾਰਬਨ ਮੋਨੋਆਕਸਾਈਡ ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਲਈ ਜ਼ਿਆਦਾ ਘਾਤਕ ਸਿੱਧ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਖ਼ੂਨ ਵਿੱਚ ਪਹਿਲਾਂ ਤੋਂ ਹੀ ਕਾਰਬਨ ਮੋਨੋਆਕਸਾਈਡ ਦਾ ਪੱਧਰ ਉੱਚਾ ਹੁੰਦਾ ਹੈ।

## ✪ਅਣਜਾਣ ਖ਼ਤਰਿਆਂ ਨੂੰ ਜਨਮ ਦੇ ਸਕਦਾ ਹੈ ਤਣਾਅ ਰੋਕੂ ਦਵਾਈਆਂ ਦਾ ਉਪਯੋਗ

ਤਣਾਅ ਰੋਕੂ ਦਵਾਈ ਦਾ ਕਿਸੇ ਹੋਰ ਸਮੱਸਿਆ 'ਚ ਵਰਤੋਂ ਹੋਣਾ ਖਤਰਨਾਕ ਹੋ ਸਕਦਾ ਹੈ। ਇੱਕ ਤਾਜ਼ਾ ਖ਼ੋਜ ਵਿੱਚ ਪਾਇਆ ਗਿਆ ਹੈ ਕਿ ਇਹ ਦਵਾਈ ਤਣਾਅ ਪੀੜਤ ਲੋਕਾਂ ਅਤੇ ਆਮ ਲੋਕਾਂ ਦੇ ਦਿਮਾਗ ਦੀ ਪੈਦਾਵਾਰ 'ਤੇ ਵੱਖ-ਵੱਖ ਅਸਰ ਪਾਉਂਦੀ ਹੈ। ਖੋਜਕਾਰਾਂ ਨੇ ਕਿਹਾ ਕਿ ਆਮ ਤੌਰ 'ਤੇ ਤਣਾਅ ਰੋਕੂ ਦਵਾਈਆਂ ਦੀ ਵਰਤੋਂ ਤਣਾਅ ਰੋਕਣ ਲਈ ਕੀਤੀ ਜਾਂਦੀ ਹੈ, ਪਰ ਅਜਿਹਾ ਕਰਨਾ ਅਣਜਾਣ ਖ਼ਤਰਿਆਂ ਦੀ ਲਪੇਟ ਵਿੱਚ ਪਾ ਸਕਦਾ ਹੈ। ਖੋਜ ਮੁਤਾਬਕ ਤਣਾਅ ਤੋਂ ਬਚਾਉਣ ਵਾਲੀ ਗੋਲੀ ਇਸ ਦੇ ਸ਼ਿਕਾਰ ਲੋਕਾਂ 'ਚ ਦਿਮਾਗ ਦੇ ਇੱਕ ਖ਼ਾਸ ਹਿੱਸੇ ਨੂੰ ਵਧਾ ਦਿੰਦਾ ਹੈ, ਜਦਕਿ ਹੋਰ ਲੋਕਾਂ ਵਿੱਚ ਇਹੀ ਦਵਾਈ ਦਿਮਾਗ਼ ਦੇ ਹਿੱਸਿਆਂ ਦਾ ਆਕਾਰ ਛੋਟਾ ਕਰ ਦਿੰਦੀ ਹੈ। ਇਸ ਨਾਲ ਵਿਅਕਤੀ ਦੇ ਵਤੀਰੇ 'ਤੇ ਵਿਆਪਕ ਅਸਰ ਪੈਂਦਾ ਹੈ। ਨਾਰਥ ਕੈਰੋਲੀਨਾ ਸਥਿਤ ਵੇਕ ਫਾਰੈਸਟ ਬਾਪਿਸਟ ਮੈਡੀਕਲ ਸੈਂਟਰ ਦੇ ਪ੍ਰੋਫੈਸਰ ਡਾ. ਕੈਰੋਲ ਸ਼ਿਵਲੀ ਨੇ ਦੱਸਿਆ ਹੈ ਕਿ ਇਹ ਸ਼ੋਧ ਇਸ ਦ੍ਰਿਸ਼ਟੀ ਤੋਂ ਵੀ ਅਹਿਮ ਹੈ, ਕਿਉਂਕਿ ਤਣਾਅ ਤੋਂ ਬਚਾਉਣ ਵਾਲੀਆਂ ਗੋਲੀਆਂ ਕਈ ਹੋਰ ਪ੍ਰੇਸ਼ਾਨੀਆਂ 'ਚ ਵੀ ਵਰਤੀਆਂ ਜਾਂਦੀਆਂ ਹਨ।

## ✪ ਕੈਂਸਰ ਦੇ ਵਧਦੇ ਪ੍ਰਭਾਵ ਨੂੰ ਰੋਕ ਸਕਦੀ ਹੈ ਐਸਪ੍ਰੀਨ

ਕੈਂਸਰ ਦੇ ਮਰੀਜ਼ਾਂ ਦਾ ਇਮਿਊਨੋਥੈਰੇਪੀ ਰਾਹੀਂ ਇਲਾਜ ਕਰਨ ਦੇ ਨਾਲ-ਨਾਲ ਐਸਪ੍ਰੀਨ ਦੀ ਖ਼ੁਰਾਕ ਦੇਣਾ ਫ਼ਾਇਦੇਮੰਦ ਹੋ ਸਕਦਾ ਹੈ। ਤਾਜ਼ਾ ਖੋਜ 'ਚ ਵੇਖਿਆ ਗਿਆ ਹੈ ਕਿ ਇਕੱਲੇ ਇਮਿਊਨੋਥੈਰੇਪੀ ਦੇ ਮੁਕਾਬਲੇ ਐਸਪ੍ਰੀਨ ਦੇਣ ਨਾਲ ਪੇਟ 'ਤੇ ਚਮੜੀ ਦੇ ਕੈਂਸਰ ਦਾ ਵਿਕਾਸ ਜ਼ਿਆਦਾ ਤੇਜ਼ੀ ਨਾਲ ਰੁਕਦਾ ਹੈ। ਲੰਡਨ ਦੇ ਫ਼ਾਂਸਿਸ ਕ੍ਰਿਕ ਇੰਸਟੀਚਿਊਟ ਦੇ ਖੋਜੀ ਡਾ. ਕੇਟਾਨੋ ਰੀਸ ਸੋਸਾ ਨੇ ਦੱਸਿਆ ਹੈ ਕਿ ਕੈਂਸਰ ਦੀ ਮਾਤਰਾ 'ਚ ਪ੍ਰੋਸਟਗਲਾਡਿਨ ਈ-2 ਅਣੂਆਂ ਦਾ ਨਿਰਮਾਣ ਕਰਦੀ ਹੈ। ਇਹ ਅਣੂ ਪ੍ਰਭਾਵਿਤ ਬਿਮਾਰੀਆਂ ਖਿਲਾਫ਼ ਇਮਿਊਨ ਸਿਸਟਮ 'ਚ ਅੜਿੱਕਾ ਪਾਉਂਦੇ ਹਨ ਅਤੇ ਕੈਂਸਰ ਦੇ ਲੁਕੇ ਰਹਿਣ 'ਚ ਮੱਦਦ ਕਰਦੇ ਹਨ। ਇਹੋ ਕਾਰਨ ਹੈ ਕਿ ਬਹੁਤ ਸਾਰੀ ਇਮਿਊਨੋਥੈਰੇਪੀ ਦਾ ਓਨਾ ਬਿਹਤਰ ਪ੍ਰਭਾਵ ਨਹੀਂ ਦੇਖਿਆ ਜਾ ਸਕਿਆ, ਜਿੰਨੀ ਉਮੀਦ ਸੀ। ਡਾ. ਸੋਸਾ ਨੇ ਆਖਿਆ ਹੈ ਕਿ ਐਸਪ੍ਰੀਨ ਪੀ. ਜੀ. ਟੀ. -2 ਦੇ ਨਿਰਮਾਣ ਨੂੰ ਰੋਕਦੀ ਹੈ, ਜਿਸ ਨਾਲ ਇਮਿਊਨ ਸਿਸਟਮ ਫਿਰ ਤੋਂ ਸੁਚਾਰੂ ਢੰਗ ਨਾਲ ਕੰਮ ਕਰਨ ਵਿੱਚ ਸਮਰੱਥ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਕਰਕੇ ਕੈਂਸਰ ਬਿਮਾਰੀਆਂ ਦਾ ਰੱਖਿਆ ਕਵਚ ਤੋੜਨ ਅਤੇ ਉਨ੍ਹਾਂ ਨੂੰ ਖਤਮ ਕਰਨ ਵਿੱਚ ਆਸਾਨੀ ਹੁੰਦੀ ਹੈ।

## ✪ ਮਸੂੜਿਆਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰੇਗੀ ਜੰਗਲੀ ਬਲਿਊਬੇਰੀ

ਖੋਜਕਾਰਾਂ ਨੇ ਮਸੂੜਿਆਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦਾ ਇੱਕ ਨਵਾਂ ਤਰੀਕਾ ਖੋਜਿਆ ਹੈ। ਤਾਜ਼ਾ ਖੋਜ ਅਨੁਸਾਰ, ਜੰਗਲੀ ਬਲਿਊਬੇਰੀ ਤੋਂ ਮਿਲਣ ਵਾਲੇ ਇੱਕ ਤੱਤ ਜ਼ਰੀਏ ਮਸੂੜਿਆਂ ਦੀਆਂ ਬਿਮਾਰੀਆਂ ਨਾਲ ਨਜਿੱਠਿਆ ਜਾ ਸਕੇਗਾ। ਕਿਊਬਿਕ ਸਿਟੀ ਦੀ ਲਾਵਲ ਯੂਨੀਵਰਸਿਟੀ ਦੇ ਖ਼ੋਜਕਾਰ ਇੱਕ ਅਜਿਹਾ ਯੰਤਰ ਬਣਾਉਣ ਦੀ ਕੋਸ਼ਿਸ਼ ਵਿੱਚ ਹਨ ਜੋ ਮਸੂੜਿਆਂ ਦੀ ਡੂੰਘੀ ਸਫ਼ਾਈ ਕਰਨ ਮਗਰੋਂ ਹੌਲੀ-ਹੌਲੀ ਬਲਿਊਬੇਰੀ ਤੋਂ ਪ੍ਰਾਪਤ ਤੱਤ ਦਾ ਰਿਸਾਅ ਕਰ ਸਕੇ। ਖੋਜ਼ਕਾਰਾਂ ਮੁਤਾਬਕ ਆਮ ਤੌਰ 'ਤੇ ਮੂੰਹ 'ਚ ਬਣਨ ਵਾਲਾ ਪਲਾਕ ਕਠੋਰ ਹੋ ਕੇ ਟਾਰਟਰ ਦਾ ਰੂਪ ਲੈ ਲੈਂਦਾ ਹੈ ਜੋ ਮਸੂੜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਟਾਰਟਰ ਨੂੰ ਡਾਕਟਰ ਹਟਾ ਕੇ ਰਵਾਇਤੀ ਐਂਟੀਬਾਇਓਟਿਕ ਦਾ ਇਸਤੇਮਾਲ ਕਰਦੇ ਹਨ। ਖੋਜੀ ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਕੁਦਰਤੀ ਐਂਟੀ ਬੈਕਟੀਰੀਆ ਤੋਂ ਮੁਕਤ ਤੱਤਾਂ ਦੀ ਵਰਤੋਂ ਨੂੰ ਲੈ ਕੇ ਅਧਿਐਨ ਕਰ ਰਹੇ ਹਨ। ਬਲਿਊਬੇਰੀ ਦੇ ਨਤੀਜੇ ਇਸ ਮਾਮਲੇ ਵਿੱਚ ਹਾਂ ਪੱਖੀ ਰਹੇਗਾ।

## ...ਤੇ ਅੰਤ ਵਿੱਚ

ਫ਼੍ਰੇਮਿੰਘਮ ਸਟੇਟ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਆਪਣੀ ਇੱਕ ਖੋਜ ਵਿੱਚ ਪਾਇਆ ਹੈ ਕਿ ਦਿਨ ਵਿੱਚ ਤਿੰਨ ਕੱਪ ਚਾਹ ਦਾ ਸੇਵਨ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ ਅਤੇ ਡਾਇਬਿਟੀਜ਼ ਦਾ ਰਿਸਕ ਘੱਟ ਹੁੰਦਾ ਹੈ। ਖੋਜਕਾਰਾਂ ਦੇ ਅਨੁਸਾਰ ਕਾਲੀ ਚਾਹ ਵਿੱਚ ਮੌਜੂਦ ਐਂਟੀ ਆਕਸੀਡੈਂਟ ਅਤੇ ਕੁਦਰਤੀ ਤੱਤ ਖ਼ੂਨ ਗੁਲੂਕਜ਼ ਨੂੰ ਕੰਟਰੋਲ ਕਰਨ ਦੇ ਲਿਹਾਜ ਨਾਲ ਫ਼ਾਇਦੇਮੰਦ ਹੁੰਦੇ ਹਨ। ਇਨਾ ਹੀ ਨਹੀਂ, ਜੇਕਰ ਕਾਲੀ ਚਾਹ ਵਿੱਚ ਦੁੱਧ ਵੀ ਮਿਲਾਇਆ ਜਾਵੇ ਤਾਂ ਵੀ ਇਸ ਦੇ ਇਹ ਗੁਣ ਬਰਕਰਾਰ ਰਹਿੰਦੇ ਹਨ।



# ਮਾਨਸਿਕ ਰੋਗ ਨੂੰ ਸਮਝਣਾ

ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਜਾਂ ਦੋਸਤ ਨੂੰ ਕੋਈ ਮਾਨਸਿਕ ਰੋਗ ਹੋ ਜਾਵੇ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ? ਇਹ ਚੰਗੀ ਗੱਲ ਹੈ ਕਿ ਮਾਨਸਿਕ ਰੋਗਾਂ ਦਾ ਇਲਾਜ ਹੋ ਸਕਦਾ ਹੈ। ਆਓ ਆਪਾਂ ਕੁੱਝ ਗੱਲਾਂ 'ਤੇ ਗੌਰ ਕਰੀਏ ਜਿਹਨਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਅਤੇ ਇਹਨਾਂ ਦੀ ਮੱਦਦ ਨਾਲ ਤੁਸੀਂ ਮਾਨਸਿਕ ਬੀਮਾਰੀਆਂ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਦੇ ਹੋ।

ਮੋਹਣੀ ਦੱਸਦੀ ਹੈ ਕਿ ਮੈਨੂੰ ਬਾਈਪੋਲਰ ਡਿਸਆਰਡਰ ਅਤੇ ਪੋਸਟ ਟ੍ਰਾਮੈਟਿਕ ਸੈਟ੍ਰਸ ਡਿਸਆਰਡਰ ਸੀ ਅਤੇ ਜਦ ਮੈਨੂੰ ਇਸ ਬੀਮਾਰੀ ਬਾਰੇ ਪਤਾ ਲੱਗਾ ਸੀ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਮੇਰੇ ਲਈ ਮਾਨਸਿਕ ਰੋਗ ਨਾਲ ਜੁੜੀ ਸ਼ਰਮਿੰਦਗੀ ਸਹਿਣੀ ਬਹੁਤ ਔਖੀ ਸੀ।

**ਮੋਹਣੀ ਦਾ ਪਤੀ ਗੁਰਮੇਲ ਕਹਿੰਦਾ ਹੈ:** ਮੈਨੂੰ ਆਪਣੇ ਹਾਲਾਤਾਂ ਨੂੰ ਸਵੀਕਾਰ ਕਰਨ ਵਿੱਚ ਕਾਫੀ ਲੰਬਾ ਸਮਾਂ ਲੱਗਾ, ਪਰ ਮੈਨੂੰ ਅਹਿਸਾਸ ਹੋਇਆ ਕਿ ਮੈਨੂੰ ਆਪਣੀ ਪਤਨੀ ਨੂੰ ਸਹਾਰਾ ਦੇਣ ਦੀ ਲੋੜ ਸੀ।" ਐਹੋ ਜਿਹੀਆਂ ਹੋਰ ਵੀ ਕਈ ਮਿਸਾਲਾਂ ਹਨ, ਪਰ ਮਾਨਸਿਕ ਰੋਗਾਂ ਬਾਰੇ ਖਾਸ ਗੱਲਾਂ ਜੋ ਸਮਝਣ ਵਾਲੀਆਂ ਇਹ ਹਨ ਕਿ ਇਹ ਇੱਕ ਐਸਾ ਰੋਗ ਹੈ, ਜਿਹਦਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਦੁਨੀਆਂ ਵਿੱਚ ਤਰਕੀਬਨ 25 ਪ੍ਰਤੀਸ਼ਤ ਲੋਕ ਆਪਣੀ ਜ਼ਿੰਦਗੀ ਵਿੱਚ ਇਹਨਾਂ ਰੋਗਾਂ ਤੋਂ ਪੀੜ੍ਹਤ ਹੁੰਦੇ ਹਨ। ਇਹਨਾਂ ਕਰੋੜਾਂ ਲੋਕਾਂ ਦੇ ਮਾਨਸਿਕ ਰੋਗਾਂ ਦਾ ਉਹਨਾਂ ਦੇ ਪਰਿਵਾਰਾਂ 'ਤੇ ਵੀ ਅਸਰ ਪੈਂਦਾ ਹੈ। ਡਿਪਰੈਸ਼ਨ ਜਾਂ ਉਦਾਸੀ ਰੋਗ ਦੀ ਮਾਰ ਸਹਿਣ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਸਾਈਜ਼ੋਫਰੀਨੀਆ ਯਾਨਿ ਆਵਾਜ਼ਾਂ ਸੁਣਾਈ ਦੇਣੀਆਂ ਅਤੇ ਬਾਈਪੋਲਰ ਡਿਸਆਰਡਰ ਸਭ ਤੋਂ ਗੰਭੀਰ ਮਾਨਸਿਕ ਰੋਗ ਹਨ, ਜਿਨ੍ਹਾਂ ਦਾ ਰੋਗੀ ਦੀ ਜ਼ਿੰਦਗੀ ਅਤੇ ਕੰਮਾਂ 'ਤੇ ਮਾੜਾ ਅਸਰ ਪੈਂਦਾ ਹੈ।

ਭਾਰਤੀ ਸਮਾਜ ਵਿੱਚ ਤਾਂ ਮਾਨਸਿਕ ਰੋਗੀਆਂ ਨੂੰ ਸਿਰਫ਼ ਇੱਕ ਹੀ ਨਾਮ "ਪਾਗਲ" ਦਾ ਦੇ ਦਿੱਤਾ ਜਾਂਦਾ ਹੈ। ਭਾਵੇਂ ਕਿ ਇਨ੍ਹਾਂ ਰੋਗੀਆਂ ਦੇ ਰੋਗ ਦੀਆਂ ਕਈ ਕਿਸਮਾਂ ਹਨ। ਇਹ ਵੀ ਸੱਚਾਈ ਹੈ ਕਿ ਦੁਨੀਆਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਾਨਸਿਕ ਰੋਗ ਹਨ, ਪਰ ਬਹੁਤ ਸਾਰੇ ਰੋਗੀ ਜਾਂ ਉਹਨਾਂ ਦੇ ਪਰਿਵਾਰ ਇਹ ਗੱਲ ਲੁਕਾਉਂਦੇ ਹਨ ਕਿਉਂਕਿ ਇਸ ਰੋਗ ਦੇ ਰੋਗੀ ਨੂੰ "ਬੁਰਾ" ਗਿਣਿਆ ਜਾਂਦਾ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਸਹਿਣ ਕਰਨ ਤੋਂ ਇਹ ਅਸਮਰਥ ਹੈ ਅਤੇ ਉਸ ਰੋਗੀ ਅਤੇ ਪਰਿਵਾਰ ਤੇ ਲੇਬਲ ਲਾ ਦਿੱਤਾ ਜਾਂਦਾ ਹੈ। ਤਾਹਨੇ-ਮੇਹਣੇ ਵੀ ਦਿੱਤੇ ਜਾਂਦੇ ਹਨ। ਰਿਸ਼ਤੇ ਨਾਤੇ ਜੋੜਨ ਤੋਂ ਵੀ ਗੁਰੇਜ਼ ਕੀਤਾ ਜਾਂਦਾ ਹੈ। ਬਹੁਤ ਸਾਰੇ ਰੋਗੀਆਂ ਦਾ ਇਲਾਜ ਵੀ ਨਹੀਂ ਕਰਵਾਇਆ ਜਾਂਦਾ। ਮਤੇ ਗੱਲ ਬਾਹਰ ਉੱਭਰ ਕੇ ਬਾਹਰ ਆ ਜਾਵੇ ਜਾਂ ਫਿਰ ਅਜਿਹੇ ਰੋਗੀਆਂ ਨਾਲ ਭੇਦਭਾਵ ਕੀਤਾ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ, ਬਹੁਤ ਸਾਰੇ ਰੋਗੀ ਸ਼ਰਮਿੰਦਗੀ ਕਰਕੇ ਆਪਣਾ ਇਲਾਜ ਵੀ ਨਹੀਂ ਕਰਵਾਉਂਦੇ, ਜੋ ਕਿ ਸੱਚਾਈ ਇਹ ਹੈ ਕਿ ਜ਼ਿਆਦਾਤਰ ਮਾਨਸਿਕ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਇਹ ਗੱਲ ਸਿਰਫ਼ ਪੂਰਬੀ ਮੁਲਕਾਂ ਤੇ ਹੀ ਨਹੀਂ ਢੁੱਕਦੀ, ਸਗੋਂ ਪੱਛਮੀ ਅਤੇ ਵਿਕਸਤ ਮੁਲਕਾਂ 'ਤੇ ਵੀ ਲਾਗੂ ਹੁੰਦੀ ਹੈ। ਨੈਸ਼ਨਲ ਅਲਾਇੰਸ ਆਨ ਮੈਂਟਲ ਹੈਲਥ ਮੁਤਾਬਕ, ਸਾਲ 2013 ਵਿੱਚ ਲਗਭਗ 60 ਪ੍ਰਤੀਸ਼ਤ ਬਾਲਗਾਂ ਅਤੇ 8-15 ਸਾਲ ਦੇ ਉਮਰ ਦੇ ਤਰਕਰੀਬਨ 50 ਪ੍ਰਤੀਸ਼ਤ ਬੱਚਿਆਂ ਦਾ ਇਲਾਜ ਨਹੀਂ ਹੋਇਆ।

ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਮਾਨਸਿਕ ਰੋਗ ਕੀ ਹੁੰਦਾ ਹੈ? ਮਾਹਰਾਂ ਅਨੁਸਾਰ, ਮਾਨਸਿਕ ਰੋਗ ਦੇ ਸ਼ਿਕਾਰ ਵਿਅਕਤੀ ਦਾ ਆਪਣੀ ਸੋਚਾਂ ਭਾਵਨਾਵਾਂ ਅਤੇ ਰਵੱਈਏ ਉੱਤੇ ਬਹੁਤ ਘੱਟ ਕਾਬੂ ਹੁੰਦਾ ਹੈ। ਰੋਗੀ ਲਈ ਦੂਸਰਿਆਂ ਨਾਲ ਮਿਲਣਾ-ਗਿਲਣਾ ਅਤੇ ਰੋਜ਼ਮਰ੍ਹਾ ਦੇ ਕੰਮ ਕਰਨੇ ਔਖੇ ਹੋ ਜਾਂਦੇ ਹਨ।

ਕਈ ਮਰੀਜ਼ਾਂ ਵਿੱਚ ਬੀਮਾਰੀ ਦੇ ਲੱਛਣ ਛੇਤੀ ਨਜ਼ਰ ਆਉਣ ਲੱਗਦੇ ਹਨ ਅਤੇ ਕਈਆਂ ਵਿੱਚ ਲੰਬੇ ਸਮੇਂ ਬਾਅਦ। ਕਈਆਂ ਦੀਆਂ ਬੀਮਾਰੀਆਂ ਜ਼ਿਆਦਾ ਗੰਭੀਰ ਅਤੇ ਕਈਆਂ ਦੀਆਂ ਘੱਟ ਗੰਭੀਰ ਹੁੰਦੀਆਂ ਹਨ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਮਰੀਜ਼ ਨੂੰ ਕਿਹੜਾ ਮਾਨਸਿਕ ਰੋਗ ਹੈ ਅਤੇ ਉਸ ਦੇ ਹਾਲਾਤ ਕਿਹੋ ਜਿਹੇ ਹਨ। ਇਹ ਰੋਗ ਕਿਸੇ ਵੀ ਲਿੰਗ, ਉਮਰ, ਸੱਭਿਆਚਾਰ, ਨਸਲ ਜਾਂ ਧਰਮ, ਪੜ੍ਹੇ ਲਿਖੇ, ਅਨਪੜ੍ਹ ਅਤੇ ਅਮੀਰ, ਗਰੀਬ ਲੋਕਾਂ ਨੂੰ ਕਿਸੇ ਵੀ ਮੁਲਕ

ਵਿੱਚ ਹੋ ਸਕਦਾ ਹੈ। ਇਹ ਰੋਗ ਮਰੀਜ਼ ਦੀ ਆਪਣੀ ਕਿਸੇ ਕਮਜ਼ੋਰੀ ਜਾਂ ਸੁਭਾਅ ਕਰਕੇ ਨਹੀਂ ਹੁੰਦਾ। ਕੋਈ ਵੀ ਕਿਸੇ ਸਦਮੇ ਜਾਂ ਸੱਟ ਨੂੰ ਕਿਵੇਂ ਬਰਦਾਸ਼ਤ ਕਰਦਾ ਹੈ। ਉਹਦਾ ਸਾਡੇ 'ਤੇ ਵੱਖਰਾ-ਵੱਖਰਾ ਪ੍ਰਭਾਵ ਪੈਂਦਾ ਹੈ। ਕਈ ਲੋਕ ਛੋਟੀ ਜਿਹੀ ਗੱਲ ਨੂੰ ਦਿਲ ਨੂੰ ਲਾਅ ਕੇ ਬੈਠ ਜਾਂਦੇ ਹਨ। ਕੰਮਾਂ ਕਾਰਾਂ, ਬੱਚਿਆਂ ਅਤੇ ਆਦਮੀ-ਤੀਵੀਂ ਦੇ ਰਿਸ਼ਤੇ ਕਾਰਨ ਵੀ ਹੋ ਸਕਦੇ ਹਨ। ਅਚਾਨਕ ਆ ਪਈ ਬਿਪਤਾ, ਕਰਜ਼ਾ ਜਾਂ ਅਨਹੋਣੀ ਘਟਨਾ ਵੀ ਇਸ ਦਾ ਕਾਰਨ ਬਣ ਸਕਦੀ ਹੈ। ਸਾਡੇ ਸਰੀਰ ਦੇ ਤੱਤਾਂ ਦਾ ਹੇਰ ਫੇਰ ਵੀ ਇਹਦਾ ਕਾਰਨ ਹੋ ਸਕਦਾ ਹੈ। ਪਰ ਸਹੀ ਇਲਾਜ਼ ਕਰਾਉਣ ਨਾਲ ਮਾਨਸਿਕ, ਆਰਥਿਕ, ਸਮਾਜਿਕ ਅਤੇ ਸਰੀਰਕ ਸੋਸ਼ਣ ਰੋਕਿਆ ਜਾ ਸਕਦਾ ਹੈ। ਠੀਕ ਢੰਗ ਨਾਲ ਇਲਾਜ ਕਰਾਉਣ ਨਾਲ ਮਰੀਜ਼ ਆਪਣੀ ਜ਼ਿੰਦਗੀ ਵਧੀਆ ਢੰਗ ਨਾਲ ਜੀਅ ਸਕਦਾ ਹੈ ਅਤੇ ਆਪਣੇ ਕੰਮਕਾਰ ਕਰ ਸਕਦਾ ਹੈ।

ਮਾਨਸਿਕ ਰੋਗੀਆਂ ਦਾ ਇਲਾਜ ਸਿਰਫ ਤੇ ਸਿਰਫ਼ ਮਾਨਸਿਕ ਰੋਗੀਆਂ ਦੇ ਡਾਕਟਰ ਹੀ ਕਰ ਸਕਦੇ ਹਨ ਜਿਹਨਾਂ ਦੇ ਜ਼ਿੰਦਗੀ ਦੇ ਤਜ਼ੁਰਬੇ ਅਤੇ ਕਈਆਂ ਸਾਲਾਂ ਦੀ ਪੜ੍ਹਾਈ ਇਸ ਕੰਮ 'ਚ ਕਾਰਗਰ ਸਾਬਤ ਹੁੰਦੀ ਹੈ। ਥੋਥੇ ਅਨਪੜ੍ਹ ਤਾਂਤਰਿਕਾਂ, ਬਾਬਿਆਂ, ਸਾਧਾਂ ਕੋਲ ਰੋਗੀਆਂ ਨੂੰ ਲਿਜਾਣਾ ਕਸਾਈਆਂ ਕੋਲ ਬੱਕਰੇ ਨੂੰ ਲਿਜਾਣ ਵਾਲੀ ਗੱਲ ਹੁੰਦੀ ਹੈ। ਮਾਨਸਿਕ ਰੋਗ ਦਾ ਅਗਲੇ ਪਿਛਲੇ ਜਨਮਾਂ ਦੇ ਗਧੀਗੇੜ ਨਾਲ ਵੀ ਨੇੜੇ ਦਾ ਵਾਸਤਾ ਨਹੀਂ ਹੁੰਦਾ। ਕਿਸੇ ਜੋਤਸ਼ੀ, ਬਾਬੇ, ਸਾਧ ਦੇ ਟੂਣੇ ਟਾਮਣੇ, ਪੂਜਾ, ਪਾਠ ਵੀ, ਇਸ ਰੋਗ ਦਾ ਇਲਾਜ ਨਹੀਂ ਕਰ ਸਕਦਾ, ਸਿਰਫ ਉਜੱਡ ਬਿਰਤੀ ਵਾਲੇ ਲੋਕ ਹੀ ਇਹਨਾਂ ਦੇ ਚੁੰਗਲ 'ਚ ਫਸ ਕੇ ਘਰਾਂ ਦੀਆਂ ਬਰਬਾਦੀਆਂ ਕਰਾਉਂਦੇ ਹਨ। ਐਹੋ ਜਿਹਾ ਸੋਸ਼ਣ ਪੱਛਮੀ ਮੁਲਕਾਂ ਵਿੱਚ ਗੈਰ ਕਾਨੂੰਨੀ ਹੈ ਅਤੇ ਇਹਨਾਂ "ਝੋਲਾ-ਛਾਪ ਸਿਆਣਿਆ, ਬਾਬਿਆਂ" ਨੂੰ ਸੀਖਾਂ ਪਿੱਛੇ ਬੰਦ ਵੀ ਕੀਤਾ ਜਾਂਦਾ ਹੈ।

ਭਾਰਤੀ ਸਮਾਜ ਵਿਚਲੇ ਊਚ-ਨੀਚ, ਲਿੰਗ ਭੇਦ ਭਾਵ, ਤਾਨਾਸ਼ਾਹੀ ਰਵੱਈਆ, ਨਾਬਰਾਬਰਤਾ, ਜ਼ਾਤੀ ਆਜ਼ਾਦੀ ਦੀਆਂ ਰੋਕਾਂ ਅਤੇ ਧਾਰਮਿਕ ਕੱਟੜਤਾ ਮਾਨਸਿਕ ਰੋਗੀਆਂ ਦੇ ਵਾਧੇ ਵਿੱਚ ਸਹਾਈ ਹੁੰਦੀਆਂ ਹਨ ਅਤੇ ਸਭ ਤੋਂ ਵੱਡਾ ਜ਼ੁਲਮ ਇਹ ਹੈ ਕਿ ਮਾਨਸਿਕ ਰੋਗੀਆਂ ਦੇ ਮਾਹਿਰ ਡਾਕਟਰ ਕੋਲ ਲਿਜਾਣ ਦੀ ਬਜਾਏ, ਉਜੱਡ ਅਤੇ ਜਾਹਲ ਕਿਸਮ ਦੇ ਢੰਗ ਤਰੀਕੇ ਅਪਣਾਕੇ ਮਰੀਜ਼ ਦੀ ਹਾਲਤ ਬਦ ਤੋਂ ਬਦਤਰ ਬਣਾ ਦਿੱਤੀ ਜਾਂਦੀ ਹੈ। ਇਸ ਤੋਂ ਵੱਡਾ ਜ਼ੁਲਮ ਹੋਰ ਕੀ ਹੋ ਸਕਦਾ ਹੈ ਕਿ ਮਰੀਜ਼ ਨੂੰ ਸਹੀ ਇਲਾਜ ਦੇਣ ਦੀ ਬਜਾਏ ਉਹਦੀ ਕੁੱਟ ਮਾਰ ਕੀਤੀ ਜਾਵੇ, ਮਰੀਜ਼ ਤਾਂ ਪਹਿਲਾਂ ਹੀ ਅਧਮੋਇਆ ਹੁੰਦਾ ਹੈ, ਫਿਰ ਉਹਦੇ ਵਿੱਚੋਂ ਅਖੌਤੀ ਭੂਤ, ਪ੍ਰੇਤ, ਚੜੇਲ ਕੱਢਣੀ, ਟਾਵੀਂ ਸਦੀ ਦੇ ਗਿਆਨ ਦੀ ਬੇਇਜ਼ਤੀ ਵਾਲੀ ਗੱਲ ਹੈ। ਮਾਨਸਿਕ ਰੋਗਾਂ ਦੇ ਡਾਕਟਰ ਬਹੁਤ ਸਾਰੇ ਰੋਗਾਂ ਦਾ ਚੰਗੀ ਤਰ੍ਹਾਂ ਇਲਾਜ ਕਰ ਸਕਦੇ ਹਨ ਪਰ ਪਹਿਲਾਂ ਜ਼ਰੂਰੀ ਹੈ ਕਿ ਮਾਨਸਿਕ ਰੋਗਾਂ ਦੇ ਕਿਸੇ ਮਾਹਰ ਡਾਕਟਰ ਕੋਲ ਜਾ ਕੇ ਪੂਰੀ ਜਾਂਚ ਕਰਵਾਈ ਜਾਵੇ। ਰੋਗੀ ਨੂੰ ਤਾਂ ਹੀ ਫਾਇਦਾ ਹੋ ਸਕਦਾ ਹੈ, ਜੇ ਉਹ ਡਾਕਟਰ ਕੋਲੋਂ ਇਲਾਜ ਕਰਾਉਣ ਲਈ ਰਾਜੀ ਹੋ ਜਾਂਦਾ ਹੈ। ਧਾਰਮਿਕ ਅਕੀਦੇ ਅਤੇ ਧਾਰਮਿਕ ਅਸਥਾਨ ਤੁਹਾਨੂੰ ਧਰਵਾਸਾ ਅਤੇ ਭਾਣਾ ਮੰਨਣ ਦਾ ਬਲ ਤਾਂ ਭਾਵੇਂ ਬਖਸ਼ ਦੇਣ, ਪਰ ਕਿਸੇ ਵੀ ਸਰੀਰਕ ਤੇ ਮਾਨਸਿਕ ਬਿਮਾਰੀ ਦਾ ਇਲਾਜ ਕਰਨ ਤੋਂ ਉਹ ਅਸਮਰਥ ਹੋਣਗੇ। ਮਾਨਸਿਕ ਰੋਗੀਆਂ ਦੇ ਮਾਹਿਰ ਡਾਕਟਰ ਕੋਲ ਮਰੀਜ ਨੂੰ ਲਿਜਾਣਾਂ ਇਸ ਕਰਕੇ ਵੀ ਜ਼ਰੂਰੀ ਹੈ ਕਿ ਮਰੀਜ਼ ਸ਼ਾਇਦ ਆਪਣੇ ਰੋਗ ਬਾਰੇ ਹੋਰ ਕਿਸੇ ਨਾਲ ਬੇਝਿਜਕ ਗੱਲ ਵੀ ਨਾ ਕਰੇ। ਮਾਹਿਰ ਡਾਕਟਰ, ਰੋਗੀ ਨੂੰ ਉਸ ਦੇ ਰੋਗ ਬਾਰੇ ਸਮਝਾ ਸਕਦਾ ਹੈ ਅਤੇ ਉਸ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਵਿੱਚ ਮੱਦਦ ਦੇ ਸਕਦਾ ਹੈ। ਨਾਲੇ ਉਹ ਰੋਗੀ ਨੂੰ ਅੱਧ ਵਿਚਾਲੇ ਇਲਾਜ ਨਾ ਛੱਡਣ ਦੀ ਅਹਿਮੀਅਤ ਬਾਰੇ ਵੀ ਸਮਝਾ ਸਕਦਾ ਹੈ। ਡਾਕਟਰ ਨਾਲ ਗੱਲਬਾਤ ਕਰਨ ਵੇਲੇ ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ ਰੋਗੀ ਨੂੰ ਠੀਕ ਹੋ ਜਾਣ ਦਾ ਭਰੋਸਾ ਦਿਵਾ ਸਕਦਾ ਹੈ ਅਤੇ ਉਸ ਦੀ ਮੱਦਦ ਹੌਸਲਾ ਦੇ ਕੇ ਕਰ ਸਕਦਾ ਹੈ।

ਬਹੁਤ ਸਾਰੇ ਲੋਕਾਂ ਨੇ ਆਪਣੇ ਰੋਗਾਂ ਬਾਰੇ ਜਾਣਕਾਰੀ ਲੈ ਕੇ ਡਾਕਟਰਾਂ ਤੋਂ ਇਲਾਜ ਕਰਾਇਆ, ਜਿਸ ਕਾਰਨ ਉਹ ਆਪਣੀ ਬਿਮਾਰੀ ਨੂੰ ਹੋਰ ਚੰਗੀ ਤਰ੍ਹਾਂ ਸਮਝ ਕੇ ਉਹਦਾ ਸਾਹਮਣਾ ਕਰ ਸਕੇ। ਗੁਰਮੇਲ, ਜਿਸ ਦਾ ਪਹਿਲਾ ਜ਼ਿਕਰ ਕਰ ਚੁੱਕੇ ਹਾਂ, ਕਹਿੰਦਾ ਹੈ; "ਮੇਰੀ ਪਤਨੀ ਮੋਹਣੀ ਦੀ ਬਿਮਾਰੀ ਦਾ ਪਤਾ ਲੱਗਣ ਤੋਂ ਪਹਿਲਾਂ ਸਾਨੂੰ ਮਾਨਸਿਕ ਰੋਗਾਂ ਬਾਰੇ ਐਨਾ ਪਤਾ ਨਹੀਂ ਸੀ। ਪਰ ਹੁਣ ਅਸੀਂ ਉਸ ਦੀ ਹਾਲਤ ਨੂੰ ਧਿਆਨ ਵਿੱਚ ਰੱਖ ਕੇ ਚੱਲਦੇ ਹਾਂ ਅਤੇ ਜ਼ਿਆਦਾ ਫਿਕਰ ਨਹੀਂ ਕਰਦੇ। ਸਮੇਂ ਦੇ ਬੀਤਣ ਨਾਲ ਸਾਨੂੰ ਭਰੋਸੇਮੰਦ ਡਾਕਟਰਾਂ ਦੀ ਮੱਦਦ ਅਤੇ ਪਰਿਵਾਰ, ਦੋਸਤਾਂ ਦੇ ਸਹਾਰੇ ਤੋਂ ਬਹੁਤ ਫਾਇਦਾ ਹੋਇਆ ਹੈ।"

**ਮੋਹਣੀ ਉਸ ਦੀ ਗੱਲ ਨਾਲ ਸਹਿਮਤ ਹੈ। ਉਹ ਮੰਨਦੀ ਹੈ:** ਪਹਿਲੀ ਵਾਰ ਆਪਣੀ ਬੀਮਾਰੀ ਬਾਰੇ ਸੁਣ ਕੇ ਮੈਨੂੰ ਇੰਦਾਂ ਲੱਗਾ ਜਿੰਦਾਂ ਮੈਨੂੰ ਕੈਦ ਦੀ ਸਜ਼ਾ ਦੇ ਦਿੱਤੀ ਗਈ ਹੈ। ਭਾਵੇਂ ਮੇਰੀ ਬੀਮਾਰੀ ਕਰਕੇ ਅਸੀਂ ਦੋਵੇਂ ਜਣੇ ਪਹਿਲਾਂ ਕਮਜ਼ੋਰ ਮਹਿਸੂਸ ਕਰਦੇ ਸੀ, ਪਰ ਮੈਂ ਸਿੱਖਿਆ ਹੈ ਕਿ ਪਹਾੜ ਵਰਗੀਆਂ ਰੁਕਾਵਟਾਂ ਵੀ ਪਾਰ ਕੀਤੀਆਂ ਜਾ ਸਕਦੀਆਂ ਹਨ। ਸੋ ਮੈਂ ਇਲਾਜ ਕਰ ਰਹੀ ਟੀਮ ਨੂੰ ਸਹਿਯੋਗ ਦਿੰਦੀ ਹਾਂ। ਦੂਸਰਿਆਂ ਨਾਲ ਰਿਸ਼ਤੇ ਕਾਇਮ ਕਰਦੀ ਹਾਂ। ਇਸ ਤਰ੍ਹਾਂ ਮੈਂ ਆਪਣੀ ਬਿਮਾਰੀ ਨਾਲ ਜਿਉਣਾ ਸਿੱਖਿਆ ਹੈ।

ਫਿਰ ਵੀ ਕਈ ਵਾਰ ਮੈਂ ਜ਼ਿੰਦਗੀ ਤੋਂ ਇੰਨੀ ਜ਼ਿਆਦਾ ਘਬਰਾ ਜਾਂਦੀ ਹਾਂ ਕਿ ਕੁਝ ਕੰਮ ਕਰਨੇ ਨਾ ਮੁਮਕਿਨ ਲੱਗਦੇ ਹਨ। ਕਈ-ਕਈ ਦਿਨ ਮੇਰਾ ਪੜ੍ਹਨ ਵਿੱਚ ਧਿਆਨ ਨਹੀਂ ਲੱਗਦਾ। ਜਦੋਂ ਮੈਂ ਉਦਾਸੀ ਦੀ ਚਾਰਦਿਵਾਰੀ ਵਿੱਚ ਬੰਦ ਹੋ ਜਾਂਦੀ ਹਾਂ ਤਾਂ ਮੈਂ ਕਿਸੇ ਨਾਲ ਮਿਲਦੀ-ਗਿਲਦੀ ਨਹੀਂ, ਆਪਣੇ ਚੰਗੇ ਦੋਸਤਾਂ ਨੂੰ ਵੀ। ਕਈ ਇਹ ਕਹਿ ਕੇ ਮੈਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ ਸੱਭ ਕੁੱਝ ਜਲਦੀ ਹੀ ਠੀਕ ਹੋ ਜਾਵੇਗਾ ਜਾਂ ਮੇਰੀ ਹਾਲਤ ਇੰਨੀ ਬੁਰੀ ਵੀ ਨਹੀਂ ਹੈ। ਕਈ ਕਹਿੰਦੇ ਹਨ ਕਿ ਮੈਂ ਚੰਗੀਆਂ ਗੱਲਾਂ 'ਤੇ ਧਿਆਨ ਲਾਵਾਂ, ਪਰ ਮੈਂ ਹਜ਼ਾਰ ਵਾਰ ਇੰਦਾਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਉਹ ਆਪਣੀਆਂ ਗੱਲਾਂ ਨਾਲ ਮੈਨੂੰ ਹੌਸਲਾ ਦਿੰਦੇ ਹਨ। ਪਰ ਇਸ ਕਰਕੇ ਮੈਂ ਖੁਦ ਨੂੰ ਹੋਰ ਵੀ ਨਿਕੰਮੀ ਅਤੇ ਕਸੂਰਵਾਰ ਮਹਿਸੂਸ ਕਰਨ ਲੱਗ ਪੈਂਦੀ ਹਾਂ।

ਇਸੇ ਕਰਕੇ ਜ਼ਰੂਰੀ ਹੈ ਕਿ ਉਹਨਾਂ ਲੋਕਾਂ ਨਾਲ ਹੀ ਮੇਲ-ਜੋਲ ਕਰੋ ਜੋ ਹਾਂ-ਪੱਖੀ ਸੋਚ ਵਾਲੇ ਹਨ। ਅਗਰ ਮਾਨਸਿਕ ਰੋਗ ਹੋ ਜਾਵੇ ਤਾਂ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਹੀ ਜਾਇਆ ਜਾਵੇ। ਰੋਜ਼ ਦੀ ਪੱਕੀ ਰੁਟੀਨ ਬਣਾ ਕੇ ਉਸ ਮੁਤਾਬਕ ਚੱਲਿਆ ਜਾਵੇ। ਲੰਬੇ-ਲੰਬੇ ਸਾਹ ਲੈ ਕੇ ਸਵੇਰੇ-ਸਵੇਰੇ ਸੈਰ, ਯੋਗਾ ਜਾਂ ਕਸਰਤ ਕਰਨੀ ਲਾਹੇਵੰਦ ਹੈ। ਚੰਗੀ ਨੀਂਦ ਲੈਣੀ ਬਹੁਤ ਜ਼ਰੂਰੀ ਹੈ। ਇਹਦੇ ਨਾਲ ਦਿਮਾਗ ਅਤੇ ਸਰੀਰ ਦੇ ਬਾਕੀ ਅੰਗਾਂ ਨੂੰ ਆਰਾਮ ਮਿਲਦਾ ਹੈ। ਦਿਲ ਦੀਆਂ ਕਈ ਬੀਮਾਰੀਆਂ ਹੱਟਦੀਆਂ ਹਨ ਅਤੇ ਸਰੀਰ ਵਿੱਚੋਂ ਕਈ ਤਰ੍ਹਾਂ ਦੇ ਜ਼ਹਿਰ ਬਾਹਰ ਨਿਕਲਦੇ ਹਨ। 7 ਤੋਂ 9 ਘੰਟੇ ਨੀਂਦ ਤਾਂ ਬਹੁਤ ਜ਼ਰੂਰੀ ਹੈ। ਡਾਕਟਰ ਤਾਂ ਇਹ ਵੀ ਕਹਿੰਦੇ ਹਨ ਕਿ ਘੱਟ ਨੀਂਦ ਨਾਲ ਮਾਨਸਿਕ ਰੋਗ ਹੋ ਸਕਦੇ ਹਨ ਅਤੇ ਸ਼ੂਗਰ, ਮੋਟਾਪਾ ਵੀ। ਹਰ ਰੋਜ਼ ਆਰਾਮ ਕਰਨਾ ਮਾਨਸਿਕ ਅਤੇ ਸਰੀਰਕ ਸੇਹਤ ਲਈ ਬੜਾ ਜ਼ਰੂਰੀ ਹੈ। ਪੋਸ਼ਟਿਕ ਭੋਜਨ ਖਾਣਾ ਜਿੱਥੇ ਜ਼ਰੂਰੀ ਹੈ। ਉਥੇ ਸ਼ਰਾਬ ਦੀ ਵਰਤੋਂ ਵੀ ਘੱਟ ਕਰਨੀ ਚਾਹੀਦੀ ਹੈ। ਸਾਨੂੰ ਉਹਨਾਂ ਨੁਸਖਿਆਂ ਅਤੇ ਦਵਾਈਆਂ ਤੋਂ ਪ੍ਰਹੇਜ਼ ਕੀਤਾ ਜਾਵੇ ਜੋ ਡਾਕਟਰ ਨੇ ਖਾਣ ਲਈ ਨਹੀਂ ਦਿੱਤੀਆਂ। ਦੂਸਰਿਆਂ ਤੋਂ ਦੂਰ ਨਾ ਰਹੋ, ਸਗੋਂ ਉਹਨਾਂ ਲੋਕਾਂ ਨਾਲ ਸਮਾਂ ਗੁਜ਼ਾਰੋ ਜਿਹਨਾਂ 'ਤੇ ਤੁਹਾਨੂੰ ਭਰੋਸਾ ਹੈ ਅਤੇ ਜੋ ਤੁਹਾਡੀ ਪਰਵਾਹ ਕਰਦੇ ਹਨ।